Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 913, 02 to 08 July, 2026, Ph: 916-320-9444, E-mail: punjabmailusa@yahoo.com, Web: punjabmailusa.com

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਇੱਕ ਮਹੀਨੇ ਦਾ ਅਲਟੀਮੇਟਮ

■ ਧਾਰਮਿਕ ਅਤੇ ਕਾਨੂੰਨੀ ਇਤਰਾਜ਼ਾਂ ਦਾ ਨਿਪਟਾਰਾ ਹੋਣ ਤੱਕ ਐਕਟ ਦੇ ਲਾਗੂ ਹੋਣ 'ਤੇ ਤੁਰੰਤ ਪ੍ਰਭਾਵ ਨਾਲ ਲੱਗੇ ਰੋਕ



ਅੰਮ੍ਰਿਤਸਰ, (ਪੰਜਾਬ ਮੇਲ)- 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਐਤਵਾਰ ਨੂੰ ਮੰਤਰੀਆਂ ਦੀ ਪੇਸ਼ੀ ਦੌਰਾਨ ਅਹਿਮ ਫ਼ੈਸਲੇ ਲਏ ਗਏ। ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਨੇ ਪੰਜਾਬ ਸਰਕਾਰ ਨੂੰ ਇੱਕ ਮਹੀਨੇ ਦੇ ਅੰਦਰ ਕਾਨੂੰਨ ਵਿਚ ਲੋੜੀਂਦੀਆਂ ਸੋਧਾਂ ਕਰਨ ਦਾ ਅਲਟੀਮੇਟਮ ਦਿੱਤਾ। ਇਸ ਦੇ ਨਾਲ ਹੀ ਨਿਰਦੇਸ਼ ਦਿੱਤਾ ਗਿਆ ਕਿ ਜਦੋਂ ਤੱਕ ਧਾਰਮਿਕ ਅਤੇ ਕਾਨੂੰਨੀ ਇਤਰਾਜ਼ਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਦੋਂ ਤੱਕ ਐਕਟ ਦੇ ਲਾਗੂ ਹੋਣ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਈ ਜਾਵੇ।

ਸੁਣਵਾਈ ਦੌਰਾਨ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੇ ਆਪਣਾ ਪੱਖ ਰੱਖਿਆ। ਪੰਜ ਸਿੰਘ ਸਾਹਿਬਾਨ ਵੱਲੋਂ ਇੱਕ ਮਹੀਨੇ ਦੇ ਅੰਦਰ ਵਿਧਾਨ ਸਭਾ ਰਾਹੀਂ ਕਾਨੂੰਨ ਵਿਚ ਸੋਧ ਕਰਨ ਦੀ ਹਦਾਇਤ ਦਿੱਤੇ ਜਾਣ ਤੋਂ ਬਾਅਦ ਹਾਲ ਵਿਚ ਮੌਜੂਦ ਸਮੂਹ ਵਿਧਾਇਕਾਂ ਨੇ ਇਸ ਫ਼ੈਸਲੇ ਨੂੰ ਸਵੀਕਾਰ ਕਰਦਿਆਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਗਾਏ ਅਤੇ ਭਰੋਸਾ ਦਿੱਤਾ ਕਿ ਨਿਰਧਾਰਿਤ ਸਮੇਂ ਅੰਦਰ ਲੋੜੀਂਦੀਆਂ ਸੋਧਾਂ ਕਰਵਾਉਣ ਲਈ ਉਹ ਯਤਨ ਕਰਨਗੇ।

ਸੁਣਵਾਈ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਨੂੰਨ ਤਿਆਰ ਕਰਦੇ ਸਮੇਂ ਪੰਥਕ ਰਵਾਇਤਾਂ ਅਤੇ ਧਾਰਮਿਕ ਮਰਿਆਦਾ ਦਾ ਪੂਰਾ ਧਿਆਨ ਨਹੀਂ ਰੱਖਿਆ ਗਿਆ, ਜਿਸ ਕਾਰਨ ਸੰਗਤ ਵਿਚ ਭੁਲੇਖਾ ਅਤੇ ਚਿੰਤਾ ਦਾ ਮਾਹੌਲ ਬਣਿਆ। ■ ਬਾਕੀ ਖ਼ਬਰ ਸਫਾ 20 'ਤੇ

## ਵਿਵਾਦਤ ਵੀਡੀਓ ਮਾਮਲਾ: ਸ਼੍ਰੋਮਣੀ ਕਮੇਟੀ ਵੱਲੋਂ 5 ਜੁਲਾਈ ਨੂੰ ਵੱਡੇ ਪੰਥਕ ਇਕੱਠ ਦੀ ਤਿਆਰੀ



ਸਿੱਖ ਆਗੂਆਂ ਨਾਲ ਮੁਲਾਕਾਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ।

ਅੰਮ੍ਰਿਤਸਰ, (ਪੰਜਾਬ ਮੇਲ)- ਸਤਿਕਾਰ ਸੋਧ ਐਕਟ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਵਿਖੇ ਸਿੱਖ ਵਿਧਾਇਕਾਂ ਤੇ ਮੰਤਰੀਆਂ ਦੀ ਪੇਸ਼ੀ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਦੀ ਵਿਵਾਦਤ ਵੀਡੀਓ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਵੱਲੋਂ ਜਾਰੀ ਆਦੇਸ਼ ਦੇ ਮਾਮਲੇ ਵਿਚ ਸਿੱਖ ਸੰਗਤ ਨੂੰ ਲਾਮਬੰਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿਚ ਪੰਜ ਜੁਲਾਈ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵੱਡਾ ਪੰਥਕ ਇਕੱਠ ਸੱਦਿਆ ਗਿਆ ਹੈ।

ਦੱਸਣਯੋਗ ਹੈ ਕਿ ਵਿਵਾਦਤ ਵੀਡੀਓ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦਿੱਤਾ ਗਿਆ ਹੈ। ਇਸ ਸਬੰਧ ਵਿਚ ਸੰਗਤ ਨੂੰ ਉਸ ਦਾ ਵਿਰੋਧ ਕਰਨ ਦਾ ਵੀ ਆਦੇਸ਼ ਕੀਤਾ ਗਿਆ। ਇਸੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਮੁੱਖ ਮੰਤਰੀ ਦੇ ਬਾਈਕਾਟ ਦੇ ਵੱਡੇ ਫਲੈਕਸ ਬੋਰਡ ਵੀ ਲਾਏ ਗਏ ਹਨ।

ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਇਨ੍ਹਾਂ ਦਿਨਾਂ ਵਿਚ ਵੱਖ-ਵੱਖ ਥਾਵਾਂ 'ਤੇ ਵੱਡੇ ਇਕੱਠ ਕੀਤੇ ਜਾ ਰਹੇ ਹਨ, ਜਿਸ ਤੋਂ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਕੀਤੇ ਗਏ ਫੈਸਲੇ ਨੂੰ ਸੰਗਤ ਨੇ ਪ੍ਰਵਾਨ ਨਹੀਂ ਕੀਤਾ ਹੈ।

ਇਸੇ ਸੰਦਰਭ ਵਿਚ ਸ਼੍ਰੋਮਣੀ ਕਮੇਟੀ ਨੇ 5 ਜੁਲਾਈ ਨੂੰ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇੱਕ ਵੱਡਾ ਪੰਥਕ ਇਕੱਠ ਸੱਦਿਆ ਹੈ। ਇਸ ਇਕੱਠ 'ਚ ਵੱਡੀ ਸ਼ਮੂਲੀਅਤ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਵੱਲੋਂ ਸਿੱਖ ਜਥੇਬੰਦੀਆਂ ਤੇ ਵੱਖ-ਵੱਖ ਸੰਪਰਦਾਵਾਂ ਦੇ ਮੁੱਖੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਕੱਤਰਤਾ ਸਬੰਧੀ ਸੱਦਾ ਪੱਤਰ ਸੌਂਪ ਗਏ। ■ ਬਾਕੀ ਖ਼ਬਰ ਸਫਾ 20 'ਤੇ

## ਬੇਅਦਬੀ ਮਾਮਲਿਆਂ ਦੀ ਜਾਂਚ ਲਈ ਨਵੀਆਂ ਗਾਈਡਲਾਈਨਜ਼ ਜਾਰੀ

■ ਪੁਲਿਸ ਨੂੰ ਆਪਣੀ ਅਧਿਕਾਰਤ ਭਾਸ਼ਾ 'ਚ 52 ਵਿਸ਼ੇਸ਼ ਧਾਰਮਿਕ ਸ਼ਬਦਾਂ ਦੀ ਵਰਤੋਂ ਕਰਨੀ ਹੋਵੇਗੀ ਲਾਜ਼ਮੀ

ਜਲੰਧਰ, (ਪੰਜਾਬ ਮੇਲ)- ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਨਵੀਆਂ ਗਾਈਡਲਾਈਨਜ਼ ਜਾਰੀ ਕੀਤੀਆਂ ਹਨ, ਜਿਸ ਤਹਿਤ ਹੁਣ ਪੁਲਿਸ ਨੂੰ ਆਪਣੀ ਅਧਿਕਾਰਤ ਭਾਸ਼ਾ ਵਿਚ 52 ਵਿਸ਼ੇਸ਼ ਧਾਰਮਿਕ ਸ਼ਬਦਾਂ ਦੀ ਵਰਤੋਂ ਕਰਨੀ ਲਾਜ਼ਮੀ ਹੋਵੇਗੀ। ਇਸ ਕਦਮ ਦਾ ਮੁੱਖ ਉਦੇਸ਼ ਜਾਂਚ ਦੌਰਾਨ ਧਾਰਮਿਕ ਮਰਿਆਦਾ ਨੂੰ ਬਣਾਈ ਰੱਖਣਾ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਯਕੀਨੀ ਬਣਾਉਣਾ ਹੈ।

ਨਵੇਂ ਹੁਕਮਾਂ ਮੁਤਾਬਕ, ਹੁਣ ਤੋਂ ਬੇਅਦਬੀ ਨਾਲ ਸਬੰਧਤ ਹਰ ਦਸਤਾਵੇਜ਼, ਜਿਵੇਂ ਕਿ ਕੇਸ ਡਾਇਰੀ, ਜ਼ਬਤੀ ਮੈਮੋ, ਜਾਂਚ ਰਿਪੋਰਟ ਅਤੇ ਅਦਾਲਤੀ ਬਿਆਨਾਂ ਵਿਚ ਆਮ ਕਾਨੂੰਨੀ ਭਾਸ਼ਾ ਦੀ ਬਜਾਏ ਸਤਿਕਾਰਤ ਧਾਰਮਿਕ ਸ਼ਬਦਾਂ ਦੀ ਵਰਤੋਂ ਕੀਤੀ ਜਾਵੇਗੀ। ਸੂਚੀ ਵਿਚ ਸ਼ਾਮਲ ਕੀਤੇ ਗਏ 52 ਸ਼ਬਦਾਂ ਵਿਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', 'ਅੰਗ', 'ਪਵਿੱਤਰ ਸਰੂਪ', 'ਪਾਲਕੀ ਸਾਹਿਬ', 'ਚੌਰ ਸਾਹਿਬ' ਅਤੇ 'ਸੇਵਾ' ਵਰਗੇ ਸ਼ਬਦ ਸ਼ਾਮਲ ਹਨ।

ਇਸ ਸਬੰਧੀ ਪੰਜਾਬ ਦੇ ਸਾਰੇ ਪੁਲਿਸ ਕਮਿਸ਼ਨਰਾਂ ਅਤੇ ਐੱਸ.ਐੱਸ.ਪੀਜ਼ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਜਾਂਚ ਅਧਿਕਾਰੀਆਂ ਨੂੰ ਇਨ੍ਹਾਂ ਸ਼ਬਦਾਂ ਦੀ ਸਹੀ ਵਰਤੋਂ ਲਈ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾਵੇਗੀ। ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਐੱਲ.ਕੇ. ਯਾਦਵ ਮੁਤਾਬਕ ਇਹ ਫੈਸਲਾ ਇਸ ਲਈ ਲਿਆ ਗਿਆ ਹੈ, ਤਾਂ ਜੋ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦਿਆਂ ਦੀ ਜਾਂਚ ਦੌਰਾਨ ਕਿਸੇ ਵੀ ਪੱਧਰ 'ਤੇ ਮਰਿਆਦਾ ਦੀ ਉਲੰਘਣਾ ਨਾ ਹੋਵੇ।

## ਗੌਰਵ ਯਾਦਵ ਦਾ ਪੰਜਾਬ ਦਾ ਰੈਗੂਲਰ ਡੀ.ਜੀ.ਪੀ. ਬਣਨਾ ਤੈਅ

■ ਯੂ.ਪੀ.ਐੱਸ.ਸੀ. ਵੱਲੋਂ 3 ਅਧਿਕਾਰੀਆਂ ਦੇ ਪੈਨਲ ਨੂੰ ਹਰੀ ਝੰਡੀ



ਚੰਡੀਗੜ੍ਹ, (ਪੰਜਾਬ ਮੇਲ)- 1992 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਗੌਰਵ ਯਾਦਵ ਦਾ ਹੁਣ ਪੰਜਾਬ ਦਾ ਰੈਗੂਲਰ ਡੀ.ਜੀ.ਪੀ. ਬਣਨਾ ਤੈਅ ਹੈ। ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਇਮਪੈਨਲਮੈਂਟ ਕਮੇਟੀ ਵੱਲੋਂ ਪੰਜਾਬ ਦਾ ਰੈਗੂਲਰ ਡੀ.ਜੀ.ਪੀ. ਲਗਾਏ ਜਾਣ ਲਈ ਤਿੰਨ ਸੀਨੀਅਰ ਅਧਿਕਾਰੀਆਂ ਦੇ ਪੈਨਲ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਸੂਤਰਾਂ ਅਨੁਸਾਰ ਇਮਪੈਨਲਮੈਂਟ ਕਮੇਟੀ ਨੇ ਜਿਸ ਪੈਨਲ ਨੂੰ ਪ੍ਰਵਾਨਗੀ ਦਿੱਤੀ ਹੈ, ਉਸ 'ਚ 1992 ਬੈਚ ਦੇ ਸਭ ਤੋਂ ਸੀਨੀਅਰ ਅਧਿਕਾਰੀ ਸ਼ਰਦ ਸੱਤਿਆ ਚੌਹਾਨ ਜੋ ਕਿ ਇਸ ਵੇਲੇ ਵਿਜੀਲੈਂਸ ਬਿਊਰੋ ਪੰਜਾਬ ਦੇ ਮੁੱਖ ਡਾਇਰੈਕਟਰ ਹਨ, ਤੋਂ ਇਲਾਵਾ ਹਰਪ੍ਰੀਤ ਸਿੰਘ ਸਿੱਧੂ ਅਤੇ ਗੌਰਵ ਯਾਦਵ ਦੇ ਨਾਮ ਸ਼ਾਮਲ ਹਨ।

ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਇਮਪੈਨਲਮੈਂਟ ਕਮੇਟੀ ਨੇ ਦਿੱਲੀ 'ਚ ਮੀਟਿੰਗ ਕਰਕੇ ਇਸ ਨਿਯੁਕਤੀ ਲਈ ਤਿੰਨ ਅਧਿਕਾਰੀਆਂ ਦੇ ਪੈਨਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਮੀਟਿੰਗ 'ਚ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਵਧੀਕ ਮੁੱਖ ਸਕੱਤਰ (ਗ੍ਰਹਿ) ਅਲੋਕ ਸ਼ੇਖਰ ਵੀ ਸ਼ਾਮਲ ਹੋਏ। ਹੁਣ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪੰਜਾਬ 'ਚ ਰੈਗੂਲਰ ਡੀ.ਜੀ.ਪੀ. ਨਿਯੁਕਤ ਕਰਨ ਵਾਸਤੇ ਤਿੰਨ ਅਧਿਕਾਰੀਆਂ ਦਾ ਪੈਨਲ ਪੰਜਾਬ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ ਅਤੇ ਇਸ ਪੈਨਲ 'ਚੋਂ 'ਆਪ' ਸਰਕਾਰ ਕਿਸੇ ਇੱਕ ਅਧਿਕਾਰੀ ਨੂੰ ਡੀ.ਜੀ.ਪੀ. ਲਾਉਣ 'ਤੇ ਆਖ਼ਰੀ ਮੋਹਰ ਲਾਏਗੀ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਰੈਗੂਲਰ ਡੀ.ਜੀ.ਪੀ. ਲਾਏ ਜਾਣ ਬਾਰੇ ਰਸਮੀ ਫ਼ੈਸਲਾ ਹਾਲੇ ਆਉਂਦੇ ਦਿਨਾਂ 'ਚ ਲਿਆ ਜਾਣਾ ਹੈ ਪ੍ਰੰਤੂ ਗੌਰਵ ਯਾਦਵ ਦਾ ਹੁਣ ਰੈਗੂਲਰ ਡੀ.ਜੀ.ਪੀ. ਬਣਨਾ ਤੈਅ ਜਾਪਦਾ ਹੈ। ਜੁਲਾਈ 2022 ਤੋਂ ਗੌਰਵ ਯਾਦਵ ਬਤੌਰ ਕਾਰਜਕਾਰੀ ਡੀ.ਜੀ.ਪੀ. ਲਗਾਤਾਰ ਕੰਮ ਕਰ ਰਹੇ ਹਨ। ਉਨ੍ਹਾਂ ਦੀ ਸੇਵਾਮੁਕਤੀ 30 ਅਪ੍ਰੈਲ 2029 ਨੂੰ ਹੋਣੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ 'ਤੇ ਰੈਗੂਲਰ ਡੀ.ਜੀ.ਪੀ. ਲਗਾਏ ਜਾਣ ਦਾ ਲਗਾਤਾਰ ਦਬਾਅ ਬਣਿਆ ਹੋਇਆ ਹੈ। ਕਰੀਬ ਚਾਰ ਸਾਲ ਦੇ ਅਰਸੇ ਮਗਰੋਂ ਪੰਜਾਬ ਨੂੰ ਰੈਗੂਲਰ ਡੀ.ਜੀ.ਪੀ. ਮਿਲਣ ਦੀ ਆਸ ਬੱਝੀ ਹੈ। ਸੁਪਰੀਮ ਕੋਰਟ ਦੇ ਦਖ਼ਲ ਮਗਰੋਂ ਰੈਗੂਲਰ ਡੀ.ਜੀ.ਪੀ. ਲਈ ਪ੍ਰਕਿਰਿਆ ਸ਼ੁਰੂ ਹੋਈ ਹੈ। ਸੁਪਰੀਮ ਕੋਰਟ ਦੇ 5 ਫਰਵਰੀ ਦੇ ਨਿਰਦੇਸ਼ਾਂ ਤੋਂ ਬਾਅਦ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ 18 ਫਰਵਰੀ ਨੂੰ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਰੈਗੂਲਰ ਡੀ.ਜੀ.ਪੀ. ਲਈ ਯੋਗ ਅਧਿਕਾਰੀਆਂ ਦੀ ਤਜਵੀਜ਼ ਮੰਗੀ ਸੀ। 'ਆਪ' ਸਰਕਾਰ ਨੇ ਕਮਿਸ਼ਨ ਨੂੰ 6 ਅਪ੍ਰੈਲ ਨੂੰ 14 ਯੋਗ ਆਈ.ਪੀ.ਐੱਸ. ਅਧਿਕਾਰੀਆਂ ਦੀ ਸੂਚੀ ਭੇਜ ਦਿੱਤੀ ਸੀ। ■ ਬਾਕੀ ਖ਼ਬਰ ਸਫਾ 20 'ਤੇ

## ਪੰਜਾਬ ਵਿਧਾਨ ਸਭਾ ਕਮੇਟੀ ਵੱਲੋਂ ਨਕੋਦਰ ਕਾਂਡ ਦੀ ਜਾਂਚ ਸ਼ੁਰੂ


■ ਸਾਬਕਾ ਆਈ.ਏ.ਐੱਸ. ਅਫ਼ਸਰ ਦਰਬਾਰਾ ਸਿੰਘ ਗੁਰੂ ਦੇ ਬਿਆਨ ਕਲਮਬੰਦ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਧਾਨ ਸਭਾ ਦੀ ਕਮੇਟੀ ਨੇ 1986 'ਚ ਵਾਪਰੇ ਨਕੋਦਰ ਗੋਲੀ ਕਾਂਡ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕਮੇਟੀ ਨੇ ਪੰਜਾਬ ਦੇ ਗ੍ਰਹਿ ਵਿਭਾਗ ਤੋਂ ਇਸ ਕਾਂਡ ਨਾਲ ਸਬੰਧਤ ਰਿਕਾਰਡ ਵੀ ਤਲਬ ਕਰ ਲਿਆ ਹੈ। ਵਿਧਾਨ ਸਭਾ ਕਮੇਟੀ ਨੇ ਬੇਅਦਬੀ ਨਾਲ ਜੁੜੇ ਇਸ ਮਾਮਲੇ ਦੇ ਸਬੰਧ 'ਚ ਸਾਬਕਾ ਆਈ.ਏ.ਐੱਸ. ਅਧਿਕਾਰੀ ਦਰਬਾਰਾ ਸਿੰਘ ਗੁਰੂ ਦੇ ਬਿਆਨ ਕਲਮਬੰਦ ਕੀਤੇ ਹਨ। ਨਕੋਦਰ ਕਾਂਡ ਦੀ ਜਾਂਚ ਕਰਨ ਵਾਲੇ ਜਸਟਿਸ ਗੁਰਨਾਮ ਸਿੰਘ ਦੇ ਭਾਣਜੇ ਰਮੇਸ਼ਇੰਦਰ ਸਿੰਘ (ਸਾਬਕਾ ਮੁੱਖ ਸਕੱਤਰ) ਤੋਂ ਵੀ ਇਸ ਮਾਮਲੇ 'ਚ ਸਹਿਯੋਗ ਮੰਗਿਆ ਹੈ।

ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਕਰ ਕੇ ਸੂਬੇ 'ਚ ਮੁੜ ਬੇਅਦਬੀ ਮਾਮਲਿਆਂ ਸਬੰਧੀ ਸਿਆਸਤ ਭੱਖ ਗਈ ਹੈ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਕੋਦਰ ਗੋਲੀ ਕਾਂਡ ਦੀ ਜਾਂਚ ਲਈ ਬਣੇ 'ਜਸਟਿਸ ਗੁਰਨਾਮ ਸਿੰਘ ਕਮਿਸ਼ਨ' ਦੀ ਰਿਪੋਰਟ ਦਾ ਅੱਧਾ ਹਿੱਸਾ ਸਰਕਾਰੀ ਰਿਕਾਰਡ 'ਚੋਂ ਗੁੰਮ ਹੋਣ ਦਾ ਮਾਮਲਾ ਚੁੱਕਿਆ ਸੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਰਕਾਰੀ ਰਿਕਾਰਡ 'ਚੋਂ ਗੁੰਮ ਹੋਏ ਹਿੱਸੇ (ਐਕਸ਼ਨ ਟੇਕਨ ਰਿਪੋਰਟ) ਦੀ ਭਾਲ ਅਤੇ ਜਾਂਚ ਦਾ ਮਾਮਲਾ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ 'ਚ ਵਿਧਾਨ ਸਭਾ ਦੀ ਕਮੇਟੀ ਨੂੰ ਸੌਂਪ ਦਿੱਤਾ ਸੀ। ■ ਬਾਕੀ ਖ਼ਬਰ ਸਫਾ 20 'ਤੇ

## ਸ੍ਰੀ ਹਜ਼ੂਰ ਸਾਹਿਬ ਐਕਟ ਮਾਮਲਾ: ਮਹਾਰਾਸ਼ਟਰ ਸਰਕਾਰ ਵੱਲੋਂ ਸਿੱਖ ਆਗੂਆਂ ਤੇ ਮਾਹਿਰਾਂ ਨਾਲ ਸਲਾਹ-ਮਸ਼ਵਰੇ ਲਈ ਕਮੇਟੀ ਦਾ ਗਠਨ

■ ਸਿੱਖ ਸੰਸਥਾਵਾਂ ਤੇ ਧਾਰਮਿਕ ਆਗੂਆਂ ਤੋਂ ਮੰਗੇ ਜਾਣਗੇ ਸੁਝਾਅ



ਨਵੀਂ ਦਿੱਲੀ, (ਪੰਜਾਬ ਮੇਲ)- ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਪ੍ਰਬੰਧ ਲਈ ਸ੍ਰੀ ਹਜ਼ੂਰ ਸਾਹਿਬ ਐਕਟ ਬਣਾਉਣ ਦੇ ਪ੍ਰਸਤਾਵ 'ਤੇ ਸਿੱਖ ਭਾਈਚਾਰੇ ਨਾਲ ਸਲਾਹ-ਮਸ਼ਵਰਾ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ।

ਇਸ ਮਾਮਲੇ ਵਿਚ ਸੀਨੀਅਰ ਭਾਜਪਾ ਆਗੂ ਆਰ.ਪੀ. ਸਿੰਘ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਗੱਲਬਾਤ ਕੀਤੀ ਸੀ। ਉਨ੍ਹਾਂ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸਰਕਾਰ ਵੱਲੋਂ ਬਣਾਈ ਗਈ ਕਮੇਟੀ ਵਿਚ ਵਧੀਕ ਮੁੱਖ ਸਕੱਤਰ (ਮਾਲ), ਡਿਵੀਜ਼ਨਲ ਕਮਿਸ਼ਨਰ ਛੱਤਰਪਤੀ ਸੰਭਾਜੀਨਗਰ, ਨਾਂਦੇੜ ਦੇ ਡਿਪਟੀ ਕਮਿਸ਼ਨਰ, ਉਪ ਸਕੱਤਰ (ਮਾਲ) ਅਤੇ ਨਾਂਦੇੜ ਦੇ ਡਿਪਟੀ ਕਲੈਕਟਰ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਸਿੱਖ ਧਾਰਮਿਕ ਆਗੂਆਂ, ਪੰਥਕ ਸੰਸਥਾਵਾਂ ਅਤੇ ਹੋਰ ਹਿੱਸੇਦਾਰਾਂ ਨੂੰ ਸੱਦਾ ਦੇ ਕੇ ਇਸ ਮਾਮਲੇ 'ਤੇ ਉਨ੍ਹਾਂ ਦੇ ਵਿਚਾਰ ਅਤੇ ਸੁਝਾਅ ਲਵੇਗੀ। ਆਰ.ਪੀ. ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.), ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਸਰਗਰਮੀ ਨਾਲ ਆਪਣੇ ਸੁਝਾਅ ਕਮੇਟੀ ਕੋਲ ਭੇਜਣ, ਤਾਂ ਕਿ ਹਰ ਧਿਰ ਦੀ ਰਾਏ ਸੁਣੀ ਜਾ ਸਕੇ ਅਤੇ ਵਿਆਪਕ ਸਹਿਮਤੀ ਬਣਾਈ ਜਾ ਸਕੇ। ■ ਬਾਕੀ ਖ਼ਬਰ ਸਫਾ 20 'ਤੇ

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵਿਖੇ ਸੈਨੇਟਰ ਐਡਮ ਸ਼ਿਫ਼ ਦਾ ਨਿੱਘਾ ਸਵਾਗਤ

## ■ ਸਿੱਖ ਭਾਈਚਾਰੇ, ਟਰੱਕਿੰਗ ਅਤੇ ਇਮੀਗ੍ਰੇਸ਼ਨ ਮੁੱਦਿਆਂ 'ਤੇ ਕੀਤਾ ਸੰਬੋਧਨ














Copyright@Punjab Mail USA

**ਸੈਕਰਾਮੈਂਟੋ, (ਪੰਜਾਬ ਮੇਲ)-** ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਅਮਰੀਕੀ ਸੈਨੇਟਰ ਐਡਮ ਸ਼ਿਫ਼ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੌਰੇ ਲਈ ਇਮੀਗ੍ਰੇਸ਼ਨ ਅਟਾਰਨੀ ਜਸਪ੍ਰੀਤ ਸਿੰਘ (ਅਟਾਰਨੀ ਐਟ ਲਾਅ) ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ, ਜਿਸ ਦੀ ਸੰਗਤ ਅਤੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸ਼ਲਾਘਾ ਕੀਤੀ ਗਈ।

ਮੁੱਖ ਸਮਾਗਮ ਤੋਂ ਪਹਿਲਾਂ ਸੈਨੇਟਰ ਐਡਮ ਸ਼ਿਫ਼ ਦੀ ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿਚ ਕਮੇਟੀ ਮੈਂਬਰਾਂ ਨਾਲ ਵਿਸਥਾਰਪੂਰਵਕ ਮੀਟਿੰਗ ਹੋਈ। ਇਸ ਮੌਕੇ ਰਣਧੀਰ ਸਿੰਘ ਧੀਰਾ ਨਿੱਜਰ, ਕੁਲਵਿੰਦਰ ਸਿੰਘ, ਦਵਿੰਦਰ ਸਿੰਘ ਝਾਵਰ ਸਮੇਤ ਕਈ ਪ੍ਰਮੁੱਖ ਆਗੂ ਅਤੇ ਕਮੇਟੀ ਮੈਂਬਰ ਹਾਜ਼ਰ ਸਨ। ਮੀਟਿੰਗ ਦੌਰਾਨ ਸਿੱਖ ਭਾਈਚਾਰੇ ਨਾਲ ਜੁੜੇ ਵੱਖ-ਵੱਖ ਸਮਾਜਿਕ, ਆਰਥਿਕ ਅਤੇ ਇਮੀਗ੍ਰੇਸ਼ਨ ਸਬੰਧੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ



ਕੀਤਾ ਗਿਆ।

ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਮੁੱਖ ਦੀਵਾਨ ਹਾਲ ਵਿਚ ਕਰਵਾਏ ਗਏ ਸਮਾਗਮ ਦੌਰਾਨ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਸੈਨੇਟਰ ਐਡਮ ਸ਼ਿਫ਼ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਉਹ ਸਿੱਖ ਭਾਈਚਾਰੇ ਦੇ ਸੱਚੇ ਦੋਸਤ ਹਨ ਅਤੇ ਹਰ ਸਮੇਂ ਸਿੱਖ ਕੌਮ ਨਾਲ ਜੁੜੇ ਮੁੱਦਿਆਂ ਨੂੰ ਅਮਰੀਕੀ ਪੱਧਰ 'ਤੇ ਉਠਾਉਣ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ।

ਆਪਣੇ ਸੰਬੋਧਨ ਦੌਰਾਨ ਸੈਨੇਟਰ ਐਡਮ ਸ਼ਿਫ਼ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਦੀਆਂ ਮੌਜੂਦਾ ਚੁਣੌਤੀਆਂ ਤੋਂ ਪੂਰੀ ਤਰ੍ਹਾਂ ਜਾਣੂ ਹਨ। ਖ਼ਾਸ ਕਰਕੇ ਟਰੱਕਿੰਗ ਉਦਯੋਗ ਨਾਲ ਜੁੜੇ ਲੋਕ ਇਸ ਵੇਲੇ ਕਾਫ਼ੀ ਮੁਸ਼ਕਲ ਦੌਰ ਵਿਚੋਂ ਲੰਘ ਰਹੇ ਹਨ। ਤੇਲ ਦੀਆਂ ਵਧੀਆਂ ਕੀਮਤਾਂ, ਵਪਾਰਕ ਲਾਗਤਾਂ ਅਤੇ ਹੋਰ ਆਰਥਿਕ ਕਾਰਨਾਂ ਕਰਕੇ ਟਰੱਕਿੰਗ ਕਾਰੋਬਾਰ ਪ੍ਰਭਾਵਿਤ ਹੋਇਆ ਹੈ, ਜਿਸ ਦਾ ਸਿੱਧਾ ਅਸਰ ਹਜ਼ਾਰਾਂ ਪਰਿਵਾਰਾਂ 'ਤੇ ਪਿਆ ਹੈ।

ਉਨ੍ਹਾਂ ਕਿਹਾ ਕਿ ਕੁਝ ਡਰਾਈਵਰਾਂ ਦੇ ਲਾਇਸੈਂਸ ਰੱਦ ਹੋਣ ਜਾਂ ਹੋਰ ਕਾਰਵਾਈਆਂ ਕਾਰਨ ਵੀ ਸਿੱਖ ਭਾਈਚਾਰੇ ਨੂੰ ਆਰਥਿਕ ਝਟਕਾ ਲੱਗਿਆ ਹੈ। ਸੈਨੇਟਰ ਨੇ ਕਿਹਾ ਕਿ ਸਿੱਖ ਟਰੱਕ ਡਰਾਈਵਰਾਂ ਨੇ ਅਮਰੀਕਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਵਿਚ ਬੇਮਿਸਾਲ ਯੋਗਦਾਨ ਪਾਇਆ ਹੈ ਅਤੇ ਕੁਝ ਵਿਅਕਤੀਆਂ ਦੀ ਗਲਤੀ ਦੇ ਆਧਾਰ 'ਤੇ ਪੂਰੇ ਭਾਈਚਾਰੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ।

ਇਮੀਗ੍ਰੇਸ਼ਨ ਦੇ ਮੁੱਦੇ 'ਤੇ ਬੋਲਦਿਆਂ ਸੈਨੇਟਰ ਐਡਮ ਸ਼ਿਫ਼ ਨੇ ਕਿਹਾ ਕਿ ਅਮਰੀਕਾ ਦੀ ਤਾਕਤ ਉਸ ਦੀ ਵਿਭਿੰਨਤਾ ਅਤੇ ਪ੍ਰਵਾਸੀਆਂ ਦੇ ਯੋਗਦਾਨ ਵਿਚ ਵੱਸਦੀ ਹੈ। ਉਨ੍ਹਾਂ ਕਿਹਾ ਕਿ ਇਮੀਗ੍ਰੇਸ਼ਨ ਕਾਨੂੰਨਾਂ ਵਿਚ ਮਨੁੱਖਤਾ ਅਤੇ ਸੰਤੁਲਨ ਹੋਣਾ ਚਾਹੀਦਾ ਹੈ। ਅਮਰੀਕਾ ਦੀ ਪ੍ਰੰਪਰਾ ਰਹੀ ਹੈ ਕਿ ਬਾਹਰੋਂ ਆਉਣ ਵਾਲੇ ਮਿਹਨਤੀ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਲੋਕਾਂ ਨੂੰ ਇੱਥੇ ਅੱਗੇ ਵਧਣ ਦੇ ਮੌਕੇ ਦਿੱਤੇ ਜਾਂਦੇ ਹਨ ਅਤੇ ਇਹ ਪ੍ਰੰਪਰਾ ਕਾਇਮ ਰਹਿਣੀ ਚਾਹੀਦੀ ਹੈ।

ਸਮਾਗਮ ਦੇ ਅੰਤ 'ਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸੈਨੇਟਰ ਐਡਮ ਸ਼ਿਫ਼ ਨੂੰ ਸਨਮਾਨ ਵਜੋਂ ਸਿਰੋਪਾਓ ਭੇਟ ਕੀਤਾ ਗਿਆ। ਸੰਗਤ ਨੇ ਭਾਈਚਾਰੇ ਨਾਲ ਜੁੜੇ ਮੁੱਦਿਆਂ 'ਤੇ ਸੈਨੇਟਰ ਵੱਲੋਂ ਪ੍ਰਗਟਾਏ ਵਿਚਾਰਾਂ ਦੀ ਸਰਾਹਨਾ ਕੀਤੀ।

ਕੁੱਲ ਮਿਲਾ ਕੇ ਇਹ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ। ਜਿਸ ਵਿਚ ਸਿੱਖ ਭਾਈਚਾਰੇ, ਟਰੱਕਿੰਗ ਉਦਯੋਗ, ਇਮੀਗ੍ਰੇਸ਼ਨ ਅਤੇ ਅਮਰੀਕੀ ਸਮਾਜ ਵਿਚ ਸਿੱਖਾਂ ਦੇ ਯੋਗਦਾਨ ਸਬੰਧੀ ਅਹਿਮ ਵਿਚਾਰ ਸਾਂਝੇ ਕੀਤੇ ਗਏ।

# ਸੈਨੇਟਰ ਐਡਮ ਸ਼ਿਫ਼ ਨੇ ਅਟਾਰਨੀ ਐਟ ਲਾਅ ਜਸਪ੍ਰੀਤ ਸਿੰਘ ਦੇ ਦਫ਼ਤਰ ਦਾ ਕੀਤਾ ਦੌਰਾ

## ਇਮੀਗ੍ਰੇਸ਼ਨ ਅਤੇ ਸਿੱਖ ਭਾਈਚਾਰੇ ਦੇ ਮੁੱਦਿਆਂ 'ਤੇ ਹੋਈ ਵਿਸਥਾਰਪੂਰਵਕ ਚਰਚਾ



ਸੈਕਰਾਮੈਂਟੋ, (ਪੰਜਾਬ ਮੇਲ)- ਅਮਰੀਕੀ ਸੈਨੇਟਰ ਐਡਮ ਸ਼ਿਫ਼ ਨੇ ਇਮੀਗ੍ਰੇਸ਼ਨ ਅਟਾਰਨੀ ਜਸਪ੍ਰੀਤ ਸਿੰਘ (ਅਟਾਰਨੀ ਐਟ ਲਾਅ) ਦੇ ਦਫ਼ਤਰ ਦਾ ਵਿਸ਼ੇਸ਼ ਦੌਰਾ ਕੀਤਾ, ਜਿੱਥੇ ਉਨ੍ਹਾਂ ਦਾ ਨਿੱਘਾ ਅਤੇ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਭਾਈਚਾਰੇ ਦੇ ਪ੍ਰਮੁੱਖ ਆਗੂ ਅਤੇ ਸੱਜਣ-ਮਿੱਤਰ ਵੀ ਹਾਜ਼ਰ ਸਨ।

ਮੁਲਾਕਾਤ ਦੌਰਾਨ ਸੈਨੇਟਰ ਐਡਮ ਸ਼ਿਫ਼ ਅਤੇ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵਿਚਾਲੇ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਜੁੜੀਆਂ ਮੌਜੂਦਾ ਚੁਣੌਤੀਆਂ, ਕਾਨੂੰਨੀ ਪ੍ਰਕਿਰਿਆਵਾਂ ਵਿਚ ਆ ਰਹੀਆਂ ਮੁਸ਼ਕਲਾਂ ਅਤੇ ਪ੍ਰਵਾਸੀ ਭਾਈਚਾਰੇ ਦੇ ਸਾਹਮਣੇ ਖੜ੍ਹੇ ਅਹਿਮ ਮੁੱਦਿਆਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਹੋਇਆ। ਜਸਪ੍ਰੀਤ ਸਿੰਘ ਨੇ ਆਪਣੇ ਤਜ਼ਰਬੇ ਦੇ ਆਧਾਰ 'ਤੇ ਉਨ੍ਹਾਂ ਸਮੱਸਿਆਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ, ਜਿਨ੍ਹਾਂ ਦਾ ਰੋਜ਼ਾਨਾ ਇਮੀਗ੍ਰੇਸ਼ਨ ਕੇਸਾਂ ਵਿਚ ਲੋਕਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ।

ਸੈਨੇਟਰ ਐਡਮ ਸ਼ਿਫ਼ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਵਿਚੋਂ ਬਹੁਤ ਸਾਰੇ ਮੁੱਦਿਆਂ ਬਾਰੇ ਪਹਿਲਾਂ ਵੀ ਜਾਣਕਾਰੀ ਸੀ, ਪਰ ਜਸਪ੍ਰੀਤ ਸਿੰਘ ਵੱਲੋਂ ਦਿੱਤੇ ਗਏ ਤੱਥਾਂ ਅਤੇ ਤਜ਼ਰਬਿਆਂ ਨੇ ਉਨ੍ਹਾਂ ਨੂੰ ਹਾਲਾਤਾਂ ਨੂੰ ਹੋਰ ਡੂੰਘਾਈ ਨਾਲ ਸਮਝਣ ਵਿਚ ਮਦਦ ਕੀਤੀ ਹੈ। ਉਨ੍ਹਾਂ ਜਸਪ੍ਰੀਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਈਚਾਰੇ ਨਾਲ ਸਿੱਧਾ ਜੁੜੇ ਕਾਨੂੰਨੀ ਮਾਹਿਰਾਂ ਤੋਂ ਮਿਲਣ ਵਾਲਾ ਫੀਡਬੈਕ ਨੀਤੀਗਤ ਪੱਧਰ 'ਤੇ ਬਹੁਤ ਮਹੱਤਵਪੂਰਨ ਹੁੰਦਾ ਹੈ।

ਇਸ ਮੌਕੇ ਹਾਜ਼ਰ ਭਾਈਚਾਰੇ ਦੇ ਆਗੂਆਂ ਨੇ ਵੀ ਸੈਨੇਟਰ ਐਡਮ ਸ਼ਿਫ਼ ਦਾ ਧੰਨਵਾਦ ਕੀਤਾ ਅਤੇ ਅਪੀਲ ਕੀਤੀ ਕਿ ਸਿੱਖ ਭਾਈਚਾਰੇ ਅਤੇ ਹੋਰ ਪ੍ਰਵਾਸੀ ਪਰਿਵਾਰਾਂ ਨੂੰ ਦਰਪੇਸ਼ ਇਮੀਗ੍ਰੇਸ਼ਨ ਅਤੇ ਹੋਰ ਜਨਤਕ ਮੁੱਦਿਆਂ ਦੇ ਹੱਲ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣ।

ਸਮਾਗਮ ਦੌਰਾਨ ਗੁਰਜਤਿੰਦਰ ਸਿੰਘ ਰੰਧਾਵਾ, ਕੈਨੀ ਵਿਰਕ, ਹਰਪਾਲ ਸਿੰਘ ਬਾਹੀਆ ਅਤੇ ਨਾਗਰਾ ਸਾਹਿਬ ਸਮੇਤ ਹੋਰ ਕਈ ਪ੍ਰਮੁੱਖ ਆਗੂ ਅਤੇ ਭਾਈਚਾਰੇ ਦੇ ਮੈਂਬਰ ਵੀ ਮੌਜੂਦ ਸਨ। ਹਾਜ਼ਰ ਸਾਰੇ ਵਿਅਕਤੀਆਂ ਨੇ ਆਸ ਪ੍ਰਗਟਾਈ ਕਿ ਅਜਿਹੀਆਂ ਮੁਲਾਕਾਤਾਂ ਨਾਲ ਭਾਈਚਾਰੇ ਅਤੇ ਨੀਤੀ ਨਿਰਧਾਰਕਾਂ ਵਿਚਕਾਰ ਸੰਵਾਦ ਹੋਰ ਮਜ਼ਬੂਤ ਹੋਵੇਗਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵੱਲ ਠੋਸ ਕਦਮ ਚੁੱਕੇ ਜਾਣਗੇ।

# ਅਮਰੀਕਾ 'ਚ ਗ੍ਰੀਨ ਕਾਰਡ ਧਾਰਕਾਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕੀ!

## ਸੁਪਰੀਮ ਕੋਰਟ ਦੇ ਫੈਸਲੇ ਨਾਲ ਦੇਸ਼ ਨਿਕਾਲਾ ਦੇਣਾ ਹੋਇਆ ਹੁਣ ਹੋਰ ਵੀ ਸੌਖਾ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਵਿਚ ਗ੍ਰੀਨ ਕਾਰਡ ਧਾਰਕਾਂ 'ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕ ਗਈ ਹੈ। ਬੀਤੇ ਦਿਨ ਅਮਰੀਕੀ ਸੁਪਰੀਮ ਕੋਰਟ ਨੇ ਇੱਕ ਇਤਿਹਾਸਕ ਫੈਸਲਾ ਸੁਣਾਉਂਦਿਆਂ ਸਰਹੱਦੀ ਅਧਿਕਾਰੀਆਂ ਲਈ ਉਨ੍ਹਾਂ ਗ੍ਰੀਨ ਕਾਰਡ ਧਾਰਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਪ੍ਰਕਿਰਿਆ ਨੂੰ ਹੋਰ ਸੌਖਾ ਕਰ ਦਿੱਤਾ ਹੈ, ਜਿਨ੍ਹਾਂ 'ਤੇ "ਨੈਤਿਕ ਗਿਰਾਵਟ" ਨਾਲ ਜੁੜੇ ਅਪਰਾਧਾਂ ਦੇ ਦੋਸ਼ ਹਨ। ਅਦਾਲਤ ਦੇ ਇਸ ਫੈਸਲੇ ਨਾਲ ਹੁਣ ਅਮਰੀਕੀ ਸਰਹੱਦੀ ਸੁਰੱਖਿਆ ਅਧਿਕਾਰੀਆਂ ਲਈ ਅਜਿਹੇ ਵਿਅਕਤੀਆਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇਣਾ ਆਸਾਨ ਹੋ ਜਾਵੇਗਾ।

ਅਮਰੀਕੀ ਜਸਟਿਸ ਕਲੇਰੈਂਸ ਥਾਮਸ ਨੇ 6-3 ਦੇ ਬਹੁਮਤ ਨਾਲ ਸੁਣਾਏ ਗਏ ਫੈਸਲੇ ਵਿਚ ਕਿਹਾ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹੁਣ ਕਿਸੇ ਗ੍ਰੀਨ ਕਾਰਡ ਧਾਰਕ ਦੀ ਐਂਟਰੀ ਰੋਕਣ ਲਈ ਸਪੱਸ਼ਟ ਸਬੂਤਾਂ ਦੀ ਲੋੜ ਨਹੀਂ ਹੋਵੇਗੀ। ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਅਪਰਾਧ ਹੋਇਆ ਹੈ, ਤਾਂ ਉਹ ਬਿਨਾਂ ਝਿਜਕ ਦੇ ਕਾਰਵਾਈ ਕਰ ਸਕਦੇ ਹਨ। ਜੱਜ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਵਿਚ ਸਬੂਤਾਂ ਦੀ ਲੋੜ ਨਹੀਂ ਹੈ। ਇਸ ਫੈਸਲੇ ਨਾਲ ਸਰਹੱਦੀ ਏਜੰਟਾਂ ਨੂੰ ਪੋਰਟ ਆਫ ਐਂਟਰੀ 'ਤੇ ਸ਼ੱਕੀ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਦੀਆਂ ਵੱਡੀਆਂ ਤਾਕਤਾਂ ਮਿਲ ਗਈਆਂ ਹਨ।

ਇਹ ਫੈਸਲਾ ਚੀਨੀ ਮੂਲ ਦੇ ਗ੍ਰੀਨ ਕਾਰਡ ਧਾਰਕ ਮੁਕ ਚੋਈ ਲਾਊ ਨਾਲ ਜੁੜੇ ਇੱਕ ਮਾਮਲੇ ਤੋਂ ਬਾਅਦ ਆਇਆ ਹੈ। ਦਰਅਸਲ ਇਕ ਪਟੀਸ਼ਨਕਰਤਾ ਮੁੱਕ ਚੋਈ ਲਾਉ ਨੇ ਆਪਣੀ ਪਟੀਸ਼ਨ ਵਿਚ ਦੱਸਿਆ ਕਿ ਉਹ ਇੱਕ ਚੀਨੀ ਨਾਗਰਿਕ ਹੈ, ਪਰ ਉਸ ਕੋਲ ਅਮਰੀਕਾ ਵਿਚ ਸਥਾਈ ਨਿਵਾਸ ਲਈ ਗ੍ਰੀਨ ਕਾਰਡ ਹੈ। ਟ੍ਰੇਡਮਾਰਕ ਵਿਚ ਜਾਅਲਸਾਜ਼ੀ ਦੇ ਦੋਸ਼ਾਂ ਵਿਚ ਲਾਉ ਨੂੰ ਸਾਲ 2012 ਵਿਚ ਚੀਨ ਤੋਂ ਵਾਪਸ ਆਉਂਦੇ ਸਮੇਂ ਨਿਊਯਾਰਕ ਦੇ ਜੌਨ ਐੱਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਦਾਖਲ ਨਹੀਂ ਹੋਣ ਦਿੱਤਾ ਗਿਆ ਸੀ। ਹਾਲਾਂਕਿ, ਉਸ ਸਮੇਂ ਉਸਨੂੰ ਸ਼ਰਤਬੱਧ ਐਂਟਰੀ ਦੀ ਇਜਾਜ਼ਤ ਦਿੱਤੀ ਗਈ ਸੀ।

ਰਿਪੋਰਟ ਅਨੁਸਾਰ, ਬਾਅਦ ਵਿਚ ਲਾਉ ਨੇ ਜਾਅਲੀ ਕਰੰਸੀ ਦੇ ਦੋਸ਼ਾਂ ਨੂੰ ਵੀ ਸਵੀਕਾਰ ਕਰ ਲਿਆ। ਜਿਸ ਤੋਂ ਬਾਅਦ ਉਸਨੂੰ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ। ਲਾਉ ਨੇ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਅਤੇ ਦਲੀਲ ਦਿੱਤੀ ਕਿ ਉਸਦਾ ਅਪਰਾਧ ਨੈਤਿਕ ਪਤਨ ਦੀ ਸ਼੍ਰੇਣੀ ਵਿਚ ਨਹੀਂ ਆਉਂਦਾ। ਹਾਲਾਂਕਿ, ਤਿੰਨ ਜੱਜਾਂ ਨੇ ਵੀ ਲਾਉ ਦੇ ਦੇਸ਼ ਨਿਕਾਲੇ ਦਾ ਵਿਰੋਧ ਕੀਤਾ। ਇੱਕ ਜੱਜ, ਜੈਕਸਨ ਨੇ ਕਿਹਾ ਕਿ ਇਸ ਫੈਸਲੇ ਨਾਲ ਅਦਾਲਤ ਨੇ ਸਰਕਾਰ ਨੂੰ ਖੁੱਲ੍ਹੀ ਛੋਟ ਦੇ ਦਿੱਤੀ ਹੈ ਅਤੇ ਇਸ ਦੀ ਦੁਰਵਰਤੋਂ ਹੋ ਸਕਦੀ ਹੈ। ਹੁਣ ਛੋਟੇ ਜਾਂ ਸ਼ੱਕੀ ਅਪਰਾਧਿਕ ਮਾਮਲਿਆਂ ਵਿਚ ਫਸੇ ਲੋਕਾਂ ਲਈ ਵਿਦੇਸ਼ ਯਾਤਰਾ ਕਰਕੇ ਵਾਪਸ ਆਉਣਾ ਜ਼ੋਖਮ ਭਰਿਆ ਹੋ ਸਕਦਾ ਹੈ, ਕਿਉਂਕਿ ਸਰਹੱਦ 'ਤੇ ਉਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਨਾਗਰਿਕਤਾ ਰੱਦ ਕਰਨ ਦੀ ਮੁਹਿੰਮ ਤੇਜ਼: ਅਕਤੂਬਰ ਤੱਕ 250 ਕੇਸ ਦਾਇਰ ਕਰਨ ਦੀ ਤਿਆਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਧੋਖਾਧੜੀ ਨਾਲ ਹਾਸਲ ਕਰਨ ਵਾਲਿਆਂ ਖ਼ਿਲਾਫ਼ ਆਪਣੀ ਕਾਰਵਾਈ ਹੋਰ ਤੇਜ਼ ਕਰ ਦਿੱਤੀ ਹੈ। ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.) ਨੇ ਪੁਸ਼ਟੀ ਕੀਤੀ ਹੈ ਕਿ ਉਹ ਇਸ ਸਾਲ ਅਕਤੂਬਰ ਤੱਕ ਲਗਭਗ 250 ਡੀਨੈਚੁਰਲਾਈਜ਼ੇਸ਼ਨ ਮਾਮਲੇ ਦਾਇਰ ਕਰਨ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਇਸ ਕਾਰਵਾਈ ਦਾ ਮਕਸਦ ਉਨ੍ਹਾਂ ਵਿਅਕਤੀਆਂ ਦੀ ਅਮਰੀਕੀ ਨਾਗਰਿਕਤਾ ਰੱਦ ਕਰਵਾਉਣਾ ਹੈ, ਜਿਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਨਾਗਰਿਕਤਾ ਹਾਸਲ ਕਰਨ ਸਮੇਂ ਆਪਣੇ ਅਪਰਾਧਿਕ ਇਤਿਹਾਸ ਜਾਂ ਹੋਰ ਮਹੱਤਵਪੂਰਨ ਜਾਣਕਾਰੀ ਨੂੰ ਲੁਕਾਇਆ ਸੀ।

ਪਿਛਲੇ ਦੋ ਮਹੀਨਿਆਂ ਦੌਰਾਨ ਹੀ ਨਿਆਂ ਵਿਭਾਗ ਨੇ ਦੇਸ਼ ਭਰ ਵਿਚ ਦੋ ਦਰਜਨ ਤੋਂ ਵੱਧ ਨਵੇਂ ਕੇਸ ਦਾਇਰ ਕੀਤੇ ਹਨ। ਸਿਰਫ਼ ਮਈ ਅਤੇ ਜੂਨ ਮਹੀਨੇ ਵਿਚ ਹੀ ਘੱਟੋ-ਘੱਟ 29 ਤੋਂ 33 ਡੀਨੈਚੁਰਲਾਈਜ਼ੇਸ਼ਨ ਕੇਸ ਦਰਜ ਹੋਏ ਹਨ, ਜਦਕਿ ਪਿਛਲੇ ਕਈ ਸਾਲਾਂ ਦੌਰਾਨ ਔਸਤਨ ਇੱਕ ਮਹੀਨੇ ਵਿਚ ਇੱਕ ਤੋਂ ਵੀ ਘੱਟ ਕੇਸ ਦਰਜ ਹੁੰਦੇ ਸਨ। ਟ੍ਰਾਂਜ਼ੈਕਸ਼ਨਲ ਰਿਕਾਰਡਸ ਐਕਸੈੱਸ ਕਲੀਅਰਿੰਗਹਾਊਸ (ਟੀ.ਆਰ.ਏ.ਸੀ.) ਦੇ ਅੰਕੜਿਆਂ ਅਨੁਸਾਰ, 2026 ਵਿਚ ਹੁਣ ਤੱਕ ਲਗਭਗ 40 ਕੇਸ ਦਾਇਰ ਹੋ ਚੁੱਕੇ ਹਨ, ਜੋ ਪਿਛਲੇ ਕਈ ਸਾਲਾਂ ਦੇ ਮੁਕਾਬਲੇ ਕਾਫ਼ੀ ਵੱਡਾ ਵਾਧਾ ਹੈ। ਇਨ੍ਹਾਂ ਨਵੇਂ ਮਾਮਲਿਆਂ ਵਿਚ ਕਨੈਕਟੀਕਟ ਰਾਜ ਦੇ ਦੋ ਕੇਸ ਵੀ ਸ਼ਾਮਲ ਹਨ। ਪਹਿਲਾ ਕੇਸ ਤਾਹਿਰ ਲੇਕਾਜ ਦਾ ਹੈ, ਜੋ ਸਾਬਕਾ ਯੂਗੋਸਲਾਵੀਆ ਦਾ ਨਿਵਾਸੀ ਹੈ। ਉਹ 1999 ਵਿਚ ਅਮਰੀਕਾ ਆਇਆ ਸੀ ਅਤੇ 2005 ਵਿਚ ਅਮਰੀਕੀ ਨਾਗਰਿਕ ਬਣਿਆ। ਬਾਅਦ ਵਿਚ ਉਸ ਨੂੰ ਬੱਚਿਆਂ ਨਾਲ ਜਿਨਸੀ ਸ਼ੋਸ਼ਣ ਦੇ ਕਈ ਗੰਭੀਰ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਇਸ ਸਮੇਂ ਉਹ 15 ਸਾਲ ਦੀ ਸਜ਼ਾ ਕੱਟ ਰਿਹਾ ਹੈ। ਸਰਕਾਰ ਦਾ ਦੋਸ਼ ਹੈ ਕਿ ਉਸ ਨੇ ਨਾਗਰਿਕਤਾ ਲਈ ਅਰਜ਼ੀ ਦਿੰਦੇ ਸਮੇਂ ਆਪਣੇ ਅਪਰਾਧਾਂ ਬਾਰੇ ਸੱਚ ਨਹੀਂ ਦੱਸਿਆ।

ਦੂਜਾ ਕੇਸ ਟੈਲਮਨ ਹੈਰਿਸ ਦਾ ਹੈ, ਜੋ ਜਮੈਕਾ ਤੋਂ ਅਮਰੀਕਾ ਆਇਆ ਸੀ ਅਤੇ 2014 ਵਿਚ ਨਾਗਰਿਕ ਬਣਿਆ। ਬਾਅਦ ਵਿਚ ਉਹ ਸ਼ੇਅਰ ਬਾਜ਼ਾਰ ਨਾਲ ਜੁੜੀ ਵਾਇਰ ਫਰਾਡ ਅਤੇ ਸਾਜ਼ਿਸ਼ ਦੇ ਇੱਕ ਫੈਡਰਲ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਨਿਆਂ ਵਿਭਾਗ ਦਾ ਕਹਿਣਾ ਹੈ ਕਿ ਜੇਕਰ ਉਸ ਨੇ ਨਾਗਰਿਕਤਾ ਅਰਜ਼ੀ ਦੌਰਾਨ ਸਹੀ ਜਾਣਕਾਰੀ ਦਿੱਤੀ ਹੁੰਦੀ, ਤਾਂ ਉਸ ਨੂੰ ਅਮਰੀਕੀ ਨਾਗਰਿਕਤਾ ਕਦੇ ਵੀ ਮਨਜ਼ੂਰ ਨਾ ਕੀਤੀ ਜਾਂਦੀ।

ਦੋਵੇਂ ਮਾਮਲਿਆਂ ਵਿਚ ਸਰਕਾਰ ਦਾ ਦੋਸ਼ ਹੈ ਕਿ ਨਾਗਰਿਕਤਾ ਹਾਸਲ ਕਰਨ ਸਮੇਂ ਅਰਜ਼ੀਦਾਰਾਂ ਨੇ ਇਹ ਘੋਸ਼ਣਾ ਕੀਤੀ ਸੀ ਕਿ ਉਨ੍ਹਾਂ ਨੇ ਕਦੇ ਵੀ ਕੋਈ ਅਜਿਹਾ ਅਪਰਾਧ ਨਹੀਂ ਕੀਤਾ, ਜਿਸ ਲਈ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਹੋਵੇ। ਨਿਆਂ ਵਿਭਾਗ ਦਾ ਕਹਿਣਾ ਹੈ ਕਿ ਇਹ ਬਿਆਨ ਝੂਠੇ ਸਨ ਅਤੇ ਇਸੇ ਆਧਾਰ 'ਤੇ ਹੁਣ ਉਨ੍ਹਾਂ ਦੀ ਨਾਗਰਿਕਤਾ ਰੱਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

# ਭਾਰਤੀ-ਅਮਰੀਕੀ ਕਾਨੂੰਨਸਾਜ਼ਾਂ ਵੱਲੋਂ ਭਾਰਤੀ ਪ੍ਰਵਾਸੀਆਂ ਨੂੰ ਰਾਜਨੀਤੀ 'ਚ ਆਉਣ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਕੁਝ ਹਿੱਸਿਆਂ 'ਚ ਭਾਰਤ ਵਿਰੋਧੀ ਨਫ਼ਰਤ ਦੀਆਂ ਵਧਦੀਆਂ ਘਟਨਾਵਾਂ ਦੇ ਵਿਚਕਾਰ, ਭਾਰਤੀ-ਅਮਰੀਕੀ ਕਾਨੂੰਨਸਾਜ਼ਾਂ ਨੇ ਭਾਈਚਾਰੇ ਦੇ ਮੈਂਬਰਾਂ ਨੂੰ ਚੋਣਾਂ ਲੜਨ ਅਤੇ ਜਨਤਕ ਜੀਵਨ 'ਚ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਹੈ, ਤਾਂ ਜੋ ਉਨ੍ਹਾਂ ਦੀ ਆਵਾਜ਼ ਸੁਣੀ ਜਾ ਸਕੇ। ਕੈਪੀਟਲ ਹਿੱਲ 'ਤੇ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (ਐੱਫ.ਆਈ.ਆਈ.ਡੀ.ਐੱਸ.) ਦੁਆਰਾ ਆਯੋਜਿਤ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਦੇਸ਼ ਦੇ ਸਭ ਤੋਂ ਪੜ੍ਹੇ-ਲਿਖੇ ਅਤੇ ਖੁਸ਼ਹਾਲ ਭਾਈਚਾਰਿਆਂ ਵਿਚੋਂ ਹੋਣ ਦੇ ਬਾਵਜੂਦ, ਭਾਰਤੀ-ਅਮਰੀਕੀ "ਨਵੀਆਂ ਚੁਣੌਤੀਆਂ" ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਭਾਈਚਾਰੇ ਦੇ ਮੈਂਬਰਾਂ ਨੂੰ ਰਾਜਨੀਤਿਕ ਪ੍ਰਕਿਰਿਆ ਵਿਚ ਵਧੇਰੇ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ, "ਹਿੰਦੂ-ਵਿਰੋਧੀ, ਭਾਰਤ-ਵਿਰੋਧੀ ਅਤੇ ਦੇਸੀ-ਵਿਰੋਧੀ ਨਫ਼ਰਤ ਵਧ ਰਹੀ ਹੈ।" ਇਲੀਨੋਇਸ ਦੇ ਇੱਕ ਕਾਨੂੰਨਸਾਜ਼ ਕ੍ਰਿਸ਼ਨਾਮੂਰਤੀ ਨੇ ਕਿਹਾ, "ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਰਗਰਮ ਹੋਣ ਦਾ ਸਮਾਂ ਹੈ। ਤੁਹਾਨੂੰ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ, ਬੋਲਣਾ ਪਵੇਗਾ ਅਤੇ ਅੱਗੇ ਆਉਣਾ ਪਵੇਗਾ। ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਤੁਹਾਡੀ ਆਵਾਜ਼ ਹਰ ਜਗ੍ਹਾ ਸੁਣੀ ਜਾਵੇ।" ਕ੍ਰਿਸ਼ਨਾਮੂਰਤੀ ਨੇ ਭਾਰਤੀ-ਅਮਰੀਕੀਆਂ ਨੂੰ ਰਾਜਨੀਤਿਕ ਪਾਰਟੀ ਨਾਲ ਸਬੰਧਤ ਹੋਣ ਦੀ ਪਰਵਾਹ ਕੀਤੇ ਬਿਨਾਂ, ਹਰ ਪੱਧਰ 'ਤੇ ਅਹੁਦੇ ਲਈ ਚੋਣ ਲੜਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਅਹੁਦੇ ਲਈ ਚੋਣ ਲੜਨ ਬਾਰੇ ਵਿਚਾਰ ਕਰੋ, ਭਾਵੇਂ ਇਹ ਸਿਟੀ ਕੌਂਸਲ ਲਈ ਹੋਵੇ। ਭਾਵੇਂ ਤੁਸੀਂ ਰਿਪਬਲਿਕਨ ਹੋ, ਡੈਮੋਕ੍ਰੇਟ ਹੋ, ਜਾਂ ਸੁਤੰਤਰ, ਇਸ ਨਾਲ ਮੇਰੇ ਲਈ ਕੋਈ ਫ਼ਰਕ ਨਹੀਂ ਪੈਂਦਾ।" ਕ੍ਰਿਸ਼ਨਾਮੂਰਤੀ ਨੇ ਕਿਹਾ, "ਵਾਸ਼ਿੰਗਟਨ, ਡੀ.ਸੀ. ਵਿਚ ਇੱਕ ਪੁਰਾਣੀ ਕਹਾਵਤ ਹੈ ਕਿ ਜੇਕਰ ਤੁਹਾਡੇ ਕੋਲ ਫੈਸਲਾ ਲੈਣ ਵਾਲੀ ਮੇਜ਼ 'ਤੇ ਜਗ੍ਹਾ ਨਹੀਂ ਹੈ, ਤਾਂ ਤੁਸੀਂ ਇੱਕ ਨਿਸ਼ਾਨਾ ਹੋ।" ਤੁਹਾਡੇ ਵਿਚੋਂ ਕੋਈ ਵੀ, ਸਾਡੇ ਪਰਿਵਾਰ ਅਤੇ ਸਾਡੇ ਹਿੱਤ ਨਿਸ਼ਾਨਾ ਬਣਨ ਦਾ ਜ਼ੋਖਮ ਨਹੀਂ ਉਠਾ ਸਕਦੇ।"

# ਫੈਡਰਲ ਜੱਜ ਵੱਲੋਂ ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਨਾਗਰਿਕ ਵੋਟਿੰਗ ਨੂੰ ਰੋਕਣ ਲਈ ਫੈਡਰਲ ਡਾਟਾਬੇਸ ਦੀ ਵਰਤੋਂ ਗੈਰ ਕਾਨੂੰਨੀ ਕਰਾਰ

## ਅਗਲੀ ਵਰਤੋਂ 'ਤੇ ਲਾਈ ਰੋਕ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਚੋਣੀ ਸੁਧਾਰਾਂ ਨੂੰ ਇੱਕ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਵੱਲੋਂ ਚੋਣਾਂ ਵਿਚ ਗੈਰ-ਨਾਗਰਿਕ ਵੋਟਿੰਗ ਨੂੰ ਰੋਕਣ ਲਈ ਵਰਤੇ ਜਾ ਰਹੇ ਇੱਕ ਮਹੱਤਵਪੂਰਨ ਫੈਡਰਲ ਡਾਟਾਬੇਸ ਦੀ ਵਰਤੋਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਉਸਦੀ ਅਗਲੀ ਵਰਤੋਂ 'ਤੇ ਰੋਕ ਲਗਾ ਦਿੱਤੀ ਹੈ।

ਇਹ ਫ਼ੈਸਲਾ ਅਮਰੀਕੀ ਜ਼ਿਲ੍ਹਾ ਅਦਾਲਤ ਦੀ ਜੱਜ ਸਪਾਰਕਲ ਐੱਲ. ਸੂਕਨਾਨਨ ਵੱਲੋਂ ਸੁਣਾਇਆ ਗਿਆ। ਉਨ੍ਹਾਂ ਨੇ ਕਈ ਨਾਗਰਿਕ ਅਧਿਕਾਰ ਅਤੇ ਵੋਟਿੰਗ ਹੱਕਾਂ ਨਾਲ ਜੁੜੀਆਂ ਸੰਸਥਾਵਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਅਪਡੇਟ ਕੀਤਾ ਗਿਆ ਸਿਸਟਮੈਟਿਕ ਏਲੀਅਨ ਵੈਰੀਫਿਕੇਸ਼ਨ ਫਾਰ ਇੰਟਾਈਟਲਮੈਂਟਸ (SAVE) ਸਿਸਟਮ ਨਿੱਜੀ ਜਾਣਕਾਰੀ ਦੀ ਸੁਰੱਖਿਆ ਨਾਲ ਸੰਬੰਧਿਤ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ।

ਟਰੰਪ ਪ੍ਰਸ਼ਾਸਨ ਨੇ ਇਸ ਸਿਸਟਮ ਨੂੰ ਆਪਣੀ ਚੋਣ ਇਮਾਨਦਾਰੀ ਯੋਜਨਾ ਦਾ ਇੱਕ ਮਹੱਤਵਪੂਰਨ ਹਿੱਸਾ ਬਣਾਇਆ ਸੀ। ਸਰਕਾਰ ਦਾ ਮਕਸਦ ਇਹ ਪਤਾ ਲਗਾਉਣਾ ਸੀ ਕਿ ਕਿਤੇ ਰਾਜਾਂ ਦੀਆਂ ਵੋਟਰ ਸੂਚੀਆਂ ਵਿਚ ਗੈਰ-ਅਮਰੀਕੀ ਨਾਗਰਿਕ ਤਾਂ ਸ਼ਾਮਲ ਨਹੀਂ ਹਨ। ਇਸ ਲਈ SAVE ਡਾਟਾਬੇਸ ਦੀ ਵਰਤੋਂ ਕਰਕੇ ਨਾਗਰਿਕਤਾ ਨਾਲ ਜੁੜੀ ਜਾਣਕਾਰੀ ਦੀ ਜਾਂਚ ਕੀਤੀ ਜਾ ਰਹੀ ਸੀ।

ਪਰ ਪਟੀਸ਼ਨ ਦਾਇਰ ਕਰਨ ਵਾਲੀਆਂ ਸੰਸਥਾਵਾਂ ਨੇ ਦਲੀਲ ਦਿੱਤੀ ਕਿ ਇਸ ਨਵੇਂ ਸਿਸਟਮ ਰਾਹੀਂ ਲੱਖਾਂ ਅਮਰੀਕੀ ਨਾਗਰਿਕਾਂ ਦੀ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਇੱਕ ਕੇਂਦਰੀ ਡਾਟਾਬੇਸ ਵਿਚ ਇਕੱਠੀ ਕੀਤੀ ਜਾ ਰਹੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਕਾਰਨ ਅਸਲ ਅਮਰੀਕੀ ਨਾਗਰਿਕਾਂ ਦੇ ਨਾਮ ਵੀ ਗਲਤੀ ਨਾਲ ਵੋਟਰ ਸੂਚੀਆਂ ਵਿਚੋਂ ਹਟਾਏ ਜਾ ਸਕਦੇ ਹਨ, ਜਿਸ ਨਾਲ ਉਨ੍ਹਾਂ ਦੇ ਵੋਟ ਦੇ ਸੰਵਿਧਾਨਕ ਅਧਿਕਾਰ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਆਪਣੇ ਫ਼ੈਸਲੇ ਵਿਚ ਜੱਜ ਸੂਕਨਾਨਨ ਨੇ ਕਿਹਾ ਕਿ "ਫੈਡਰਲ ਸਰਕਾਰ ਨੇ ਜਾਣਬੁੱਝ ਕੇ ਅਮਰੀਕੀ ਨਾਗਰਿਕਾਂ ਦੀ ਨਿੱਜਤਾ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ ਇਸ ਤਰ੍ਹਾਂ ਵੋਟ ਦੇ ਪਵਿੱਤਰ ਅਧਿਕਾਰ ਨੂੰ ਖ਼ਤਰੇ ਵਿਚ ਪਾਇਆ ਹੈ। ਅਦਾਲਤ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ।"

ਜੱਜ ਨੇ ਇਹ ਵੀ ਕਿਹਾ ਕਿ ਕਾਂਗਰਸ ਪਹਿਲਾਂ ਹੀ ਅਜਿਹੇ ਕੇਂਦਰੀ ਡਾਟਾਬੇਸ ਬਣਾਉਣ 'ਤੇ ਪਾਬੰਦੀ ਲਾ ਚੁੱਕੀ ਹੈ, ਜਿਨ੍ਹਾਂ ਵਿਚ ਅਮਰੀਕੀ ਨਾਗਰਿਕਾਂ ਦੀ ਨਿੱਜੀ ਪਛਾਣ ਵਾਲੀ ਜਾਣਕਾਰੀ ਇਕੱਠੀ ਕੀਤੀ ਜਾਵੇ। ਉਨ੍ਹਾਂ ਦੇ ਅਨੁਸਾਰ, ਇਸ ਯੋਜਨਾ ਵਿਚ ਸ਼ਾਮਲ ਫੈਡਰਲ ਏਜੰਸੀਆਂ ਨੂੰ ਵੀ ਪਤਾ ਸੀ ਕਿ SAVE ਡਾਟਾਬੇਸ ਨਾਲ ਕਾਨੂੰਨੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਇਹ ਫ਼ੈਸਲਾ ਟਰੰਪ ਪ੍ਰਸ਼ਾਸਨ ਲਈ ਇੱਕ ਵੱਡਾ ਕਾਨੂੰਨੀ ਝਟਕਾ ਮੰਨਿਆ ਜਾ ਰਿਹਾ ਹੈ, ਕਿਉਂਕਿ ਇਹ ਪ੍ਰੋਗਰਾਮ ਰਾਸ਼ਟਰਪਤੀ ਵੱਲੋਂ ਇਸ ਸਾਲ ਜਾਰੀ ਕੀਤੇ ਗਏ ਚੋਣ ਕਾਰਜਕਾਰੀ ਹੁਕਮ ਦਾ ਇੱਕ ਮਹੱਤਵਪੂਰਨ ਹਿੱਸਾ ਸੀ। ਹੁਣ ਇਸ ਫ਼ੈਸਲੇ ਤੋਂ ਬਾਅਦ ਇਸ ਯੋਜਨਾ ਦਾ ਭਵਿੱਖ ਅਨਿਸ਼ਚਿਤ ਬਣ ਗਿਆ ਹੈ।

ਫ਼ੈਸਲੇ ਤੋਂ ਬਾਅਦ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੇ ਜਨਰਲ ਕੌਂਸਲ ਜੇਮਸ ਪਰਸੀਵਲ ਨੇ ਸੋਸ਼ਲ ਮੀਡੀਆ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ "ਇਹ ਹੈਰਾਨੀ ਦੀ ਗੱਲ ਹੈ ਕਿ ਖੱਬੇ ਪੱਖੀ ਲੋਕ ਉਸ ਸਮੱਸਿਆ ਦਾ ਹੱਲ ਵੀ ਰੋਕਣਾ ਚਾਹੁੰਦੇ ਹਨ, ਜਿਸ ਦੀ ਮੌਜੂਦਗੀ ਤੋਂ ਉਹ ਖੁਦ ਇਨਕਾਰ ਕਰਦੇ ਹਨ।"

ਦੂਜੇ ਪਾਸੇ, ਵੋਟਿੰਗ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਅਮਰੀਕੀ ਨਾਗਰਿਕਾਂ ਦੀ ਨਿੱਜਤਾ ਅਤੇ ਵੋਟ ਦੇ ਅਧਿਕਾਰ ਦੀ ਸੁਰੱਖਿਆ ਲਈ ਮਹੱਤਵਪੂਰਨ ਹੈ।

ਇਹ ਮਾਮਲਾ ਅਜੇ ਇੱਥੇ ਖ਼ਤਮ ਨਹੀਂ ਹੋਇਆ। ਟਰੰਪ ਪ੍ਰਸ਼ਾਸਨ ਇਸ ਫ਼ੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦੇ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਇਹ ਵਿਵਾਦ ਅਮਰੀਕੀ ਅਪੀਲ ਅਦਾਲਤ ਜਾਂ ਸੰਭਵ ਤੌਰ 'ਤੇ ਸੁਪਰੀਮ ਕੋਰਟ ਤੱਕ ਵੀ ਪਹੁੰਚ ਸਕਦਾ ਹੈ।

# ਟੈਂਪਰੇਰੀ ਸਟੇਟਸ 'ਤੇ ਰਹਿ ਰਹੇ ਪ੍ਰਵਾਸੀਆਂ ਲਈ ਸਖ਼ਤ ਸੰਦੇਸ਼!

**ਪੱਕਾ ਇਮੀਗ੍ਰੇਸ਼ਨ ਦਰਜਾ ਹਾਸਲ ਕਰੋ ਜਾਂ ਆਪਣੇ ਦੇਸ਼ ਵਾਪਸ ਜਾਓ: ਹੋਮਲੈਂਡ ਸਕਿਓਰਿਟੀ ਸੈਕਟਰੀ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਤਹਿਤ ਰਹਿ ਰਹੇ ਹਜ਼ਾਰਾਂ ਪ੍ਰਵਾਸੀਆਂ ਲਈ ਟਰੰਪ ਪ੍ਰਸ਼ਾਸਨ ਨੇ ਸਖ਼ਤ ਸੰਦੇਸ਼ ਦਿੱਤਾ ਹੈ। ਯੂ.ਐੱਸ. ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ ਨੇ ਕਿਹਾ ਹੈ ਕਿ ਜਿਹੜੇ ਲੋਕ ਅਮਰੀਕਾ ਵਿਚ ਅਸਥਾਈ ਸੁਰੱਖਿਆ ਦਰਜੇ (ਟੀ.ਪੀ.ਐੱਸ.) 'ਤੇ ਰਹਿ ਰਹੇ ਹਨ, ਉਹ ਜੇਕਰ ਪੱਕੇ ਇਮੀਗ੍ਰੇਸ਼ਨ ਦਰਜੇ ਲਈ ਯੋਗ ਹਨ, ਤਾਂ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ, ਨਹੀਂ ਤਾਂ ਆਪਣੇ ਦੇਸ਼ ਵਾਪਸ ਜਾਣ ਦੀ ਤਿਆਰੀ ਕਰਨ।

ਰਾਇਟਰਜ਼ ਦੀ ਰਿਪੋਰਟ ਮੁਤਾਬਕ, ਮੁਲਿਨ ਨੇ ਇਹ ਗੱਲ ਸੀ.ਐੱਨ.ਐੱਨ. ਦੇ "ਸਟੇਟ ਆਫ਼ ਦਾ ਯੂਨੀਅਨ" ਪ੍ਰੋਗਰਾਮ ਦੌਰਾਨ ਕਹੀ।

ਮੁਲਿਨ ਨੇ ਕਿਹਾ ਕਿ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ ਆਪਣੇ ਨਾਮ ਵਾਂਗ ਹੀ ਅਸਥਾਈ ਹੈ, ਨਾ ਕਿ ਸਥਾਈ ਇਮੀਗ੍ਰੇਸ਼ਨ ਦਰਜਾ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣ ਲਈ ਕਿਸੇ ਹੋਰ ਕਾਨੂੰਨੀ ਰਸਤੇ ਰਾਹੀਂ ਯੋਗ ਹਨ, ਉਹ ਆਪਣੀ ਇਮੀਗ੍ਰੇਸ਼ਨ ਅਰਜ਼ੀ ਦਾਇਰ ਕਰਨ। ਜੇਕਰ ਕੋਈ ਯੋਗ ਨਹੀਂ ਹੈ, ਤਾਂ ਸਰਕਾਰ ਉਸ ਦੀ ਆਪਣੇ ਦੇਸ਼ ਵਾਪਸੀ ਵਿਚ ਮਦਦ ਕਰੇਗੀ। ਰਾਇਟਰਜ਼ ਮੁਤਾਬਕ ਮੁਲਿਨ ਨੇ ਕਿਹਾ ਕਿ ਸਰਕਾਰ ਵਾਪਸੀ ਲਈ ਹਵਾਈ ਟਿਕਟ ਮੁਹੱਈਆ ਕਰਵਾਏਗੀ ਅਤੇ ਨਵੇਂ ਸਿਰੇ ਨਾਲ ਜੀਵਨ ਸ਼ੁਰੂ ਕਰਨ ਲਈ ਲਗਭਗ 2,100 ਡਾਲਰ ਦੀ ਸਹਾਇਤਾ ਵੀ ਦਿੱਤੀ ਜਾਵੇਗੀ। ਹਾਲਾਂਕਿ, ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦੀ ਸੀ.ਬੀ.ਪੀ. ਹੋਮ ਯੋਜਨਾ ਅਨੁਸਾਰ ਸਵੈ-ਇੱਛਾ ਨਾਲ ਦੇਸ਼ ਛੱਡਣ ਵਾਲਿਆਂ ਲਈ ਮੁਫ਼ਤ ਯਾਤਰਾ ਅਤੇ ਯੋਗ ਉਮੀਦਵਾਰਾਂ ਲਈ 2,600 ਡਾਲਰ ਤੱਕ ਦੀ ਵਿੱਤੀ ਸਹਾਇਤਾ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਇਹ ਬਿਆਨ ਉਸ ਸਮੇਂ ਸਾਹਮਣੇ ਆਇਆ ਹੈ, ਜਦੋਂ ਅਮਰੀਕੀ ਸੁਪਰੀਮ ਕੋਰਟ ਨੇ ਇੱਕ ਫ਼ੈਸਲੇ ਵਿਚ ਟਰੰਪ ਪ੍ਰਸ਼ਾਸਨ ਨੂੰ ਹੈਤੀ ਅਤੇ ਸੀਰੀਆ ਦੇ ਟੀ.ਪੀ.ਐੱਸ. ਲਾਭਪਾਤਰੀਆਂ ਲਈ ਸੁਰੱਖਿਆ ਖ਼ਤਮ ਕਰਨ ਦੀ ਇਜਾਜ਼ਤ ਦਿੱਤੀ ਹੈ। ਰਾਇਟਰਜ਼ ਦੇ ਅਨੁਸਾਰ ਇਸ ਫ਼ੈਸਲੇ ਨਾਲ 3.5 ਲੱਖ ਤੋਂ ਵੱਧ ਹੈਤੀਅਨ ਅਤੇ ਲਗਭਗ 6,100 ਸੀਰੀਆਈ ਪ੍ਰਵਾਸੀ ਪ੍ਰਭਾਵਿਤ ਹੋ ਸਕਦੇ ਹਨ।

ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਇੱਕ ਮਨੁੱਖੀ ਆਧਾਰ 'ਤੇ ਦਿੱਤਾ ਜਾਣ ਵਾਲਾ ਇਮੀਗ੍ਰੇਸ਼ਨ ਸੁਰੱਖਿਆ ਪ੍ਰੋਗਰਾਮ ਹੈ। ਯੂ.ਐੱਸ.ਸੀ.ਆਈ.ਐੱਸ. ਮੁਤਾਬਕ, ਇਹ ਦਰਜਾ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ, ਜਿੱਥੇ ਜੰਗ, ਕੁਦਰਤੀ ਆਫ਼ਤ, ਰਾਜਨੀਤਿਕ ਅਸਥਿਰਤਾ ਜਾਂ ਹੋਰ ਅਸਧਾਰਨ ਹਾਲਾਤ ਕਾਰਨ ਸੁਰੱਖਿਅਤ ਵਾਪਸੀ ਸੰਭਵ ਨਾ ਹੋਵੇ। ਟੀ.ਪੀ.ਐੱਸ. ਹਾਸਲ ਕਰਨ ਵਾਲੇ ਵਿਅਕਤੀਆਂ ਨੂੰ ਅਸਥਾਈ ਤੌਰ 'ਤੇ ਡਿਪੋਰਟੇਸ਼ਨ ਤੋਂ ਸੁਰੱਖਿਆ ਅਤੇ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਮਿਲ ਸਕਦੀ ਹੈ, ਪਰ ਇਹ ਆਪਣੇ ਆਪ ਗ੍ਰੀਨ ਕਾਰਡ ਜਾਂ ਸਥਾਈ ਨਿਵਾਸ ਨਹੀਂ ਦਿੰਦਾ।

ਹੈਤੀ ਦੇ ਲੋਕਾਂ ਨੂੰ ਪਹਿਲੀ ਵਾਰ 2010 ਦੇ ਭਿਆਨਕ ਭੂਚਾਲ ਤੋਂ ਬਾਅਦ ਟੀ.ਪੀ.ਐੱਸ. ਦਿੱਤਾ ਗਿਆ ਸੀ। ਜਦਕਿ ਸੀਰੀਆ ਦੇ ਨਾਗਰਿਕਾਂ ਨੂੰ 2012 ਵਿਚ ਸ਼ੁਰੂ ਹੋਏ ਗ੍ਰਹਿ ਯੁੱਧ ਤੋਂ ਬਾਅਦ ਇਹ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਟੀ.ਪੀ.ਐੱਸ. ਨੂੰ ਸਥਾਈ ਇਮੀਗ੍ਰੇਸ਼ਨ ਪ੍ਰੋਗਰਾਮ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਅਤੇ ਇਹ ਹਮੇਸ਼ਾ ਲਈ ਜਾਰੀ ਨਹੀਂ ਰਹਿ ਸਕਦਾ।

ਦੂਜੇ ਪਾਸੇ ਕਈ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਰਾਜਨੀਤਿਕ ਆਗੂਆਂ ਨੇ ਇਸ ਨੀਤੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੈਤੀ ਅਤੇ ਸੀਰੀਆ ਵਿਚ ਅਜੇ ਵੀ ਸੁਰੱਖਿਆ ਹਾਲਾਤ ਆਮ ਨਹੀਂ ਹੋਏ। ਅਮਰੀਕੀ ਸਟੇਟ ਡਿਪਾਰਟਮੈਂਟ ਦੀ ਹੈਤੀ ਟ੍ਰੈਵਲ ਐਡਵਾਇਜ਼ਰੀ, ਅਜੇ ਵੀ "Do Not Travel" ਪੱਧਰ 'ਤੇ ਹੈ, ਜਿਸ ਵਿਚ ਅਗਵਾ, ਹਿੰਸਾ, ਅਪਰਾਧ, ਅੱਤਵਾਦ ਅਤੇ ਸਿਹਤ ਸਹੂਲਤਾਂ ਦੀ ਘਾਟ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਸੀਰੀਆ ਲਈ ਵੀ ਸੁਰੱਖਿਆ ਖ਼ਤਰਿਆਂ ਅਤੇ ਸੀਮਤ ਅਮਰੀਕੀ ਕੌਂਸਲਰ ਸੇਵਾਵਾਂ ਬਾਰੇ ਚੇਤਾਵਨੀ ਜਾਰੀ ਹੈ।

ਓਹਾਇਓ ਦੇ ਗਵਰਨਰ ਮਾਈਕ ਡੀਵਾਈਨ ਨੇ ਵੀ ਇਸ ਨੀਤੀ 'ਤੇ ਸਵਾਲ ਖੜ੍ਹੇ ਕੀਤੇ ਹਨ। ਰਾਇਟਰਜ਼ ਮੁਤਾਬਕ, ਉਨ੍ਹਾਂ ਕਿਹਾ ਕਿ ਹੈਤੀਅਨ ਪ੍ਰਵਾਸੀਆਂ ਨੂੰ ਇਸ ਸਮੇਂ ਵਾਪਸ ਭੇਜਣਾ ਸੁਰੱਖਿਅਤ ਨਹੀਂ ਹੈ ਅਤੇ ਇਸ ਨਾਲ ਓਹਾਇਓ ਦੀ ਅਰਥਵਿਵਸਥਾ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕਈ ਹੈਤੀਅਨ ਕਰਮਚਾਰੀ ਹੈਲਥਕੇਅਰ, ਨਰਸਿੰਗ ਹੋਮਜ਼ ਅਤੇ ਬਜ਼ੁਰਗਾਂ ਦੀ ਦੇਖਭਾਲ ਨਾਲ ਜੁੜੀਆਂ ਸੇਵਾਵਾਂ 'ਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਇਹ ਮਾਮਲਾ ਸਿਰਫ਼ ਇਮੀਗ੍ਰੇਸ਼ਨ ਤੱਕ ਸੀਮਤ ਨਹੀਂ ਹੈ। **Axios** ਦੀ ਰਿਪੋਰਟ ਮੁਤਾਬਕ, ਜੇ ਟੀ.ਪੀ.ਐੱਸ. ਸੁਰੱਖਿਆ ਖ਼ਤਮ ਹੁੰਦੀ ਹੈ, ਤਾਂ ਸੀਨੀਅਰ ਕੇਅਰ, ਹੋਮ ਕੇਅਰ ਅਤੇ ਨਰਸਿੰਗ ਹੋਮ ਖੇਤਰਾਂ ਵਿਚ ਕਰਮਚਾਰੀਆਂ ਦੀ ਘਾਟ ਹੋਰ ਵੱਧ ਸਕਦੀ ਹੈ, ਕਿਉਂਕਿ ਕਈ ਹੈਤੀਅਨ ਅਤੇ ਸੀਰੀਅਨ ਕਰਮਚਾਰੀ ਇਸ ਵਰਕਫੋਰਸ ਦਾ ਮਹੱਤਵਪੂਰਨ ਹਿੱਸਾ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਟੀ.ਪੀ.ਐੱਸ. ਧਾਰਕਾਂ ਨੂੰ ਤੁਰੰਤ ਆਪਣੇ ਕੇਸ ਦੀ ਸਮੀਖਿਆ ਕਰਵਾਉਣੀ ਚਾਹੀਦੀ ਹੈ। ਕੁਝ ਲੋਕ ਫੈਮਿਲੀ ਬੇਸਡ ਪਟੀਸ਼ਨ, ਰੁਜ਼ਗਾਰ-ਆਧਾਰਿਤ ਇਮੀਗ੍ਰੇਸ਼ਨ, ਅਸਾਇਲਮ, ਐਡਜਸਮੈਂਟ ਆਫ ਸਟੇਟਸ ਜਾਂ ਹੋਰ ਕਾਨੂੰਨੀ ਰਾਹਤ ਲਈ ਯੋਗ ਹੋ ਸਕਦੇ ਹਨ। ਪਰ ਹਰ ਕੇਸ ਵੱਖਰਾ ਹੁੰਦਾ ਹੈ। ਇਸ ਲਈ ਬਿਨਾਂ ਕਿਸੇ ਯੋਗ ਇਮੀਗ੍ਰੇਸ਼ਨ ਵਕੀਲ ਦੀ ਸਲਾਹ ਦੇ ਕੋਈ ਵੀ ਨਵੀਂ ਅਰਜ਼ੀ ਦਾਇਰ ਕਰਨਾ ਜਾਂ ਅਮਰੀਕਾ ਛੱਡਣ ਦਾ ਫ਼ੈਸਲਾ ਕਰਨਾ ਜ਼ੋਖ਼ਮ ਭਰਿਆ ਹੋ ਸਕਦਾ ਹੈ।

ਜਿਨ੍ਹਾਂ ਲੋਕਾਂ ਨੇ ਟੀ.ਪੀ.ਐੱਸ. ਮਿਲਣ ਤੋਂ ਪਹਿਲਾਂ ਗੈਰ-ਕਾਨੂੰਨੀ ਮੌਜੂਦਗੀ (ਗੈਰ-ਕਾਨੂੰਨੀ ਮੌਜੂਦਗੀ) ਇਕੱਠੀ ਕੀਤੀ ਹੈ, ਜਿਨ੍ਹਾਂ ਖ਼ਿਲਾਫ਼ ਰੀਮੂਵਲ ਆਰਡਰ ਹੈ, ਕ੍ਰਿਮੀਨਲ ਹਿਸਟਰੀ ਹੈ ਜਾਂ ਇਮੀਗ੍ਰੇਸ਼ਨ ਫਰਾਡ ਨਾਲ ਜੁੜਿਆ ਕੋਈ ਮਾਮਲਾ ਹੈ, ਉਨ੍ਹਾਂ ਲਈ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਅਜਿਹੇ ਵਿਅਕਤੀਆਂ ਵੱਲੋਂ ਅਮਰੀਕਾ ਛੱਡਣ 'ਤੇ 3 ਸਾਲ ਦੀ ਪਾਬੰਦੀ, 10 ਸਾਲ ਦੀ ਪਾਬੰਦੀ, ਅਯੋਗਤਾ ਜਾਂ ਭਵਿੱਖ ਵਿਚ ਦੁਬਾਰਾ ਦਾਖ਼ਲੇ ਨਾਲ ਸੰਬੰਧਿਤ ਕਾਨੂੰਨੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਕਿਸੇ ਵੀ ਸਵੈਇੱਛਤ ਵਿਦਾਇਗੀ ਜਾਂ ਸਰਕਾਰ ਦੀ ਵਾਪਸੀ ਯੋਜਨਾ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣੀ ਬਹੁਤ ਜ਼ਰੂਰੀ ਹੈ।

# ਵੀਜ਼ਾ ਓਵਰਸਟੇਅ: ਅਮਰੀਕਾ 'ਚ ਮਿਆਦ ਤੋਂ ਵੱਧ ਰਹਿਣਾ ਪੈ ਸਕਦਾ ਹੈ ਮਹਿੰਗਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਆਉਣ ਵਾਲੇ ਕਈ ਲੋਕ ਇੱਕ ਆਮ ਪਰ ਗੰਭੀਰ ਗਲਤੀ ਕਰ ਬੈਠਦੇ ਹਨ। ਉਹ ਸਮਝਦੇ ਹਨ ਕਿ ਜਦੋਂ ਤੱਕ ਉਨ੍ਹਾਂ ਦੇ ਪਾਸਪੋਰਟ 'ਤੇ ਲੱਗਿਆ ਵੀਜ਼ਾ ਵੈਧ ਹੈ, ਉਦੋਂ ਤੱਕ ਉਹ ਅਮਰੀਕਾ ਵਿਚ ਰਹਿ ਸਕਦੇ ਹਨ। ਹਾਲਾਂਕਿ, ਅਮਰੀਕੀ ਇਮੀਗ੍ਰੇਸ਼ਨ ਨਿਯਮਾਂ ਅਨੁਸਾਰ ਅਮਰੀਕਾ ਵਿਚ ਰਹਿਣ ਦੀ ਮਿਆਦ ਵੀਜ਼ਾ ਸਟੈਂਪ ਨਾਲ ਨਹੀਂ, ਸਗੋਂ ਆਈ-94 ਰਿਕਾਰਡ ਨਾਲ ਤੈਅ ਹੁੰਦੀ ਹੈ। ਜੇਕਰ ਆਈ-94 'ਤੇ ਦਰਜ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਕੋਈ ਵਿਅਕਤੀ ਅਮਰੀਕਾ ਵਿਚ ਰਹਿੰਦਾ ਹੈ, ਤਾਂ ਇਸਨੂੰ ਵੀਜ਼ਾ ਓਵਰਸਟੇਅ ਮੰਨਿਆ ਜਾ ਸਕਦਾ ਹੈ, ਜਿਸਦੇ ਗੰਭੀਰ ਇਮੀਗ੍ਰੇਸ਼ਨ ਨਤੀਜੇ ਨਿਕਲ ਸਕਦੇ ਹਨ।

ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਮੁਤਾਬਕ, ਜੇ ਕੋਈ ਵਿਅਕਤੀ ਆਪਣੀ ਮਨਜ਼ੂਰਸ਼ੁਦਾ ਰਹਿਣ ਦੀ ਮਿਆਦ ਤੋਂ ਬਾਅਦ ਵੀ ਅਮਰੀਕਾ ਵਿਚ ਰਹਿੰਦਾ ਹੈ, ਤਾਂ ਉਸਦੀ ਗੈਰ-ਕਾਨੂੰਨੀ ਮੌਜੂਦਗੀ ਸ਼ੁਰੂ ਹੋ ਸਕਦੀ ਹੈ। ਇਸ ਦਾ ਅਸਰ ਭਵਿੱਖ ਵਿਚ ਵੀਜ਼ਾ, ਗ੍ਰੀਨ ਕਾਰਡ, ਐਡਜਸਮੈਂਟ ਆਫ ਸਟੇਟਸ ਅਤੇ ਦੁਬਾਰਾ ਅਮਰੀਕਾ ਦਾਖ਼ਲੇ 'ਤੇ ਪੈ ਸਕਦਾ ਹੈ।

ਵੀਜ਼ਾ ਓਵਰਸਟੇਅ ਦਾ ਸਭ ਤੋਂ ਪਹਿਲਾ ਨਤੀਜਾ ਇਹ ਹੋ ਸਕਦਾ ਹੈ ਕਿ ਤੁਹਾਡਾ ਮੌਜੂਦਾ ਨਾਨਇਮੀਗਰੈਂਟ ਵੀਜ਼ਾ ਆਪਣੇ ਆਪ ਅਵੈਧ ਮੰਨਿਆ ਜਾਵੇ। ਅਮਰੀਕੀ ਕਾਨੂੰਨ ਆਈ.ਐੱਨ.ਏ. ਸੈਕਸ਼ਨ 222(ਜੀ) ਅਨੁਸਾਰ, ਜੇ ਕੋਈ ਵਿਅਕਤੀ ਆਪਣੀ ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਰਹਿੰਦਾ ਹੈ, ਤਾਂ ਉਸਦਾ ਵੀਜ਼ਾ ਆਟੋਮੈਟਿਕ ਤੌਰ 'ਤੇ ਰੱਦ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ ਭਵਿੱਖ ਦਾ ਨਵਾਂ ਵੀਜ਼ਾ ਆਮ ਤੌਰ 'ਤੇ ਆਪਣੇ ਨਾਗਰਿਕਤਾ ਵਾਲੇ ਦੇਸ਼ ਵਿਚ ਸਥਿਤ ਅਮਰੀਕੀ ਦੂਤਾਵਾਸ ਤੋਂ ਹੀ ਲੈਣਾ ਪੈਂਦਾ ਹੈ।

ਵੀਜ਼ਾ ਓਵਰਸਟੇਅ ਨਾਲ ਜੁੜਿਆ ਸਭ ਤੋਂ ਵੱਡਾ ਖ਼ਤਰਾ 3 ਸਾਲ ਅਤੇ 10 ਸਾਲ ਦੀ ਪਾਬੰਦੀ ਦਾ ਹੈ। ਜੇਕਰ ਕੋਈ ਵਿਅਕਤੀ 180 ਦਿਨ ਤੋਂ ਵੱਧ ਪਰ ਇੱਕ ਸਾਲ ਤੋਂ ਘੱਟ ਸਮੇਂ ਲਈ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿੰਦਾ ਹੈ ਅਤੇ ਫਿਰ ਦੇਸ਼ ਛੱਡਦਾ ਹੈ, ਤਾਂ ਉਸ 'ਤੇ 3 ਸਾਲ ਲਈ ਅਮਰੀਕਾ ਵਿਚ ਦਾਖ਼ਲੇ ਦੀ ਪਾਬੰਦੀ ਲੱਗ ਸਕਦੀ ਹੈ।

ਜੇ ਗੈਰ-ਕਾਨੂੰਨੀ ਰਹਿਣ ਦੀ ਮਿਆਦ ਇੱਕ ਸਾਲ ਜਾਂ ਇਸ ਤੋਂ ਵੱਧ ਹੋ ਜਾਂਦੀ ਹੈ ਅਤੇ ਵਿਅਕਤੀ ਅਮਰੀਕਾ ਛੱਡਦਾ ਹੈ, ਤਾਂ ਉਸ 'ਤੇ 10 ਸਾਲ ਲਈ ਅਮਰੀਕਾ ਵਿਚ ਦਾਖ਼ਲੇ 'ਤੇ ਪਾਬੰਦੀ ਲੱਗ ਸਕਦੀ ਹੈ।

ਜਿਹੜੇ ਵਿਅਕਤੀ ਇੱਕ ਵਾਰ ਵੀਜ਼ਾ ਓਵਰਸਟੇਅ ਕਰਦੇ ਹਨ, ਉਨ੍ਹਾਂ ਲਈ ਭਵਿੱਖ ਵਿਚ ਵਿਜ਼ਟਰ ਵੀਜ਼ਾ, ਸਟੂਡੈਂਟ ਵੀਜ਼ਾ, ਵਰਕ ਵੀਜ਼ਾ ਜਾਂ ਹੋਰ ਕਿਸੇ ਵੀ ਨਾਨਇਮੀਗਰੈਂਟ ਵੀਜ਼ਾ ਦੀ ਮਨਜ਼ੂਰੀ ਔਖੀ ਹੋ ਸਕਦੀ ਹੈ। ਕੌਂਸਲਰ ਅਧਿਕਾਰੀ ਇਹ ਦੇਖਦੇ ਹਨ ਕਿ ਕੀ ਪਹਿਲਾਂ ਵੀਜ਼ਾ ਦੀਆਂ ਸ਼ਰਤਾਂ ਦੀ ਉਲੰਘਣਾ ਹੋਈ ਸੀ ਅਤੇ ਕੀ ਅਰਜ਼ੀਕਾਰ ਭਵਿੱਖ ਵਿਚ ਵੀ ਨਿਯਮਾਂ ਦੀ ਪਾਲਣਾ ਕਰੇਗਾ।

# ਹੈਦਰਾਬਾਦ 'ਚ ਡੋਨਾਲਡ ਟਰੰਪ ਦੇ ਨਾਂ 'ਤੇ ਰੱਖਿਆ ਸੜਕ ਦਾ ਨਾਮ





**ਅਮਰੀਕੀ ਰਾਸ਼ਟਰਪਤੀ ਨੇ ਵੀ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' ਤੇ ਪਾਈ ਪੋਸਟ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਹੈਦਰਾਬਾਦ ਸ਼ਹਿਰ ਵਿਚ ਇੱਕ ਸੜਕ ਦਾ ਨਾਮ ਉਨ੍ਹਾਂ ਦੇ ਨਾਮ 'ਤੇ ਰੱਖਣ 'ਤੇ ਖੁਸ਼ੀ ਜ਼ਾਹਰ ਕੀਤੀ ਹੈ ਅਤੇ ਭਾਰਤ ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਸਨਮਾਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਉਨ੍ਹਾਂ ਨੇ ਇਸ ਨੂੰ "ਬੇਮਿਸਾਲ ਸਨਮਾਨ" ਦੱਸਿਆ। ਰਾਸ਼ਟਰਪਤੀ ਟਰੰਪ ਨੇ ਇਸ ਸਬੰਧ ਵਿਚ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਸਾਂਝੀ ਕੀਤੀ। ਹੈਦਰਾਬਾਦ ਵਿਚ ਆਯੋਜਿਤ ਉਦਘਾਟਨ ਸਮਾਰੋਹ ਦੀ ਇੱਕ ਫੋਟੋ ਸਾਂਝੀ ਕਰਦਿਆਂ.. "ਭਾਰਤ ਦੇ ਹੈਦਰਾਬਾਦ ਵਿਚ ਨਵੀਂ ਸਥਾਪਿਤ ਸੜਕ ਦਾ ਨਾਮ ਡੋਨਾਲਡ ਟਰੰਪ ਐਵੇਨਿਊ ਰੱਖਿਆ ਗਿਆ ਹੈ। ਮੈਂ ਇਸ ਤਰ੍ਹਾਂ ਦਾ ਸਨਮਾਨ ਪ੍ਰਾਪਤ ਕਰਨ ਵਾਲਾ ਪਹਿਲਾ ਅਮਰੀਕੀ ਰਾਸ਼ਟਰਪਤੀ ਹਾਂ।" ਉਨ੍ਹਾਂ ਨੇ ਆਪਣਾ ਧੰਨਵਾਦ ਪ੍ਰਗਟ ਕੀਤਾ। ਟਰੰਪ ਦਾ ਇਹ ਜਵਾਬ ਤੇਲੰਗਾਨਾ ਸਰਕਾਰ ਵੱਲੋਂ ਅਮਰੀਕੀ ਦੂਤਾਵਾਸ ਦੇ ਨਾਲ ਲੱਗਦੀ ਇੱਕ ਵੱਡੀ ਸੜਕ ਦਾ ਅਧਿਕਾਰਤ ਤੌਰ 'ਤੇ ਨਾਮ ਡੋਨਾਲਡ ਟਰੰਪ ਐਵੇਨਿਊ ਰੱਖਣ ਤੋਂ ਕੁਝ ਦਿਨ ਬਾਅਦ ਆਇਆ ਹੈ। ਤੇਲੰਗਾਨਾ ਸਰਕਾਰ ਨੇ ਇਹ ਫੈਸਲਾ ਹੈਦਰਾਬਾਦ ਸ਼ਹਿਰ ਦੀ ਅੰਤਰਰਾਸ਼ਟਰੀ ਮਾਨਤਾ ਨੂੰ ਹੋਰ ਵਧਾਉਣ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਮਜ਼ਬੂਤ ਸਬੰਧਾਂ ਨੂੰ ਦਰਸਾਉਣ ਲਈ ਲਿਆ ਹੈ। ਇਹ ਐਵੇਨਿਊ ਹੈਦਰਾਬਾਦ ਵਿੱਤੀ ਜ਼ਿਲ੍ਹੇ ਦੇ ਅੰਦਰ ਨਾਨਕਰਾਮਗੁੜਾ ਵਿਚ ਸਥਿਤ ਹੈ, ਜੋ ਕਿ ਗਲੋਬਲ ਤਕਨਾਲੋਜੀ ਕੰਪਨੀਆਂ ਅਤੇ ਅਮਰੀਕੀ ਕੂਟਨੀਤਕ ਮਿਸ਼ਨ ਦਾ ਘਰ ਹੈ।

# ਅਮਰੀਕੀ ਸੁਪਰੀਮ ਕੋਰਟ ਕੇਸ ਦਾ ਕਿਵੇਂ ਫੈਸਲਾ ਕਰਦੀ ਹੈ?



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੁਪਰੀਮ ਕੋਰਟ ਹਰ ਸਾਲ ਕਈ ਮਹੱਤਵਪੂਰਨ ਫੈਸਲੇ ਸੁਣਾਉਂਦੀ ਹੈ, ਪਰ ਕਿਸੇ ਵੀ ਵੱਡੇ ਫੈਸਲੇ ਤੋਂ ਪਹਿਲਾਂ ਇੱਕ ਲੰਬੀ ਅਤੇ ਸਖ਼ਤ ਕਾਨੂੰਨੀ ਪ੍ਰਕਿਰਿਆ ਹੁੰਦੀ ਹੈ। ਕੋਰਟ ਖੁਦ ਕੋਈ ਕੇਸ ਸ਼ੁਰੂ ਨਹੀਂ ਕਰਦੀ, ਸਗੋਂ ਹੇਠਲੀ ਅਦਾਲਤ ਵਿਚ ਹਾਰਨ ਵਾਲੀ ਪਾਰਟੀ ਸੁਪਰੀਮ ਕੋਰਟ ਨੂੰ ਕੇਸ ਸੁਣਨ ਦੀ ਅਰਜ਼ੀ ਦਿੰਦੀ ਹੈ। ਇਸਨੂੰ ਪ੍ਰਮਾਣ ਪੱਤਰ ਕਿਹਾ ਜਾਂਦਾ ਹੈ।

ਹਰ ਸਾਲ ਸੁਪਰੀਮ ਕੋਰਟ ਕੋਲ ਲਗਭਗ 4,000 ਅਰਜ਼ੀਆਂ ਆਉਂਦੀਆਂ ਹਨ, ਪਰ ਕੋਰਟ 80 ਤੋਂ ਵੀ ਘੱਟ ਕੇਸ ਸੁਣਦੀ ਹੈ। ਕਿਸੇ ਕੇਸ ਨੂੰ ਸੁਣਨ ਲਈ ਘੱਟੋ-ਘੱਟ ਚਾਰ ਜੱਜਾਂ ਦੀ ਸਹਿਮਤੀ ਲਾਜ਼ਮੀ ਹੁੰਦੀ ਹੈ, ਜਿਸਨੂੰ 'ਚਾਰ ਦਾ ਨਿਯਮ' ਕਿਹਾ ਜਾਂਦਾ ਹੈ।

ਜੇ ਕੋਰਟ ਕੇਸ ਸੁਣਨ ਲਈ ਤਿਆਰ ਹੋ ਜਾਵੇ, ਤਾਂ ਦੋਵਾਂ ਪੱਖਾਂ ਵੱਲੋਂ ਲਿਖਤੀ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਕਈ ਵਾਰ ਸਮਾਜਿਕ ਸੰਸਥਾਵਾਂ, ਵਪਾਰਕ ਗਰੁੱਪ ਜਾਂ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਵੀ ਮਿੱਤਰ, ਯਾਨੀ "ਫਰੈਂਡਸ ਆਫ ਕੋਰਟ" ਸੰਖੇਪ ਦਾਖਲ ਕਰਦੀਆਂ ਹਨ। ਇਸ ਤੋਂ ਬਾਅਦ ਮੌਖਿਕ ਦਲੀਲਾਂ ਹੁੰਦੇ ਹਨ, ਜਿੱਥੇ ਵਕੀਲ ਜੱਜਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹਨ।

ਫਿਰ ਸੁਪਰੀਮ ਕੋਰਟ ਦੇ ਜੱਜ ਨਿੱਜੀ ਮੀਟਿੰਗ ਵਿਚ ਕੇਸ 'ਤੇ ਚਰਚਾ ਕਰਦੇ ਹਨ ਅਤੇ ਆਪਣੀ ਮੁੱਢਲੀ ਰਾਇ ਦਿੰਦੇ ਹਨ। ਜੇ ਚੀਫ਼ ਜਸਟਿਸ ਬਹੁਮਤ ਵਿਚ ਹੋਵੇ, ਤਾਂ ਉਹ ਫੈਸਲਾ ਲਿਖਣ ਲਈ ਕਿਸੇ ਜੱਜ ਨੂੰ ਜ਼ਿੰਮੇਵਾਰੀ ਦਿੰਦਾ ਹੈ। ਜੇ ਚੀਫ਼ ਜਸਟਿਸ ਘੱਟ ਗਿਣਤੀ ਵਿਚ ਹੋਵੇ, ਤਾਂ ਬਹੁਮਤ ਵਾਲੇ ਸਭ ਤੋਂ ਸੀਨੀਅਰ ਜੱਜ ਇਹ ਜ਼ਿੰਮੇਵਾਰੀ ਦਿੰਦੇ ਹਨ।

ਫੈਸਲੇ ਦਾ ਡਰਾਫਟ ਕਈ ਵਾਰ ਸੋਧਿਆ ਜਾਂਦਾ ਹੈ। ਜੱਜ ਆਪਣੀ ਸਹਿਮਤੀ ਜਾਂ ਅਸਹਿਮਤੀ ਵੀ ਲਿਖ ਸਕਦੇ ਹਨ। ਅੰਤ ਵਿਚ ਕੋਰਟ ਆਪਣਾ ਫੈਸਲਾ ਜਨਤਕ ਤੌਰ 'ਤੇ ਜਾਰੀ ਕਰਦੀ ਹੈ। ਆਮ ਤੌਰ 'ਤੇ ਵੱਡੇ ਅਤੇ ਇਤਿਹਾਸਕ ਫੈਸਲੇ ਜੂਨ ਮਹੀਨੇ ਵਿਚ ਸੁਣਾਏ ਜਾਂਦੇ ਹਨ।

ਇਸ ਤਰ੍ਹਾਂ ਸੁਪਰੀਮ ਕੋਰਟ ਦਾ ਹਰ ਵੱਡਾ ਫੈਸਲਾ ਅਚਾਨਕ ਨਹੀਂ ਆਉਂਦਾ, ਬਲਕਿ ਮਹੀਨਿਆਂ ਦੀ ਕਾਨੂੰਨੀ ਦਲੀਲ, ਚਰਚਾ, ਵਿਚਾਰ-ਵਟਾਂਦਰੇ ਅਤੇ ਲਿਖਤੀ ਪ੍ਰਕਿਰਿਆ ਤੋਂ ਬਾਅਦ ਸਾਹਮਣੇ ਆਉਂਦਾ ਹੈ।

# ਫਲੋਰੀਡਾ 'ਚ ਨਵਾਂ ਬੈਂਕ ਸਕੈਮ; ਮਿੰਟਾਂ 'ਚ ਖਾਤੇ ਖਾਲੀ ਹੋਣ ਦਾ ਖਤਰਾ

**ਫਲੋਰੀਡਾ, (ਪੰਜਾਬ ਮੇਲ)-** ਫਲੋਰੀਡਾ ਵਿਚ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਨਵਾਂ ਅਤੇ ਖ਼ਤਰਨਾਕ ਬੈਂਕ ਸਕੈਮ ਸਾਹਮਣੇ ਆਇਆ ਹੈ। ਅਧਿਕਾਰੀਆਂ ਵੱਲੋਂ ਲੋਕਾਂ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਠੱਗ ਆਪਣੇ ਆਪ ਨੂੰ ਬੈਂਕ ਦੇ ਕਰਮਚਾਰੀ, ਫਰਾਡ ਇਨਵੈਸਟੀਗੇਟਰ ਜਾਂ ਕਈ ਵਾਰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਦੱਸ ਕੇ ਲੋਕਾਂ ਤੋਂ ਪੈਸੇ ਅਤੇ ਨਿੱਜੀ ਜਾਣਕਾਰੀ ਹਾਸਲ ਕਰ ਰਹੇ ਹਨ।

ਇਸ ਸਕੈਮ ਵਿਚ ਸਭ ਤੋਂ ਪਹਿਲਾਂ ਪੀੜਤ ਨੂੰ ਫੋਨ ਕੀਤਾ ਜਾਂਦਾ ਹੈ। ਫੋਨ ਕਰਨ ਵਾਲਾ ਵਿਅਕਤੀ ਕਹਿੰਦਾ ਹੈ ਕਿ ਤੁਹਾਡੇ ਬੈਂਕ ਖਾਤੇ ਵਿਚ ਸ਼ੱਕੀ ਲੈਣ-ਦੇਣ ਹੋਇਆ ਹੈ ਜਾਂ ਤੁਹਾਡੇ ਪੈਸੇ ਖ਼ਤਰੇ ਵਿਚ ਹਨ। ਇਸ ਤੋਂ ਬਾਅਦ ਪੀੜਤ ਨੂੰ ਘਬਰਾਹਟ ਵਿਚ ਲਿਆ ਕੇ ਉਸ ਤੋਂ ਬੈਂਕ ਦੀ ਜਾਣਕਾਰੀ, ਪਾਸਵਰਡ, ਪਿਨ ਨੰਬਰ ਜਾਂ ਵਨ-ਟਾਈਮ ਕੋਡ ਮੰਗਿਆ ਜਾਂਦਾ ਹੈ। ਕਈ ਮਾਮਲਿਆਂ ਵਿਚ ਲੋਕਾਂ ਨੂੰ ਵੱਡੀ ਰਕਮ ਕੱਢ ਕੇ ਕਿਸੇ ਖਾਸ ਪਤੇ 'ਤੇ ਭੇਜਣ ਲਈ ਵੀ ਕਿਹਾ ਗਿਆ।

ਸਕੈਮਰ ਕਾਲਰ ਆਈ.ਡੀ. ਨਾਲ ਧੋਖਾਧੜੀ ਵਰਗੀਆਂ ਤਕਨੀਕਾਂ ਵਰਤਦੇ ਹਨ, ਜਿਸ ਕਾਰਨ ਫੋਨ 'ਤੇ ਬੈਂਕ ਦਾ ਅਸਲੀ ਨੰਬਰ ਦਿਖਾਈ ਦੇ ਸਕਦਾ ਹੈ। ਇਸ ਕਰਕੇ ਲੋਕਾਂ ਨੂੰ ਲੱਗਦਾ ਹੈ ਕਿ ਕਾਲ ਸੱਚਮੁੱਚ ਬੈਂਕ ਵੱਲੋਂ ਆ ਰਹੀ ਹੈ। ਕੁਝ ਮਾਮਲਿਆਂ ਵਿਚ ਫਰਜ਼ੀ ਟੈਕਸਟ ਮੈਸੇਜ ਅਤੇ ਨਕਲੀ ਬੈਂਕ ਵੈੱਬਸਾਈਟਾਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ।

ਰਿਪੋਰਟ ਮੁਤਾਬਕ ਬ੍ਰੋਵਾਰਡ ਕਾਉਂਟੀ ਵਿਚ ਇੱਕ 22 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ 'ਤੇ ਦੋਸ਼ ਹੈ ਕਿ ਉਸ ਨੇ ਆਪਣੇ ਆਪ ਨੂੰ ਵੇਲਜ਼ ਫਾਰਗੋ ਦਾ ਨੁਮਾਇੰਦਾ ਦੱਸ ਕੇ ਇੱਕ ਬਜ਼ੁਰਗ ਵਿਅਕਤੀ ਤੋਂ ਹਜ਼ਾਰਾਂ ਡਾਲਰ ਠੱਗੇ। ਇੱਕ ਹੋਰ ਮਾਮਲੇ ਵਿਚ ਡੀਅਰਫੀਲਡ ਬੀਚ ਦੀ 26 ਸਾਲਾ ਮਹਿਲਾ 'ਤੇ ਦੋਸ਼ ਹੈ ਕਿ ਉਸ ਨੇ ਇੱਕ ਬਜ਼ੁਰਗ ਅਤੇ ਨੇਤਰਹੀਣ ਮਹਿਲਾ ਤੋਂ ਨਿੱਜੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਬੈਂਕ ਕਦੇ ਵੀ ਫੋਨ ਜਾਂ ਮੈਸੇਜ ਰਾਹੀਂ ਪਾਸਵਰਡ, ਪਿਨ ਨੰਬਰ, ਸੀ.ਵੀ.ਵੀ. ਕੋਡ, ਪੂਰਾ ਸੋਸ਼ਲ ਸਕਿਓਰਿਟੀ ਨੰਬਰ ਜਾਂ ਵਨ-ਟਾਈਮ ਕੋਡ ਨਹੀਂ ਮੰਗਦਾ। ਜੇ ਕੋਈ ਵਿਅਕਤੀ ਆਪਣੇ ਆਪ ਨੂੰ ਬੈਂਕ ਦਾ ਕਰਮਚਾਰੀ ਦੱਸ ਕੇ ਇਹ ਜਾਣਕਾਰੀ ਮੰਗਦਾ ਹੈ, ਤਾਂ ਤੁਰੰਤ ਕਾਲ ਕੱਟ ਦਿਓ ਅਤੇ ਆਪਣੇ ਬੈਂਕ ਦੇ ਅਸਲੀ ਨੰਬਰ 'ਤੇ ਵਾਪਸ ਫੋਨ ਕਰੋ। ਲੋਕਾਂ ਨੂੰ ਇਹ ਵੀ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਬੈਂਕ ਦੀ ਵੈੱਬਸਾਈਟ ਗੂਗਲ 'ਤੇ ਸਰਚ ਕਰਨ ਦੀ ਬਜਾਏ ਸਿੱਧੀ ਅਧਿਕਾਰਤ ਵੈੱਬਸਾਈਟ ਖੋਲ੍ਹਣ ਜਾਂ ਆਪਣੇ ਕਾਰਡ/ਸਟੇਟਮੈਂਟ 'ਤੇ ਦਿੱਤੇ ਨੰਬਰ ਦੀ ਵਰਤੋਂ ਕਰਨ। ਹਰ ਬੈਂਕ ਖਾਤੇ ਲਈ ਮਜ਼ਬੂਤ ਪਾਸਵਰਡ ਰੱਖੋ, ਟੂ-ਫੈਕਟਰ ਔਥੈਨਟੀਕੇਸ਼ਨ ਚਾਲੂ ਕਰੋ, ਪਰ ਆਪਣਾ ਵੈਰੀਫਿਕੇਸ਼ਨ ਕੋਡ ਕਦੇ ਵੀ ਕਿਸੇ ਨਾਲ ਸਾਂਝਾ ਨਾ ਕਰੋ।


VALLEJO TEEYAN
MELA 2026
Free Entry
Sunday July 19th, 2026 from 12-6pm
Only for Ladies and Children
Organizer
Sunita Verma
Hosted By
Asha Sharma
At Dan Foley Cultural Center
(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.
Come and enjoy a day filled with entertainment and festiveties, including Punjabi Folk songs and dances, Gidha, Boliyan and much more...
To Participate Rent Space for a booth, or Sponsor, Please Contact:
SUNITA VERMA : 707-853-9006
Email: sonalideep@gmail.com
Copyright@Punjab Mail USA
Flamingo
ARIA
Let Us make your event & dream come true
Catering & Banquet Hall
Full Service Catering Anywhere in California
Catering Up to 5000 Guest anywhere in California with full services
510-325-8433, 916-334-6000
Pardeep Paul
CHINNA JEWELLERS INC
7454 Stockton Blvd Suite A, Sacramento, CA 95823
Inderjit Singh
Din D Sharma Real Estate
Specialie in: Residental, Hotel, Motel Gas Stations and Liqyour Stores etc.
Residential, Loan Mod, Short Sale & Commercial Real Estate
510 Meadow Valley Cir. Fairfield, CA 94534
Phone 707-864-6181, Fax : 707-864-4276
din.sharma@aol.com
D D Sharma
Real Estate Consultant
DRE #0744678
amar GROCERY
INDIAN, PAKISTANI & FIJIAN GROCERY
1107 Texas Street, Fairfield, CA 94533
707-399-7100
amargrocery1107@gmail.com
Household utensils
Fresh produce
Clothing and jewelry and much more

# 16th Children Summer Sports Camp-2026

## 16ਵਾਂ ਬੱਚਿਆਂ ਦਾ ਖੇਡ ਕੈਂਪ-2026



ਗੁਰਚਰਨ ਸਿੰਘ ਢਿੱਲੋਂ
206-412-1559

**ਉਦਘਾਟਨ :** 5 ਜੁਲਾਈ 2026, ਦਿਨ ਐਤਵਾਰ, 4PM to 7PM

**ਸਮਾਪਤੀ ਸਮਾਰੋਹ :** 23 ਅਗਸਤ 2026, ਦਿਨ ਐਤਵਾਰ, 4PM to 8PM

**Other weakened Every Saturday - Sunday : 5PM to 7PM**

**Wilson Play Fields Kent WA. 13028 SE. 251st. Kent, WA - 98030**



ਗੁਰਦੀਪ ਸਿੰਘ ਸਿੱਧੂ
206-697-8155



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।









Designed By Punjab Mail USA

ਸਤਿਕਾਰਯੋਗ ਜੀਓ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਐਤਵਾਰ, ਸ਼ਾਮ 4 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।





**ਸਵਾਗਤ ਕਰਤਾ :**

***Sikhs of Seattle***

**ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ**

# ਅਮਰੀਕਾ ਛੱਡਣ ਵਾਲਿਆਂ ਦੀ ਗਿਣਤੀ ਵਧੀ, ਭਾਰਤੀ ਉਦਯੋਗਪਤੀ ਵੱਲੋਂ ਅਮਰੀਕਾ ਅਜੇ ਵੀ ਮੌਕਿਆਂ ਦੀ ਧਰਤੀ ਕਰਾਰ

ਵਾਸ਼ਿੰਗਟਨ, (ਪੰਜਾਬ ਮੇਲ)- ਇੱਕ ਪਾਸੇ ਅਮਰੀਕਾ ਵਿਚ ਵਧਦੀ ਮਹਿੰਗਾਈ, ਰਾਜਨੀਤਿਕ ਧਰੁਵੀਕਰਨ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਭਵਿੱਖ ਨੂੰ ਲੈ ਕੇ ਚਿੰਤਾਵਾਂ ਕਾਰਨ ਹਜ਼ਾਰਾਂ ਅਮਰੀਕੀ ਵਿਦੇਸ਼ਾਂ ਵਿਚ ਵੱਸਣ ਦਾ ਫ਼ੈਸਲਾ ਕਰ ਰਹੇ ਹਨ, ਦੂਜੇ ਪਾਸੇ ਭਾਰਤੀ ਮੂਲ ਦੇ ਪ੍ਰਸਿੱਧ ਉਦਯੋਗਪਤੀ ਅਤੇ ਸਾਬਕਾ ਗੂਗਲ ਇੰਜੀਨੀਅਰ ਅਰਵਿੰਦ ਜੈਨ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਛੱਡਣਾ ਇੱਕ ਵੱਡੀ ਗਲਤੀ ਹੋ ਸਕਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅੱਜ ਵੀ ਦੁਨੀਆਂ ਵਿਚ ਜੇਕਰ ਕੋਈ ਅਜਿਹਾ ਦੇਸ਼ ਹੈ, ਜਿੱਥੇ ਇੱਕ ਆਮ ਇਨਸਾਨ ਆਪਣੀ ਸੋਚ ਦੇ ਆਧਾਰ 'ਤੇ ਅਰਬਾਂ ਡਾਲਰ ਦੀ ਕੰਪਨੀ ਖੜ੍ਹੀ ਕਰ ਸਕਦਾ ਹੈ, ਤਾਂ ਉਹ ਅਮਰੀਕਾ ਹੀ ਹੈ।

ਅਰਵਿੰਦ ਜੈਨ, ਜੋ ਭਾਰਤ ਦੇ ਰਾਜਸਥਾਨ ਦੇ ਸ਼ਹਿਰ ਜੈਪੁਰ ਤੋਂ 1986 ਵਿਚ ਅਮਰੀਕਾ ਪਹੁੰਚੇ ਸਨ, ਨੇ ਆਪਣੀ ਮਿਹਨਤ ਦੇ ਬਲ 'ਤੇ ਪਹਿਲਾਂ ਗੂਗਲ ਵਿਚ ਪ੍ਰਤਿਸ਼ਠਾਵਾਨ ਇੰਜੀਨੀਅਰ ਵਜੋਂ ਕੰਮ ਕੀਤਾ ਅਤੇ ਬਾਅਦ ਵਿਚ **Rubrik** ਅਤੇ **Glean** ਵਰਗੀਆਂ ਦੋ ਵੱਡੀਆਂ ਏ.ਆਈ. ਅਤੇ ਕਲਾਊਡ ਟੈਕਨੋਲੋਜੀ ਕੰਪਨੀਆਂ ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਨਵੀਂ ਕੰਪਨੀ **Glean** ਦੀ ਮੌਜੂਦਾ ਕੀਮਤ ਲਗਭਗ 7.2 ਅਰਬ ਡਾਲਰ ਦੱਸੀ ਜਾਂਦੀ ਹੈ।



ਅਰਵਿੰਦ ਜੈਨ ਨੇ ਕਿਹਾ ਕਿ ਭਾਵੇਂ ਅਮਰੀਕਾ ਵਿਚ ਇਸ ਵੇਲੇ ਕਈ ਚੁਣੌਤੀਆਂ ਹਨ, ਪਰ ਇਹ ਅਜੇ ਵੀ ਉਦਯੋਗਪਤੀਆਂ ਅਤੇ ਨਵੀਆਂ ਸੋਚਾਂ ਨੂੰ ਸਭ ਤੋਂ ਵੱਧ ਪ੍ਰੋਤਸਾਹਨ ਦੇਣ ਵਾਲਾ ਦੇਸ਼ ਹੈ। ਉਨ੍ਹਾਂ ਅਨੁਸਾਰ, ਜੇ ਕਿਸੇ ਨੌਜਵਾਨ ਕੋਲ ਇੱਕ ਵਧੀਆ ਆਈਡੀਆ ਹੈ, ਤਾਂ ਅਮਰੀਕਾ ਵਿਚ ਅਜੇ ਵੀ ਅਜਿਹੇ ਨਿਵੇਸ਼ਕ ਮੌਜੂਦ ਹਨ, ਜੋ ਉਸ ਵਿਚਾਰ 'ਤੇ ਕਰੋੜਾਂ-ਅਰਬਾਂ ਡਾਲਰ ਲਗਾਉਣ ਲਈ ਤਿਆਰ ਹੋ ਜਾਂਦੇ ਹਨ।

ਇਸਦੇ ਉਲਟ, ਹਾਲੀਆ ਅੰਕੜੇ ਦਰਸਾਉਂਦੇ ਹਨ ਕਿ 2025 ਦੌਰਾਨ ਅਮਰੀਕਾ ਵਿਚ ਪਹਿਲੀ ਵਾਰ ਕਈ ਦਹਾਕਿਆਂ ਬਾਅਦ ਸ਼ੁੱਧ ਮਾਈਗ੍ਰੇਸ਼ਨ (ਨੈੱਟ ਮਾਈਗ੍ਰੇਸ਼ਨ) ਨਕਾਰਾਤਮਕ ਰਹੀ। ਅਰਥਾਤ ਜਿੰਨੇ ਲੋਕ ਅਮਰੀਕਾ ਆਏ, ਉਸ ਤੋਂ ਵੱਧ ਲੋਕ ਅਮਰੀਕਾ ਛੱਡ ਕੇ ਚਲੇ ਗਏ। ਬਰੂਕਿੰਗਜ਼ ਸੰਸਥਾ ਦੇ ਅਨੁਸਾਰ 2025 ਵਿਚ 10 ਹਜ਼ਾਰ ਤੋਂ ਲੈ ਕੇ 2.95 ਲੱਖ ਤੱਕ ਦੀ ਨੈੱਟ ਨਕਾਰਾਤਮਕ ਮਾਈਗ੍ਰੇਸ਼ਨ ਦਰਜ ਕੀਤੀ ਗਈ। ਕਈ ਵਿਸ਼ਲੇਸ਼ਕ ਇਸਨੂੰ ਮਹਾਂ ਮੰਦੀ ਤੋਂ ਬਾਅਦ ਪਹਿਲੀ ਵਾਰ ਵਾਪਰੀ ਅਜਿਹੀ ਸਥਿਤੀ ਮੰਨ ਰਹੇ ਹਨ।

ਰਿਪੋਰਟ ਮੁਤਾਬਕ ਲਗਭਗ 4.05 ਲੱਖ ਲੋਕਾਂ ਨੇ ਆਪਣੀ ਮਰਜ਼ੀ ਨਾਲ ਅਮਰੀਕਾ ਛੱਡਿਆ। ਇਸਦੇ ਮੁੱਖ ਕਾਰਨਾਂ ਵਿਚ ਵਧਦੀ ਮਹਿੰਗਾਈ, ਰਾਜਨੀਤਿਕ ਮਾਹੌਲ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਉੱਚ ਜੀਵਨ-ਯਾਪਨ ਖ਼ਰਚ ਨੂੰ ਗਿਣਿਆ ਗਿਆ ਹੈ। ਵਿਦੇਸ਼ ਵੱਸਣ ਬਾਰੇ ਜਾਣਕਾਰੀ ਦੇਣ ਵਾਲੀ ਸੰਸਥਾ **Expatsi** ਅਨੁਸਾਰ ਇਸ ਸਾਲ ਹੋਏ ਮੂਵ ਅਬਰੋਡ ਕਾਨਫਰੰਸ ਵਿਚ ਸ਼ਾਮਲ ਹੋਏ ਲਗਭਗ 90 ਫ਼ੀਸਦੀ ਲੋਕਾਂ ਨੇ ਸਰਕਾਰੀ ਨੀਤੀਆਂ ਨੂੰ ਦੇਸ਼ ਛੱਡਣ ਦੇ ਮੁੱਖ ਕਾਰਨਾਂ ਵਿਚੋਂ ਇੱਕ ਦੱਸਿਆ। ਇਸਦੇ ਨਾਲ ਹੀ ਅਮਰੀਕਾ ਆਉਣ ਵਾਲੇ ਲੋਕਾਂ ਦੀ ਗਿਣਤੀ ਵਿਚ ਵੀ ਕਮੀ ਆਈ ਹੈ। ਰਿਪੋਰਟ ਮੁਤਾਬਕ ਮਾਈਗ੍ਰੇਸ਼ਨ 2024 ਦੇ ਲਗਭਗ 27 ਲੱਖ ਤੋਂ ਘਟ ਕੇ 2025 ਵਿਚ ਕਰੀਬ 13 ਲੱਖ ਰਹਿ ਗਿਆ। ਅਰਵਿੰਦ ਜੈਨ ਨੇ ਵੀ ਮੰਨਿਆ ਕਿ ਪਹਿਲਾਂ ਦੇ ਮੁਕਾਬਲੇ ਘੱਟ ਵਿਦਿਆਰਥੀ ਅਤੇ ਘੱਟ ਪ੍ਰਤਿਭਾਵਾਂ ਅਮਰੀਕਾ ਆਉਣ ਦਾ ਫ਼ੈਸਲਾ ਕਰ ਰਹੀਆਂ ਹਨ।

ਫਿਰ ਵੀ ਉਨ੍ਹਾਂ ਦਾ ਕਹਿਣਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਯੁੱਗ ਵਿਚ ਸਿਲੀਕਾਨ ਵੈਲੀ ਦੁਬਾਰਾ ਦੁਨੀਆਂ ਦਾ ਸਭ ਤੋਂ ਵੱਡਾ ਨਵੀਨਤਾ ਕੇਂਦਰ ਬਣ ਗਿਆ ਹੈ। ਉਨ੍ਹਾਂ ਅਨੁਸਾਰ ਏ.ਆਈ. ਨਾਲ ਜੁੜੀਆਂ ਜ਼ਿਆਦਾਤਰ ਨਵੀਆਂ ਕੰਪਨੀਆਂ ਅਜੇ ਵੀ ਅਮਰੀਕਾ ਵਿਚ ਹੀ ਬਣ ਰਹੀਆਂ ਹਨ ਅਤੇ ਦੁਨੀਆਂ ਭਰ ਦੇ ਨਿਵੇਸ਼ਕ ਇੱਥੇ ਹੀ ਆਪਣਾ ਪੈਸਾ ਲਗਾ ਰਹੇ ਹਨ।

ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਅਮਰੀਕਾ ਦੀਆਂ ਕਈ ਸਭ ਤੋਂ ਵੱਡੀਆਂ ਟੈਕਨੋਲੋਜੀ ਕੰਪਨੀਆਂ ਦੇ ਮੁਖੀ ਵੀ ਵਿਦੇਸ਼ਾਂ ਵਿਚ ਜਨਮੇ ਸਨ। **NVIDIA** ਦੇ ਸੀ.ਈ.ਓ. ਜੇਨਸਨ ਹੁਆਂਗ, ਏ.ਐੱਮ.ਡੀ. ਦੀ ਸੀ.ਈ.ਓ. ਲੀਜ਼ਾ ਸੂ ਅਤੇ ਹੋਰ ਕਈ ਪ੍ਰਮੁੱਖ ਉਦਯੋਗਪਤੀਆਂ ਨੇ ਅਮਰੀਕਾ ਆ ਕੇ ਆਪਣੀ ਕਾਬਲੀਅਤ ਦੇ ਆਧਾਰ 'ਤੇ ਵਿਸ਼ਵ ਪੱਧਰੀ ਕੰਪਨੀਆਂ ਖੜ੍ਹੀਆਂ ਕੀਤੀਆਂ।

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਇਸ ਵੇਲੇ ਇੱਕ ਵਿਰੋਧਾਭਾਸੀ ਸਥਿਤੀ ਵਿਚ ਹੈ। ਇੱਕ ਪਾਸੇ ਕੁਝ ਲੋਕ ਵਧਦੀ ਮਹਿੰਗਾਈ, ਰਾਜਨੀਤਿਕ ਮਾਹੌਲ ਅਤੇ ਨੀਤੀਆਂ ਕਾਰਨ ਦੇਸ਼ ਛੱਡ ਰਹੇ ਹਨ, ਜਦਕਿ ਦੂਜੇ ਪਾਸੇ ਏ.ਆਈ., ਟੈਕਨੋਲੋਜੀ ਅਤੇ ਨਵੀਨਤਾ ਦੇ ਖੇਤਰ ਵਿਚ ਕੰਮ ਕਰਨ ਵਾਲੇ ਉਦਯੋਗਪਤੀ ਅਜੇ ਵੀ ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਮੌਕਿਆਂ ਵਾਲਾ ਦੇਸ਼ ਮੰਨਦੇ ਹਨ। ਇਸ ਲਈ ਆਉਣ ਵਾਲੇ ਸਾਲਾਂ ਵਿਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਅਮਰੀਕਾ ਆਪਣੀ ਪ੍ਰਤਿਭਾ ਅਤੇ ਵਿਦੇਸ਼ੀ ਹੁਨਰ ਨੂੰ ਦੁਬਾਰਾ ਵੱਡੇ ਪੱਧਰ 'ਤੇ ਆਕਰਸ਼ਿਤ ਕਰ ਸਕਦਾ ਹੈ ਜਾਂ ਨਹੀਂ।

# ਟਰੰਪ ਨੇ ਅਮਰੀਕਾ ਦੇ ਸਭ ਤੋਂ ਵੱਡੇ ਹਾਊਸਿੰਗ ਅਫੋਰਡੇਬਿਲਿਟੀ ਬਿੱਲ 'ਤੇ ਦਸਤਖਤ ਆਖਰੀ ਵੇਲੇ ਟਾਲੇ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਵਿਚ ਘਰਾਂ ਦੀ ਵਧਦੀ ਕੀਮਤ ਅਤੇ ਹਾਊਸਿੰਗ ਸੰਕਟ ਨਾਲ ਨਜਿੱਠਣ ਲਈ ਕਾਂਗਰਸ ਵੱਲੋਂ ਪਾਸ ਕੀਤੇ ਗਏ ਪੀੜ੍ਹੀਆਂ ਵਿਚ ਸਭ ਤੋਂ ਵੱਡੇ ਹਾਊਸਿੰਗ ਬਿੱਲ **"21st Century Road to Housing Act"** 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਖ਼ਰੀ ਸਮੇਂ ਦਸਤਖ਼ਤ ਕਰਨ ਦਾ ਪ੍ਰੋਗਰਾਮ ਰੱਦ ਕਰ ਦਿੱਤਾ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਹਾਊਸਿੰਗ ਬਿੱਲ ਦੀ ਸਾਇਨਿੰਗ ਉਦੋਂ ਤੱਕ ਮੁਲਤਵੀ ਰਹੇਗੀ, ਜਦੋਂ ਤੱਕ 'ਸੇਵ ਅਮਰੀਕਾ ਐਕਟ' ਪਾਸ ਨਹੀਂ ਹੋ ਜਾਂਦਾ। ਟਰੰਪ ਅਨੁਸਾਰ ਇਹ ਬਿੱਲ ਰਾਸ਼ਟਰੀ ਐਮਰਜੈਂਸੀ ਜਿੰਨਾ ਮਹੱਤਵਪੂਰਨ ਹੈ ਕਿਉਂਕਿ ਇਸ ਦਾ ਸਬੰਧ ਵੋਟਿੰਗ ਲਈ ਪਛਾਣ (ਆਈ.ਡੀ.) ਦੇ ਨਿਯਮ ਹੋਰ ਸਖ਼ਤ ਕਰਨ ਨਾਲ ਹੈ।

ਹਾਲਾਂਕਿ, ਅਮਰੀਕੀ ਸੰਵਿਧਾਨ ਅਨੁਸਾਰ ਜੇਕਰ ਰਾਸ਼ਟਰਪਤੀ 10 ਦਿਨਾਂ ਦੇ ਅੰਦਰ ਬਿੱਲ 'ਤੇ ਦਸਤਖ਼ਤ ਨਹੀਂ ਕਰਦੇ ਅਤੇ ਕਾਂਗਰਸ ਸੈਸ਼ਨ ਵਿਚ ਰਹਿੰਦੀ ਹੈ, ਤਾਂ ਬਿਨਾਂ ਦਸਤਖ਼ਤਾਂ ਦੇ ਵੀ ਇਹ ਬਿੱਲ ਕਾਨੂੰਨ ਬਣ ਸਕਦਾ ਹੈ, ਜਦੋਂ ਤੱਕ ਰਾਸ਼ਟਰਪਤੀ ਇਸ ਨੂੰ ਵੀਟੋ ਨਾ ਕਰਨ।

ਇਸ ਬਿੱਲ ਦਾ ਮੁੱਖ ਉਦੇਸ਼ ਅਮਰੀਕਾ ਵਿਚ ਘਰਾਂ ਦੀ ਸਪਲਾਈ ਵਧਾਉਣਾ ਹੈ, ਤਾਂ ਜੋ ਘਰਾਂ ਦੀਆਂ ਕੀਮਤਾਂ ਅਤੇ ਕਿਰਾਏ 'ਤੇ ਕਾਬੂ ਪਾਇਆ ਜਾ ਸਕੇ। ਇਸ ਵਿਚ ਪਹਿਲੀ ਵਾਰ ਵੱਡੀਆਂ ਪ੍ਰਾਈਵੇਟ ਇਕੁਇਟੀ ਅਤੇ ਸੰਸਥਾਗਤ ਨਿਵੇਸ਼ਕ ਕੰਪਨੀਆਂ ਨੂੰ ਵੱਡੀ ਗਿਣਤੀ ਵਿਚ ਸਿੰਗਲ-ਫੈਮਿਲੀ ਘਰ ਖਰੀਦਣ ਤੋਂ ਰੋਕਣ ਦਾ ਪ੍ਰਬੰਧ ਵੀ ਸ਼ਾਮਲ ਹੈ।

ਬਿੱਲ ਅਧੀਨ ਮੈਨੂਫੈਕਚਰਡ ਅਤੇ ਮੋਡੀਊਲਰ ਘਰਾਂ ਨੂੰ ਹੋਰ ਸਸਤਾ ਅਤੇ ਆਸਾਨ ਬਣਾਉਣ ਲਈ ਨਿਯਮਾਂ ਵਿਚ ਬਦਲਾਅ ਕੀਤੇ ਜਾਣਗੇ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਇੱਕ ਘਰ ਦੀ ਲਾਗਤ ਲਗਭਗ 5,000 ਤੋਂ 10,000 ਡਾਲਰ ਤੱਕ ਘੱਟ ਹੋ ਸਕਦੀ ਹੈ।

ਇਸ ਤੋਂ ਇਲਾਵਾ, ਰਾਜਾਂ ਅਤੇ ਸਥਾਨਕ ਸਰਕਾਰਾਂ ਨੂੰ ਜ਼ੋਨਿੰਗ ਅਤੇ ਪਰਮਿਟ ਪ੍ਰਕਿਰਿਆ ਸੌਖੀ ਕਰਨ ਲਈ ਵਿੱਤੀ ਪ੍ਰੋਤਸਾਹਨ ਦਿੱਤਾ ਜਾਵੇਗਾ, ਤਾਂ ਜੋ ਨਵੇਂ ਘਰਾਂ ਦੀ ਉਸਾਰੀ ਤੇਜ਼ੀ ਨਾਲ ਹੋ ਸਕੇ। ਪੁਰਾਣੀਆਂ ਦਫ਼ਤਰੀ ਇਮਾਰਤਾਂ ਨੂੰ ਅਪਾਰਟਮੈਂਟਾਂ ਵਿਚ ਤਬਦੀਲ ਕਰਨ ਅਤੇ ਪੁਰਾਣੇ ਘਰਾਂ ਦੀ ਮੁਰੰਮਤ ਲਈ ਗ੍ਰਾਂਟਾਂ ਅਤੇ ਕਰਜ਼ਿਆਂ ਦੀ ਵੀ ਵਿਵਸਥਾ ਕੀਤੀ ਗਈ ਹੈ।


Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# 19 ਜੁਲਾਈ ਨੂੰ ਨਿਊ ਜਰਸੀ 'ਚ ਫੀਫਾ ਫੁਟਬਾਲ ਵਿਸ਼ਵ ਕੱਪ ਫਾਈਨਲ ਦੌਰਾਨ ਮੌਜੂਦ ਰਹਿਣਗੇ ਡੋਨਾਲਡ ਟਰੰਪ

ਨਿਊਯਾਰਕ, (ਪੰਜਾਬ ਮੇਲ)- ਫੀਫਾ ਦੇ ਪ੍ਰਧਾਨ ਗਿਆਨੀ ਇਨਫਾਂਟੀਨੋ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 19 ਜੁਲਾਈ ਨੂੰ ਨਿਊ ਜਰਸੀ ਦੇ ਈਸਟ ਰਦਰਫੋਰਡ ਵਿਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਫਾਈਨਲ ਵਿਚ ਸ਼ਾਮਲ ਹੋਣਗੇ ਅਤੇ ਜੇਤੂ ਟੀਮ ਨੂੰ ਟਰਾਫ਼ੀ ਸੌਂਪਣ ਦੇ ਸਮਾਰੋਹ ਵਿਚ ਉਨ੍ਹਾਂ ਨਾਲ ਮੌਜੂਦ ਰਹਿਣਗੇ।

ਫਾਕਸ ਐਂਡ ਫ੍ਰੈਂਡਜ਼ ਨਾਲ ਗੱਲਬਾਤ ਦੌਰਾਨ ਇਨਫਾਂਟੀਨੋ ਨੇ ਕਿਹਾ ਕਿ ਉਹ ਰਾਸ਼ਟਰਪਤੀ ਟਰੰਪ ਨਾਲ ਮਿਲ ਕੇ ਫਾਈਨਲ ਦਾ ਆਨੰਦ ਮਾਣਨਗੇ ਅਤੇ ਜੇਤੂ ਟੀਮ ਨੂੰ ਟਰਾਫ਼ੀ ਵੀ ਇਕੱਠੇ ਹੀ ਪ੍ਰਦਾਨ ਕਰਨਗੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਅਤੇ ਟਰੰਪ ਇਕੱਠੇ ਟਰਾਫ਼ੀ

**■ ਜੇਤੂ ਟੀਮ ਨੂੰ ਟਰਾਫ਼ੀ ਸੌਂਪਣਗੇ**




ਸੌਂਪਣਗੇ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਬਿਲਕੁਲ ਉਹ ਅਕਸਰ ਇਕੱਠੇ ਹੀ ਹੁੰਦੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ ਟਰੰਪ ਕਲੱਬ ਵਿਸ਼ਵ ਕੱਪ ਫਾਈਨਲ ਦੇ ਇਨਾਮ ਵੰਡ ਸਮਾਰੋਹ ਵਿਚ ਸ਼ਾਮਲ ਹੋਏ ਸਨ, ਜਿੱਥੇ ਚੈਲਸੀ ਨੇ ਪੈਰਿਸ ਸੇਂਟ ਜਰਮੇਨ ਨੂੰ 3-0 ਨਾਲ ਹਰਾ ਕੇ ਖ਼ਿਤਾਬ ਜਿੱਤਿਆ ਸੀ। ਉਸ ਮੌਕੇ ਟਰੰਪ ਟਰਾਫ਼ੀ ਚੁੱਕਣ ਸਮੇਂ ਵੀ ਚੈਲਸੀ ਦੇ ਖਿਡਾਰੀਆਂ ਨਾਲ ਮੰਚ 'ਤੇ ਮੌਜੂਦ ਰਹੇ ਸਨ। ਬਾਅਦ ਵਿਚ ਇਹ ਟਰਾਫ਼ੀ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਵਿਚ ਵੀ ਦੇਖੀ ਗਈ ਸੀ, ਜਦਕਿ ਚੈਲਸੀ ਨੂੰ ਇਸ ਦੀ ਪ੍ਰਤੀਰੂਪ ਟਰਾਫ਼ੀ ਦਿੱਤੀ ਗਈ ਸੀ।

'ਦਿ ਐਥਲੈਟਿਕ' ਦੀ ਰਿਪੋਰਟ ਅਨੁਸਾਰ ਫੀਫਾ ਪ੍ਰਧਾਨ ਇਨਫਾਂਟੀਨੋ ਇਸ ਵਿਸ਼ਵ ਕੱਪ ਦੌਰਾਨ ਵੱਧ ਤੋਂ ਵੱਧ ਮੈਚਾਂ ਵਿਚ ਹਾਜ਼ਰੀ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਹੁਣ ਤੱਕ ਉਹ ਇੱਕ ਦਿਨ ਵਿਚ ਦੋ ਮੈਚਾਂ ਤੱਕ ਦੇਖ ਚੁੱਕੇ ਹਨ। ਹਾਲਾਂਕਿ ਡੋਨਾਲਡ ਟਰੰਪ ਨੇ ਅਜੇ ਤੱਕ ਮੈਦਾਨ ਵਿਚ ਇਸ ਸਾਲ ਦੇ ਵਿਸ਼ਵ ਕੱਪ ਦਾ ਕੋਈ ਮੈਚ ਨਹੀਂ ਦੇਖਿਆ ਹੈ।

## ਵ੍ਹਾਈਟ ਹਾਊਸ ਵੱਲੋਂ ਵਾਧੂ ਫੰਡਿੰਗ ਲਈ 87.6 ਬਿਲੀਅਨ ਡਾਲਰ ਦੀ ਮੰਗ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ, ਵ੍ਹਾਈਟ ਹਾਊਸ ਨੇ ਕਾਂਗਰਸ ਤੋਂ ਵਾਧੂ ਫੰਡਿੰਗ ਲਈ 87.6 ਬਿਲੀਅਨ ਡਾਲਰ ਦੀ ਮੰਗ ਕੀਤੀ ਹੈ, ਜਿਸ ਵਿਚੋਂ ਜ਼ਿਆਦਾਤਰ ਈਰਾਨ ਵਿਰੁੱਧ ਜੰਗ ਤੋਂ ਬਾਅਦ ਪੈਂਟਾਗਨ ਦੀਆਂ ਫੌਜੀ ਸਮਰੱਥਾਵਾਂ ਅਤੇ ਸਰੋਤਾਂ ਨੂੰ ਭਰਨ 'ਤੇ ਖਰਚ ਕੀਤੇ ਜਾਣਗੇ। ਇਹ ਪ੍ਰਸਤਾਵ ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ ਸਮੇਂ 'ਤੇ ਆਇਆ ਹੈ, ਜਦੋਂ ਜ਼ਿਆਦਾਤਰ ਕਾਨੂੰਨ ਨਿਰਮਾਤਾ ਕਿਸੇ ਵੀ ਨਵੇਂ ਫੌਜੀ ਕਾਰਵਾਈ ਜਾਂ ਵਾਧੂ ਫੌਜੀ ਕਾਰਵਾਈ ਦਾ ਵਿਰੋਧ ਕਰ ਰਹੇ ਹਨ।


ਪ੍ਰਬੰਧਨ ਅਤੇ ਬਜਟ ਦਫਤਰ (ਓ.ਐੱਮ.ਬੀ.) ਨੇ ਕਾਂਗਰਸ ਨੂੰ ਪੂਰਕ ਬਜਟ ਬੇਨਤੀ ਭੇਜੀ। ਇਹ ਪ੍ਰਸਤਾਵ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇੱਕ ਨਿੱਜੀ ਦੁਪਹਿਰ ਦੇ ਖਾਣੇ ਦੌਰਾਨ ਰਿਪਬਲਿਕਨ ਸੈਨੇਟਰਾਂ ਨਾਲ ਗਰਮਾ-ਗਰਮ ਬਹਿਸ ਵਿਚ ਸ਼ਾਮਲ ਹੋਣ ਤੋਂ ਕੁਝ ਘੰਟੇ ਬਾਅਦ ਆਇਆ। ਟਰੰਪ ਉਨ੍ਹਾਂ ਸੈਨੇਟਰਾਂ ਤੋਂ ਨਾਰਾਜ਼ ਸਨ, ਜਿਨ੍ਹਾਂ ਨੇ ਹੋਰ ਫੌਜੀ ਕਾਰਵਾਈ ਨੂੰ ਰੋਕਣ ਦੇ ਉਦੇਸ਼ ਨਾਲ ਜੰਗੀ ਸ਼ਕਤੀਆਂ ਦੇ ਮਤੇ ਦੇ ਹੱਕ ਵਿਚ ਵੋਟ ਪਾਈ। ਵਾਧੂ ਬਜਟ ਬੇਨਤੀ ਮੁੱਖ ਤੌਰ 'ਤੇ ਓਪਰੇਸ਼ਨ ਐਪਿਕ ਫਿਊਰੀ ਲਈ ਹੈ, ਪਰ ਇਸ ਵਿਚ ਕਈ ਹੋਰ ਚੀਜ਼ਾਂ ਵੀ ਸ਼ਾਮਲ ਹਨ। ਇਨ੍ਹਾਂ ਵਿਚ ਅਮਰੀਕੀ ਕਿਸਾਨਾਂ ਲਈ ਸਹਾਇਤਾ, ਅਫਰੀਕਾ ਵਿਚ ਈਬੋਲਾ ਸੰਕਟ ਦਾ ਮੁਕਾਬਲਾ ਕਰਨ ਦੇ ਯਤਨਾਂ ਲਈ ਸਮਰਥਨ ਅਤੇ ਦੇਸ਼ ਦੇ ਅੰਦਰ ਵੱਖ-ਵੱਖ ਜ਼ਰੂਰਤਾਂ ਲਈ ਫੰਡਿੰਗ ਸ਼ਾਮਲ ਹੈ। ਓ.ਐੱਮ.ਬੀ. ਦੇ ਡਾਇਰੈਕਟਰ ਰਸ ਵੋਟ ਨੇ ਹਾਊਸ ਸਪੀਕਰ ਮਾਈਕ ਜੌਹਨਸਨ ਨੂੰ ਲਿਖੇ ਇੱਕ ਪੱਤਰ ਵਿਚ ਕਿਹਾ, "ਮੈਂ ਕਾਂਗਰਸ ਨੂੰ ਇਨ੍ਹਾਂ ਮਹੱਤਵਪੂਰਨ ਅਤੇ ਜ਼ਰੂਰੀ ਬੇਨਤੀਆਂ 'ਤੇ ਜਲਦੀ ਤੋਂ ਜਲਦੀ ਕਾਰਵਾਈ ਕਰਨ ਦੀ ਅਪੀਲ ਕਰਦਾ ਹਾਂ।"

# ਅਮਰੀਕੀ ਡਿਜ਼ੀਟਲ ਕੰਪਨੀਆਂ 'ਤੇ ਟੈਕਸ ਲਾਉਣ 'ਤੇ ਯੂਰਪੀ ਦੇਸ਼ਾਂ 'ਤੇ ਲੱਗੇਗਾ 100 ਫ਼ੀਸਦੀ ਟੈਰਿਫ਼ : ਟਰੰਪ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਰਪੀ ਦੇਸ਼ਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਕਿਸੇ ਵੀ ਦੇਸ਼ ਨੇ ਅਮਰੀਕੀ ਡਿਜ਼ੀਟਲ ਸੇਵਾ ਕੰਪਨੀਆਂ 'ਤੇ ਟੈਕਸ ਲਗਾਇਆ, ਤਾਂ ਉਸ ਦੇਸ਼ ਤੋਂ ਅਮਰੀਕਾ ਆਉਣ ਵਾਲੇ ਹਰ ਤਰ੍ਹਾਂ ਦੇ ਸਾਮਾਨ 'ਤੇ 100 ਫ਼ੀਸਦੀ ਟੈਰਿਫ਼ (ਦਰਾਮਦ ਟੈਕਸ) ਲਗਾਇਆ ਜਾਵੇਗਾ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਕੀਤੀ ਇੱਕ ਪੋਸਟ ਵਿਚ ਯੂਰਪੀ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉੱਥੇ ਅਮਰੀਕੀ ਕੰਪਨੀਆਂ 'ਤੇ ਡਿਜ਼ੀਟਲ ਸੇਵਾ ਟੈਕਸ ਲਾਗੂ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਲਿਖਿਆ ਕਿ ਇਸ ਨੂੰ ਅਧਿਕਾਰਤ ਚਿਤਾਵਨੀ ਮੰਨਿਆ ਜਾਵੇ। ਜੇਕਰ ਕੋਈ ਵੀ ਦੇਸ਼ ਅਜਿਹਾ ਟੈਕਸ ਲਾਗੂ ਕਰਦਾ ਹੈ, ਤਾਂ ਉਸ ਦੇਸ਼ ਤੋਂ ਅਮਰੀਕਾ ਭੇਜੇ ਜਾਣ ਵਾਲੇ



ਹਰ ਤਰ੍ਹਾਂ ਦੇ ਸਾਮਾਨ 'ਤੇ ਤੁਰੰਤ 100 ਫ਼ੀਸਦੀ ਟੈਰਿਫ਼ ਲਗਾ ਦਿੱਤਾ ਜਾਵੇਗਾ।

ਟਰੰਪ ਨੇ ਇਹ ਵੀ ਕਿਹਾ ਕਿ ਇਹ ਨਵਾਂ ਟੈਰਿਫ਼ ਪਹਿਲਾਂ ਹੋਏ ਕਿਸੇ ਵੀ ਵਪਾਰਕ ਸਮਝੌਤੇ ਤੋਂ ਉੱਪਰ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਾਰਵਾਈ ਕਿਸੇ ਵੀ ਅਜਿਹੇ ਦੇਸ਼ ਖ਼ਿਲਾਫ਼ ਕੀਤੀ ਜਾਵੇਗੀ, ਜੋ ਅਮਰੀਕੀ ਡਿਜ਼ੀਟਲ ਕੰਪਨੀਆਂ 'ਤੇ ਇਸ ਤਰ੍ਹਾਂ ਦਾ ਟੈਕਸ ਲਾਗੂ ਕਰੇਗਾ। ਹਾਲਾਂਕਿ ਉਨ੍ਹਾਂ ਨੇ ਆਪਣੀ ਪੋਸਟ ਵਿਚ ਖ਼ਾਸ ਤੌਰ 'ਤੇ ਯੂਰਪੀ ਦੇਸ਼ਾਂ ਦਾ ਹੀ ਜ਼ਿਕਰ ਕੀਤਾ।

# ਟਰੰਪ ਪ੍ਰਸ਼ਾਸਨ ਵੱਲੋਂ ਡੀਨੈਚੁਰਲਾਈਜ਼ੇਸ਼ਨ ਕੇਸਾਂ 'ਚ ਤੇਜ਼ੀ ਨਾਲ ਵੱਡਾ ਵਾਧਾ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਨੀਤੀਆਂ ਹੋਰ ਸਖ਼ਤ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਇੱਕ ਨਵੀਂ ਰਿਪੋਰਟ ਮੁਤਾਬਕ, ਅਮਰੀਕੀ ਨਾਗਰਿਕਤਾ ਰੱਦ (ਡੀਨੈਚੁਰਲਾਈਜ਼ੇਸ਼ਨ) ਕਰਨ ਲਈ ਦਾਇਰ ਕੀਤੇ ਜਾ ਰਹੇ ਕੇਸਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਕਦਮ ਟਰੰਪ ਪ੍ਰਸ਼ਾਸਨ ਦੀ ਵੱਡੀ ਇਮੀਗ੍ਰੇਸ਼ਨ ਕਾਰਵਾਈ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਬਾਰਡਰ ਰਿਪੋਰਟ ਦੀ ਜਾਂਚ ਅਤੇ ਟ੍ਰਾਂਜੈਕਸ਼ਨਲ ਰਿਕਾਰਡਸ ਐਕਸੈਸ ਕਲੀਅਰਿੰਗਹਾਊਸ (ਟੀ.ਆਰ.ਏ.ਸੀ.) ਦੇ ਅੰਕੜਿਆਂ ਅਨੁਸਾਰ, ਮਈ 2026 ਤੋਂ ਹੁਣ ਤੱਕ 33 ਡੀਨੈਚੁਰਲਾਈਜ਼ੇਸ਼ਨ ਸ਼ਿਕਾਇਤਾਂ ਫੈਡਰਲ ਅਦਾਲਤਾਂ ਵਿਚ ਦਾਇਰ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ 15 ਕੇਸ ਮਈ ਅਤੇ 18 ਕੇਸ ਜੂਨ ਮਹੀਨੇ ਦੌਰਾਨ ਦਰਜ ਹੋਏ। ਇਸਦੇ ਮੁਕਾਬਲੇ ਪੂਰੇ 2025 ਵਿਚ ਸਿਰਫ਼ 8 ਸਿਵਲ ਡੀਨੈਚਰਲਾਈਜ਼ੇਸ਼ਨ ਕੇਸ ਹੀ ਦਾਇਰ ਹੋਏ ਸਨ।

ਟਰੰਪ ਨੇ ਦਸੰਬਰ 2025 ਵਿਚ ਇੱਕ ਬਿਆਨ ਦਿੰਦਿਆਂ ਕਿਹਾ ਸੀ ਕਿ ਜੇਕਰ ਉਨ੍ਹਾਂ ਕੋਲ ਕਾਨੂੰਨੀ ਅਧਿਕਾਰ ਹੋਵੇ, ਤਾਂ ਉਹ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਨੂੰ ਹੋਰ ਅੱਗੇ ਵਧਾਉਣਗੇ। ਉਨ੍ਹਾਂ ਦਾ ਦੋਸ਼ ਸੀ ਕਿ ਪਿਛਲੇ ਪ੍ਰਸ਼ਾਸਨ ਦੌਰਾਨ ਕੁਝ ਅਜਿਹੇ ਲੋਕ ਵੀ ਅਮਰੀਕੀ ਨਾਗਰਿਕ ਬਣ ਗਏ, ਜੋ ਇਸ ਦੇ ਹੱਕਦਾਰ ਨਹੀਂ ਸਨ। ਟਰੰਪ ਨੇ ਕਿਹਾ ਸੀ, "ਜੇ ਮੇਰੇ ਕੋਲ ਅਧਿਕਾਰ ਹੋਇਆ ਤਾਂ ਮੈਂ ਨਾਗਰਿਕਤਾ ਰੱਦ ਕਰਾਂਗਾ।"

ਟੀ.ਆਰ.ਏ.ਸੀ. ਦੀ ਰਿਪੋਰਟ ਅਨੁਸਾਰ 2008 ਤੋਂ 2026 ਤੱਕ ਕੁੱਲ 166 ਡੀਨੈਚੁਰਲਾਈਜ਼ੇਸ਼ਨ ਕੇਸ ਹੀ ਦਰਜ ਕੀਤੇ ਗਏ ਸਨ, ਜਿਸਦਾ ਮਤਲਬ ਹੈ ਕਿ ਔਸਤਨ ਹਰ ਮਹੀਨੇ ਇੱਕ ਤੋਂ ਵੀ ਘੱਟ ਕੇਸ ਹੁੰਦਾ ਸੀ। ਪਰ ਮੌਜੂਦਾ ਪ੍ਰਸ਼ਾਸਨ ਹੇਠ ਇਹ ਗਿਣਤੀ ਕਾਫ਼ੀ ਤੇਜ਼ੀ ਨਾਲ ਵਧਦੀ ਦਿਖਾਈ ਦੇ ਰਹੀ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਰਵਾਇਤੀ ਤੌਰ 'ਤੇ ਨਾਗਰਿਕਤਾ ਰੱਦ ਕਰਨ ਦੇ ਕੇਸ ਗੰਭੀਰ ਅਪਰਾਧਾਂ, ਝੂਠੇ ਦਸਤਾਵੇਜ਼ਾਂ ਜਾਂ ਇਮੀਗ੍ਰੇਸ਼ਨ ਧੋਖਾਧੜੀ ਨਾਲ ਜੁੜੇ ਹੁੰਦੇ ਸਨ। ਹਾਲਾਂਕਿ ਟੀ.ਆਰ.ਏ.ਸੀ. ਨੇ ਚਿੰਤਾ ਜਤਾਈ ਹੈ ਕਿ ਕੁਝ ਹਾਲੀਆ ਕੇਸਾਂ ਵਿਚ ਟ੍ਰੈਫਿਕ ਨਿਯਮਾਂ ਦੀ ਉਲੰਘਣਾ, ਬਿਨਾਂ ਪੱਟੇ ਕੁੱਤਾ ਘੁਮਾਉਣਾ ਜਾਂ ਬਿਨਾਂ ਲਾਇਸੈਂਸ ਮੱਛੀ ਫੜਨ ਵਰਗੀਆਂ ਉਲੰਘਣਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਨੇ ਕਿਹਾ ਕਿ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਅਦਾਲਤਾਂ ਵਿਚ ਅਸਲ ਵਿਚ ਕਿਹੜੇ ਕਾਨੂੰਨੀ ਆਧਾਰਾਂ 'ਤੇ ਇਹ ਕੇਸ ਅੱਗੇ ਵਧਾਏ ਜਾਂਦੇ ਹਨ।

# ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੈਂਟ ਡਿਟੈਂਸ਼ਨ ਲਈ ਖਰੀਦੇ ਅਰਬਾਂ ਡਾਲਰ ਦੇ ਵੇਅਰਹਾਊਸ ਵੇਚਣ ਦੀ ਯੋਜਨਾ; ਕਈ ਰਾਜਾਂ ਵਿਚ ਪ੍ਰਾਜੈਕਟ ਰੁਕੇ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ICE) ਨੇ ਇਮੀਗ੍ਰੈਂਟਾਂ ਨੂੰ ਵੱਡੇ ਪੱਧਰ 'ਤੇ ਹਿਰਾਸਤ ਵਿਚ ਰੱਖਣ ਲਈ ਖਰੀਦੇ ਗਏ ਕਈ ਵਿਸ਼ਾਲ ਵੇਅਰਹਾਊਸਾਂ ਦੀ ਯੋਜਨਾ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਹੁਣ ਫੈਡਰਲ ਸਰਕਾਰ ਇਨ੍ਹਾਂ ਵਿਚੋਂ ਸੱਤ ਵੇਅਰਹਾਊਸ ਜਾਂ ਤਾਂ ਹੋਰ ਫੈਡਰਲ ਏਜੰਸੀਆਂ ਨੂੰ ਦੇਣ ਜਾਂ ਫਿਰ ਵੇਚਣ ਦੀ ਤਿਆਰੀ ਕਰ ਰਹੀ ਹੈ। ਇਹ ਕਦਮ ਸਾਬਕਾ ਹੋਮਲੈਂਡ ਸਕਿਓਰਿਟੀ ਸਕੱਤਰ ਕ੍ਰਿਸਟੀ ਨੋਇਮ ਦੀ ਲਗਭਗ 38 ਅਰਬ ਡਾਲਰ ਦੀ ਉਸ ਯੋਜਨਾ ਤੋਂ ਵੱਡਾ ਯੂ-ਟਰਨ ਮੰਨਿਆ ਜਾ ਰਿਹਾ ਹੈ, ਜਿਸ ਤਹਿਤ ਦੇਸ਼ ਭਰ ਵਿਚ ਹਜ਼ਾਰਾਂ ਇਮੀਗ੍ਰੈਂਟਾਂ ਨੂੰ ਰੱਖਣ ਲਈ ਡਿਟੈਂਸ਼ਨ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣਾ ਸੀ।

ਫੈਡਰਲ ਸਰਕਾਰ ਨੇ ਇਸ ਸਾਲ ਦੇ ਸ਼ੁਰੂ ਵਿਚ 11 ਸ਼ਹਿਰਾਂ ਵਿਚ ਸਥਿਤ ਵੱਡੇ ਵੇਅਰਹਾਊਸਾਂ 'ਤੇ ਕੁੱਲ 1.074 ਅਰਬ ਡਾਲਰ ਖਰਚ ਕੀਤੇ ਸਨ। ਯੋਜਨਾ ਇਹ ਸੀ ਕਿ ਕੁਝ ਥਾਵਾਂ 'ਤੇ ਇੱਕੋ ਸਥਾਨ 'ਤੇ 10,000 ਤੱਕ ਇਮੀਗ੍ਰੈਂਟਾਂ ਨੂੰ ਰੱਖਿਆ ਜਾ ਸਕੇ। ਪਰ ਇਸ ਯੋਜਨਾ ਨੂੰ ਸਥਾਨਕ ਸਰਕਾਰਾਂ, ਕਮਿਊਨਿਟੀਆਂ ਅਤੇ ਕਈ ਰਾਜਾਂ ਵੱਲੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਸਭ ਤੋਂ ਪਹਿਲਾਂ ਮਿਸ਼ੀਗਨ ਦੇ ਰੋਮੂਲਸ ਸ਼ਹਿਰ ਵਿਚ ਖਰੀਦੇ ਗਏ ਲਗਭਗ 34.7 ਮਿਲੀਅਨ ਡਾਲਰ ਦੇ ਵੇਅਰਹਾਊਸ ਨੂੰ ਵੇਚਣ ਦੀ ਜਾਣਕਾਰੀ ਫੈਡਰਲ ਸਰਕਾਰ ਨੇ ਅਦਾਲਤ ਵਿਚ ਦਿੱਤੀ। ਇਸ ਮਾਮਲੇ ਵਿਚ ਮਿਸ਼ੀਗਨ ਰਾਜ ਅਤੇ ਡੈਟਰਾਇਟ ਦੇ ਇੱਕ ਉਪਨਗਰ ਨੇ ਸਰਕਾਰ ਖ਼ਿਲਾਫ਼ ਮੁਕੱਦਮਾ ਵੀ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਸੋਸ਼ਲ ਸਰਕਲ (ਜਾਰਜੀਆ) ਅਤੇ ਸੋਕੋਰੋ (ਐਲ ਪਾਸੋ, ਟੈਕਸਾਸ) ਵਿਚ ਵੀ ਡਿਟੈਂਸ਼ਨ ਸੈਂਟਰ ਬਣਾਉਣ ਦੀਆਂ ਯੋਜਨਾਵਾਂ ਲਗਭਗ ਰੱਦ ਹੋ ਚੁੱਕੀਆਂ ਹਨ।

ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਨੇ ਸਿੱਧੇ ਤੌਰ 'ਤੇ ਵੇਅਰਹਾਊਸ ਵੇਚਣ ਦੀ ਪੁਸ਼ਟੀ ਤਾਂ ਨਹੀਂ ਕੀਤੀ, ਪਰ ਕਿਹਾ ਕਿ ਵਿਭਾਗ ਹੁਣ ਨਵੇਂ ਵੱਡੇ ਡਿਟੈਂਸ਼ਨ ਸੈਂਟਰ ਬਣਾਉਣ ਦੀ ਬਜਾਏ ਰਾਜ ਅਤੇ ਕਾਊਂਟੀ ਸਰਕਾਰਾਂ ਨਾਲ ਮਿਲ ਕੇ ਪਹਿਲਾਂ ਤੋਂ ਮੌਜੂਦ ਡਿਟੈਂਸ਼ਨ ਸਹੂਲਤਾਂ ਦੀ ਵਰਤੋਂ ਤੇਜ਼ੀ ਨਾਲ ਕਰ ਰਿਹਾ ਹੈ।

ਸਾਬਕਾ ICE ਅਧਿਕਾਰੀ ਕਲੇਅਰ ਟ੍ਰਿਕਲਰ-ਮੈਕਨਲਟੀ, ਜਿਨ੍ਹਾਂ ਨੇ ਓਬਾਮਾ, ਟਰੰਪ ਅਤੇ ਬਾਇਡਨ ਤਿੰਨਾਂ ਪ੍ਰਸ਼ਾਸਨਾਂ ਵਿਚ ਕੰਮ ਕੀਤਾ, ਨੇ ਇਸ ਯੋਜਨਾ ਨੂੰ "ਬੇਹੱਦ ਗਲਤ ਅਤੇ ਅਵਿਵਹਾਰਕ" ਕਰਾਰ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ 2,000 ਤੋਂ ਵੱਧ ਲੋਕਾਂ ਵਾਲੀਆਂ ਡਿਟੈਂਸ਼ਨ ਸਹੂਲਤਾਂ ਦਾ ਪ੍ਰਬੰਧਨ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਸਟਾਫ਼, ਸੁਰੱਖਿਆ, ਸਿਹਤ ਸੇਵਾਵਾਂ ਅਤੇ ਰੋਜ਼ਾਨਾ ਪ੍ਰਬੰਧਨ ਵਰਗੀਆਂ ਕਈ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ।

ਕ੍ਰਿਸਟੀ ਨੋਇਮ ਦੇ ਅਹੁਦੇ ਤੋਂ ਹਟਣ ਤੋਂ ਬਾਅਦ ਨਵੇਂ ਹੋਮਲੈਂਡ ਸਕਿਓਰਿਟੀ ਸਕੱਤਰ ਮਾਰਕਵੇਨ ਮੁੱਲਿਨ ਨੇ ਨਵੇਂ ਵੇਅਰਹਾਊਸਾਂ ਦੀ ਖਰੀਦ 'ਤੇ ਰੋਕ ਲਾ ਦਿੱਤੀ ਸੀ। ਉਨ੍ਹਾਂ ਨੇ ਮੰਨਿਆ ਕਿ ਬਹੁਤ ਸਾਰੇ ਸ਼ਹਿਰਾਂ ਕੋਲ ਹਜ਼ਾਰਾਂ ਲੋਕਾਂ ਲਈ ਪਾਣੀ, ਸੀਵਰੇਜ ਅਤੇ ਹੋਰ ਬੁਨਿਆਦੀ ਢਾਂਚੇ ਦੀ ਸਮਰੱਥਾ ਹੀ ਨਹੀਂ ਹੈ। ਇਸ ਤਾਜ਼ਾ ਫ਼ੈਸਲੇ ਤੋਂ ਸਪੱਸ਼ਟ ਹੈ ਕਿ ਟਰੰਪ ਪ੍ਰਸ਼ਾਸਨ ਆਪਣੀ ਡਿਟੈਂਸ਼ਨ ਨੀਤੀ ਵਿਚ ਰਣਨੀਤਕ ਬਦਲਾਅ ਕਰ ਰਿਹਾ ਹੈ। ਪਹਿਲਾਂ ਜਿੱਥੇ ਹਜ਼ਾਰਾਂ ਲੋਕਾਂ ਲਈ ਨਵੇਂ ਵਿਸ਼ਾਲ ਡਿਟੈਂਸ਼ਨ ਕੰਪਲੈਕਸ ਬਣਾਉਣ ਦੀ ਯੋਜਨਾ ਸੀ, ਉੱਥੇ ਹੁਣ ਸਰਕਾਰ ਪਹਿਲਾਂ ਤੋਂ ਮੌਜੂਦ ਡਿਟੈਂਸ਼ਨ ਸਹੂਲਤਾਂ ਦੀ ਵਰਤੋਂ ਵਧਾਉਣ ਅਤੇ ਕੁਝ ਮਹਿੰਗੇ ਵੇਅਰਹਾਊਸ ਵੇਚਣ ਜਾਂ ਹੋਰ ਏਜੰਸੀਆਂ ਨੂੰ ਸੌਂਪਣ ਵੱਲ ਵਧ ਰਹੀ ਹੈ। ਇਸ ਬਦਲਾਅ ਦਾ ਅਸਰ ਭਵਿੱਖ ਵਿਚ ਅਮਰੀਕਾ ਦੀ ਇਮੀਗ੍ਰੇਸ਼ਨ ਡਿਟੈਂਸ਼ਨ ਨੀਤੀ ਅਤੇ ਸਰਕਾਰੀ ਖਰਚੇ ਦੋਵਾਂ 'ਤੇ ਪੈ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੀ ਫੀਸ 'ਚ 75% ਵਾਧੇ ਦਾ ਪ੍ਰਸਤਾਵ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੀ ਪ੍ਰਕਿਰਿਆ ਨੂੰ ਹੋਰ ਮਹਿੰਗਾ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਇੱਕ ਨਵਾਂ ਪ੍ਰਸਤਾਵ ਜਾਰੀ ਕੀਤਾ ਹੈ, ਜਿਸ ਤਹਿਤ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੇਣ ਦੀ ਫੀਸ ਵਿਚ 75 ਫੀਸਦੀ ਵਾਧਾ ਕਰਨ ਦੀ ਯੋਜਨਾ ਹੈ।

ਇਹ ਪ੍ਰਸਤਾਵ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਕੀਤਾ ਗਿਆ। ਹੁਣ ਇਸ 'ਤੇ ਜਨਤਕ ਟਿੱਪਣੀਆਂ ਮੰਗੀਆਂ ਜਾਣਗੀਆਂ। ਇਸ ਪ੍ਰਕਿਰਿਆ ਦੇ ਪੂਰਾ ਹੋਣ ਤੋਂ ਬਾਅਦ, ਜੇਕਰ ਪ੍ਰਸਤਾਵ ਨੂੰ ਅੰਤਿਮ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਨਵੀਆਂ ਫੀਸਾਂ ਘੱਟੋ-ਘੱਟ 60 ਦਿਨਾਂ ਬਾਅਦ ਲਾਗੂ ਹੋ ਸਕਦੀਆਂ ਹਨ।

ਪ੍ਰਸਤਾਵ ਅਨੁਸਾਰ, ਕਾਗਜ਼ੀ ਰੂਪ ਵਿਚ ਅਮਰੀਕੀ ਨਾਗਰਿਕਤਾ ਲਈ ਅਰਜ਼ੀ (ਫਾਰਮ ਐੱਨ-400) ਦੀ ਫੀਸ 760 ਡਾਲਰ ਤੋਂ ਵਧਾ ਕੇ 1,330 ਡਾਲਰ ਕਰਨ ਦੀ ਯੋਜਨਾ ਹੈ। ਇਸ ਦਾ ਮਤਲਬ ਹੈ ਕਿ ਇੱਕ ਅਰਜ਼ੀ 'ਤੇ 570 ਡਾਲਰ ਦਾ ਵਾਧੂ ਖਰਚਾ ਆਵੇਗਾ, ਜੋ ਮੌਜੂਦਾ ਫੀਸ ਨਾਲੋਂ ਲਗਭਗ 75 ਫੀਸਦੀ ਜ਼ਿਆਦਾ ਹੈ।

ਇਸ ਤੋਂ ਇਲਾਵਾ, ਜੇਕਰ ਕਿਸੇ ਵਿਅਕਤੀ ਦੀ ਅਰਜ਼ੀ ਰੱਦ ਹੋ ਜਾਂਦੀ ਹੈ



ਅਤੇ ਉਹ ਅਪੀਲ ਬੋਰਡ ਕੋਲ ਮੁੜ ਵਿਚਾਰ ਦੀ ਬੇਨਤੀ ਕਰਦਾ ਹੈ, ਤਾਂ ਉਸ ਦੀ ਫੀਸ ਵੀ 830 ਡਾਲਰ ਤੋਂ ਵਧਾ ਕੇ 1,475 ਡਾਲਰ ਕਰਨ ਦਾ ਪ੍ਰਸਤਾਵ ਹੈ। ਇਸ ਵਿਚ 645 ਡਾਲਰ, ਯਾਨੀ ਲਗਭਗ 77.7 ਫੀਸਦੀ ਦਾ ਵਾਧਾ ਹੋਵੇਗਾ।

ਡੀ.ਐੱਚ.ਐੱਸ. ਦੇ ਪ੍ਰਸਤਾਵ ਵਿਚ ਇਹ ਵੀ ਕਿਹਾ ਗਿਆ ਹੈ ਕਿ ਜ਼ਿਆਦਾਤਰ ਫੀਸ ਮੁਆਫ਼ੀਆਂ ਨੂੰ ਖਤਮ ਕਰ ਦਿੱਤਾ ਜਾਵੇਗਾ। ਹਾਲਾਂਕਿ, ਮੌਜੂਦਾ ਅਤੇ ਸਾਬਕਾ ਅਮਰੀਕੀ ਫੌਜੀ ਕਰਮਚਾਰੀ ਇਸ ਛੋਟ ਤੋਂ ਬਾਹਰ ਰਹਿਣਗੇ ਅਤੇ ਉਹ ਪਹਿਲਾਂ ਵਾਂਗ ਫੀਸ ਮੁਆਫ਼ੀ ਦੇ ਹੱਕਦਾਰ ਰਹਿਣਗੇ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਮੌਜੂਦਾ ਫੀਸਾਂ ਨਾਗਰਿਕਤਾ ਅਰਜ਼ੀਆਂ ਦੀ ਪੂਰੀ ਜਾਂਚ-ਪੜਤਾਲ, ਸੁਰੱਖਿਆ ਜਾਂਚ ਅਤੇ ਬੈਕਗਰਾਊਂਡ ਸਕ੍ਰੀਨਿੰਗ ਦਾ ਅਸਲ ਖਰਚਾ ਪੂਰਾ ਨਹੀਂ ਕਰਦੀਆਂ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਰਾਸ਼ਟਰਪਤੀ ਦੇ ਕਾਰਜਕਾਰੀ ਹੁਕਮਾਂ ਅਨੁਸਾਰ ਯੂ.ਐੱਸ.ਸੀ.ਆਈ.ਐੱਸ. ਨੇ ਸੁਰੱਖਿਆ ਜਾਂਚਾਂ ਨੂੰ ਹੋਰ ਸਖ਼ਤ ਕੀਤਾ ਹੈ, ਜਿਸ ਕਾਰਨ ਪ੍ਰਕਿਰਿਆ ਦੀ ਲਾਗਤ ਵੀ ਵਧੀ ਹੈ।

ਯਾਦ ਰਹੇ ਕਿ ਯੂ.ਐੱਸ.ਸੀ.ਆਈ.ਐੱਸ. ਨੂੰ ਆਪਣਾ ਜ਼ਿਆਦਾਤਰ ਬਜਟ ਟੈਕਸਦਾਤਾਵਾਂ ਤੋਂ ਨਹੀਂ, ਸਗੋਂ ਇਮੀਗ੍ਰੇਸ਼ਨ ਅਰਜ਼ੀਆਂ ਦੀਆਂ ਫੀਸਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਇਸ ਲਈ ਵਿਭਾਗ ਦਾ ਕਹਿਣਾ ਹੈ ਕਿ ਵਧ ਰਹੇ ਖਰਚਿਆਂ ਨੂੰ ਪੂਰਾ ਕਰਨ ਲਈ ਫੀਸਾਂ ਵਿਚ ਵਾਧਾ ਲਾਜ਼ਮੀ ਹੈ।

ਦੂਜੇ ਪਾਸੇ, ਇਮੀਗ੍ਰੇਸ਼ਨ ਮਾਹਿਰਾਂ ਨੇ ਇਸ ਪ੍ਰਸਤਾਵ ਦੀ ਆਲੋਚਨਾ ਕੀਤੀ ਹੈ। ਨਿਊਯਾਰਕ ਦੇ ਬਫੈਲੋ ਸ਼ਹਿਰ ਦੀ ਇਮੀਗ੍ਰੇਸ਼ਨ ਵਕੀਲ ਰੋਜ਼ਾਨਾ ਬੇਰਾਰਡੀ ਦਾ ਕਹਿਣਾ ਹੈ ਕਿ ਇਹ ਕਦਮ ਟਰੰਪ ਪ੍ਰਸ਼ਾਸਨ ਦੀ ਉਸ ਵੱਡੀ ਨੀਤੀ ਦਾ ਹਿੱਸਾ ਹੈ, ਜਿਸ ਤਹਿਤ ਨਾ ਸਿਰਫ਼ ਗੈਰ-ਕਾਨੂੰਨੀ, ਸਗੋਂ ਕਾਨੂੰਨੀ ਇਮੀਗ੍ਰੇਸ਼ਨ ਨੂੰ ਵੀ ਹੋਰ ਔਖਾ, ਮਹਿੰਗਾ ਅਤੇ ਘੱਟ ਪਹੁੰਚਯੋਗ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਇੱਕੋ ਸਮੇਂ ਫੀਸਾਂ ਵਧਾਉਂਦੀ ਹੈ, ਫੀਸ ਮੁਆਫ਼ੀਆਂ ਖਤਮ ਕਰਦੀ ਹੈ ਅਤੇ ਨਵੇਂ ਸੁਰੱਖਿਆ ਮਾਪਦੰਡ—ਜਿਵੇਂ ਸੋਸ਼ਲ ਮੀਡੀਆ ਜਾਂਚ, ਗੁਆਂਢ ਦੀ ਪੁਸ਼ਟੀ ਅਤੇ ਗੁੱਡ ਮੋਰਲ ਕਰੈਕਟਰ ਦੀ ਹੋਰ ਸਖ਼ਤ ਜਾਂਚ — ਲਾਗੂ ਕਰਦੀ ਹੈ, ਤਾਂ ਇਹ ਪ੍ਰਕਿਰਿਆ ਨੂੰ ਆਸਾਨ ਨਹੀਂ, ਬਲਕਿ ਹੋਰ ਮੁਸ਼ਕਲ ਬਣਾ ਦਿੰਦੀ ਹੈ।

ਪਿਛਲੇ ਕੁਝ ਮਹੀਨਿਆਂ ਦੌਰਾਨ ਟਰੰਪ ਪ੍ਰਸ਼ਾਸਨ ਨੇ ਗ੍ਰੀਨ ਕਾਰਡ ਅਤੇ ਨਾਗਰਿਕਤਾ ਲਈ ਅਰਜ਼ੀ ਦੇਣ ਵਾਲਿਆਂ ਦੀ ਜਾਂਚ ਵੀ ਹੋਰ ਸਖ਼ਤ ਕਰ ਦਿੱਤੀ ਹੈ। ਹੁਣ ਅਰਜ਼ੀਦਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ, ਪਿਛੋਕੜ, ਚੰਗੇ ਚਰਿੱਤਰ ਅਤੇ ਹੋਰ ਸੁਰੱਖਿਆ ਪੱਖਾਂ ਦੀ ਵਧੇਰੇ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਲਈ ਆਮ ਤੌਰ 'ਤੇ ਪਹਿਲਾਂ ਗ੍ਰੀਨ ਕਾਰਡ ਹਾਸਲ ਕਰਨਾ ਜਾਂ ਅਮਰੀਕੀ ਨਾਗਰਿਕ ਨਾਲ ਵਿਆਹ ਦੇ ਆਧਾਰ 'ਤੇ ਯੋਗਤਾ ਬਣਾਉਣੀ ਪੈਂਦੀ ਹੈ। ਇਸ ਤੋਂ ਬਾਅਦ ਬੈਕਗਰਾਊਂਡ ਜਾਂਚ, ਬਾਇਓਮੈਟਰਿਕਸ, ਇੰਟਰਵਿਊ, ਅੰਗਰੇਜ਼ੀ ਅਤੇ ਸਿਵਿਕਸ ਟੈਸਟ ਪਾਸ ਕਰਨ ਸਮੇਤ ਕਈ ਪੜਾਅ ਪੂਰੇ ਕਰਨੇ ਹੁੰਦੇ ਹਨ।

ਜੇਕਰ ਡੀ.ਐੱਚ.ਐੱਸ. ਦਾ ਇਹ ਪ੍ਰਸਤਾਵ ਮਨਜ਼ੂਰ ਹੋ ਜਾਂਦਾ ਹੈ, ਤਾਂ ਹਜ਼ਾਰਾਂ ਗ੍ਰੀਨ ਕਾਰਡ ਧਾਰਕਾਂ ਲਈ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੀ ਲਾਗਤ ਵਿਚ ਵੱਡਾ ਵਾਧਾ ਹੋਵੇਗਾ। ਇਸ ਲਈ ਇਮੀਗ੍ਰੈਂਟ ਭਾਈਚਾਰਾ, ਕਾਨੂੰਨੀ ਮਾਹਿਰ ਅਤੇ ਇਮੀਗ੍ਰੇਸ਼ਨ ਸੰਸਥਾਵਾਂ ਇਸ ਪ੍ਰਸਤਾਵ 'ਤੇ ਆਉਣ ਵਾਲੇ ਅੰਤਿਮ ਫ਼ੈਸਲੇ ਦੀ ਉਡੀਕ ਕਰ ਰਹੀਆਂ ਹਨ।

# ICE ਵੱਲੋਂ ਇਮੀਗ੍ਰੇਸ਼ਨ ਵਕੀਲ ਖਿਲਾਫ਼ ਪਹਿਲੀ ਵਾਰ ਵੱਡੀ ਕਾਰਵਾਈ

**ਕਥਿਤ ਤੌਰ 'ਤੇ ਝੂਠੇ ਅਸਾਇਲਮ ਦਾਅਵੇ ਦਾਇਰ ਕਰਨ 'ਤੇ 2.5 ਲੱਖ ਡਾਲਰ ਜੁਰਮਾਨੇ ਦੀ ਤਿਆਰੀ!**




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਇੱਕ ਮਹੱਤਵਪੂਰਨ ਅਤੇ ਨਵਾਂ ਮੋੜ ਸਾਹਮਣੇ ਆਇਆ ਹੈ। ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਪਹਿਲੀ ਵਾਰ ਇੱਕ ਇਮੀਗ੍ਰੇਸ਼ਨ ਵਕੀਲ ਖ਼ਿਲਾਫ਼ ਕਥਿਤ ਤੌਰ 'ਤੇ ਝੂਠੇ ਅਸਾਇਲਮ (ਸ਼ਰਨ) ਦਾਅਵੇ ਦਾਇਰ ਕਰਨ ਦੇ ਦੋਸ਼ਾਂ ਹੇਠ ਵੱਡੀ ਜੁਰਮਾਨਾ ਕਾਰਵਾਈ ਸ਼ੁਰੂ ਕੀਤੀ ਹੈ। ਇਸ ਮਾਮਲੇ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਕਥਿਤ ਧੋਖਾਧੜੀ ਖ਼ਿਲਾਫ਼ ਸਖ਼ਤ ਰੁਖ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੀ ਜਾਂਚ ਏਜੰਸੀ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ (ਐੱਚ.ਐੱਸ.ਆਈ.) ਨੇ ਐਲਾਨ ਕੀਤਾ ਹੈ ਕਿ ਇਮੀਗ੍ਰੇਸ਼ਨ ਵਕੀਲ ਵਿਨੋਦ ਡੋਡਾਮਾਨੀ ਨੂੰ ਪੰਜ **Notice of intent to Fine** ਜਾਰੀ ਕੀਤੇ ਗਏ ਹਨ। ਸਰਕਾਰ ਦਾ ਦੋਸ਼ ਹੈ ਕਿ ਵਕੀਲ ਨੇ 32 ਇਮੀਗ੍ਰੇਸ਼ਨ ਕੇਸਾਂ ਵਿਚ ਕੁੱਲ 64 ਕਥਿਤ ਤੌਰ 'ਤੇ ਧੋਖਾਧੜੀ ਵਾਲੇ ਦਸਤਾਵੇਜ਼ ਦਾਇਰ ਕੀਤੇ।

ਡੀ.ਐੱਚ.ਐੱਸ. ਅਨੁਸਾਰ, ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਕਈ ਅਸਾਈਲਮ ਅਰਜ਼ੀਆਂ ਵਿਚ ਵਰਤੀ ਗਈ ਭਾਸ਼ਾ, ਕਥਿਤ ਜ਼ੁਲਮ ਦੀ ਕਹਾਣੀ, ਤੱਥ ਅਤੇ ਵੇਰਵੇ ਲਗਭਗ ਇੱਕੋ ਜਿਹੇ ਸਨ। ਵਿਭਾਗ ਦਾ ਕਹਿਣਾ ਹੈ ਕਿ ਕਈ ਅਰਜ਼ੀਆਂ **"identical or nearly identical"** ਸਨ, ਜਿਸ ਨਾਲ ਇਹ ਸ਼ੱਕ ਪੈਦਾ ਹੋਇਆ ਕਿ ਇਹ ਦਾਅਵੇ ਅਸਲ ਹਾਲਾਤਾਂ ਦੀ ਬਜਾਏ ਇੱਕੋ ਨਮੂਨੇ 'ਤੇ ਤਿਆਰ ਕੀਤੇ ਗਏ ਹੋ ਸਕਦੇ ਹਨ।

ਜੇਕਰ ਇਹ ਦੋਸ਼ ਪ੍ਰਸ਼ਾਸਕੀ ਕਾਰਵਾਈ ਜਾਂ ਅਦਾਲਤੀ ਪ੍ਰਕਿਰਿਆ ਦੌਰਾਨ ਸਾਬਤ ਹੋ ਜਾਂਦੇ ਹਨ, ਤਾਂ ਵਕੀਲ ਨੂੰ ਲਗਭਗ 2 ਲੱਖ 50 ਹਜ਼ਾਰ ਡਾਲਰ (250,000 ਡਾਲਰ) ਤੱਕ ਦਾ ਜੁਰਮਾਨਾ ਭੁਗਤਣਾ ਪੈ ਸਕਦਾ ਹੈ।

ਇਹ ਕਾਰਵਾਈ ਉਸ ਸਮੇਂ ਸਾਹਮਣੇ ਆਈ ਹੈ, ਜਦੋਂ ਹਾਲ ਹੀ ਵਿਚ ਡੀ.ਐੱਚ.ਐੱਸ. ਦੇ ਜਨਰਲ ਕੌਂਸਲ ਜੇਮਸ ਪਰਸੀਵਲ ਨੇ ICE ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਉਨ੍ਹਾਂ ਵਕੀਲਾਂ ਅਤੇ ਇਮੀਗ੍ਰੇਸ਼ਨ ਨੁਮਾਇੰਦਿਆਂ ਖ਼ਿਲਾਫ਼ ਕਾਰਵਾਈ ਕਰਨ ਜੋ ਕਥਿਤ ਤੌਰ 'ਤੇ ਝੂਠੇ ਜਾਂ ਧੋਖਾਧੜੀ ਵਾਲੇ ਅਸਾਇਲਮ ਕੇਸ ਦਾਇਰ ਕਰਦੇ ਹਨ।

ਪਰਸੀਵਲ ਨੇ ਕਿਹਾ ਕਿ ਝੂਠੇ ਅਸਾਇਲਮ ਦਾਅਵੇ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਬੇਲੋੜਾ ਬੋਝ ਪਾਉਂਦੇ ਹਨ, ਅਸਲ ਸ਼ਰਨ ਮੰਗਣ ਵਾਲੇ ਲੋਕਾਂ ਦੇ ਕੇਸਾਂ ਵਿਚ ਦੇਰੀ ਕਰਦੇ ਹਨ ਅਤੇ ਕਈ ਵਾਰ ਅਜਿਹੇ ਵਿਅਕਤੀਆਂ ਦੀ ਦੇਸ਼ ਨਿਕਾਲੇ ਦੀ ਕਾਰਵਾਈ ਵੀ ਪ੍ਰਭਾਵਿਤ ਕਰਦੇ ਹਨ, ਜੋ ਗੰਭੀਰ ਅਪਰਾਧਾਂ ਵਿਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਇਮੀਗ੍ਰੇਸ਼ਨ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਕਾਇਮ ਰੱਖਣਾ ਹੈ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਜਵਾਬਦੇਹ ਬਣਾਉਣਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਇਹ ਕਾਰਵਾਈ ਦੇਸ਼ ਭਰ ਦੇ ਇਮੀਗ੍ਰੇਸ਼ਨ ਵਕੀਲਾਂ ਲਈ ਇੱਕ ਸਪੱਸ਼ਟ ਸੰਦੇਸ਼ ਹੈ ਕਿ ਜੇਕਰ ਕੋਈ ਵਿਅਕਤੀ ਜਾਣਬੁੱਝ ਕੇ ਝੂਠੇ ਜਾਂ ਮਨਘੜਤ ਦਾਅਵੇ ਪੇਸ਼ ਕਰਕੇ ਇਮੀਗ੍ਰੇਸ਼ਨ ਪ੍ਰਣਾਲੀ ਦਾ ਦੁਰਪਯੋਗ ਕਰੇਗਾ, ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਦੂਜੇ ਪਾਸੇ, ਕਈ ਇਮੀਗ੍ਰੇਸ਼ਨ ਕਾਨੂੰਨੀ ਮਾਹਿਰਾਂ ਨੇ ਇਸ ਕਾਰਵਾਈ 'ਤੇ ਚਿੰਤਾ ਵੀ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਵਾਰ ਇੱਕੋ ਦੇਸ਼ ਜਾਂ ਇੱਕੋ ਕਿਸਮ ਦੇ ਜ਼ੁਲਮ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀਆਂ ਕਹਾਣੀਆਂ ਕੁਦਰਤੀ ਤੌਰ 'ਤੇ ਇੱਕ-ਦੂਜੇ ਨਾਲ ਮਿਲਦੀਆਂ ਹੋ ਸਕਦੀਆਂ ਹਨ। ਇਸ ਲਈ ਸਿਰਫ਼ ਭਾਸ਼ਾ ਜਾਂ ਵੇਰਵਿਆਂ ਦੀ ਸਮਾਨਤਾ ਨੂੰ ਧੋਖਾਧੜੀ ਦਾ ਅੰਤਿਮ ਸਬੂਤ ਨਹੀਂ ਮੰਨਿਆ ਜਾ ਸਕਦਾ। ਮਾਹਿਰਾਂ ਦਾ ਮੰਨਣਾ ਹੈ ਕਿ ਹਰ ਕੇਸ ਦਾ ਮੁਲਾਂਕਣ ਉਸਦੇ ਆਪਣੇ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵੇਲੇ ਇਹ ਸਿਰਫ਼ ਸਰਕਾਰ ਵੱਲੋਂ ਲਗਾਏ ਗਏ ਦੋਸ਼ ਹਨ। ਅਜੇ ਤੱਕ ਕਿਸੇ ਅਦਾਲਤ ਜਾਂ ਪ੍ਰਸ਼ਾਸਕੀ ਅਥਾਰਿਟੀ ਨੇ ਇਹ ਫ਼ੈਸਲਾ ਨਹੀਂ ਦਿੱਤਾ ਕਿ ਵਕੀਲ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ।

# ਟਰੰਪ ਪ੍ਰਸ਼ਾਸਨ ਨੂੰ ਵੱਡੀ ਕਾਨੂੰਨੀ ਜਿੱਤ, ਤੇਜ਼ ਡਿਪੋਰਟੇਸ਼ਨ ਨੀਤੀ ਨੂੰ ਅਦਾਲਤ ਦੀ ਮਨਜ਼ੂਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਇੱਕ ਹੋਰ ਵੱਡਾ ਕਾਨੂੰਨੀ ਸਮਰਥਨ ਮਿਲਿਆ ਹੈ। ਅਮਰੀਕੀ ਡੀ.ਸੀ. ਸਰਕਟ ਕੋਰਟ ਆਫ਼ ਅਪੀਲਜ਼ ਨੇ ਟਰੰਪ ਪ੍ਰਸ਼ਾਸਨ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਦੇਸ਼ ਭਰ ਵਿਚ "ਐਕਸਪੀਡਾਈਟਡ ਰਿਮੂਵਲ" ਨੀਤੀ ਨੂੰ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਨਾਲ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਕੁਝ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਜੱਜ ਦੀ ਸੁਣਵਾਈ ਤੋਂ ਬਿਨਾਂ ਹੀ ਤੇਜ਼ੀ ਨਾਲ ਡਿਪੋਰਟ ਕਰਨ ਦਾ ਅਧਿਕਾਰ ਮਿਲ ਗਿਆ ਹੈ।

ਇਹ ਮਾਮਲਾ ਟਰੰਪ ਪ੍ਰਸ਼ਾਸਨ ਦੇ 21 ਜਨਵਰੀ 2025 ਦੇ ਉਸ ਫੈਸਲੇ ਨਾਲ ਜੁੜਿਆ ਹੋਇਆ ਹੈ, ਜਿਸ ਤਹਿਤ ਐਕਸਪੀਡਾਈਟਡ ਰਿਮੂਵਲ ਨੀਤੀ ਦਾ ਦਾਇਰਾ ਸਰਹੱਦੀ ਇਲਾਕਿਆਂ ਤੋਂ ਵਧਾ ਕੇ ਪੂਰੇ ਅਮਰੀਕਾ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪਹਿਲਾਂ ਇਹ ਨੀਤੀ ਸਿਰਫ਼ ਉਨ੍ਹਾਂ ਵਿਅਕਤੀਆਂ 'ਤੇ ਲਾਗੂ ਹੁੰਦੀ ਸੀ, ਜੋ ਅਮਰੀਕੀ ਜ਼ਮੀਨੀ ਸਰਹੱਦ ਤੋਂ 100 ਮੀਲ ਦੇ ਅੰਦਰ ਅਤੇ ਦਾਖ਼ਲੇ ਤੋਂ 14 ਦਿਨਾਂ ਦੇ ਅੰਦਰ ਫੜੇ ਜਾਂਦੇ ਸਨ। ਹੁਣ ਇਸ ਦਾ ਦਾਇਰਾ ਕਾਫ਼ੀ ਵਧਾ ਦਿੱਤਾ ਗਿਆ ਹੈ।

ਅਪੀਲ ਅਦਾਲਤ ਨੇ ਕਿਹਾ ਹੈ ਕਿ ਹੁਣ ਅਮਰੀਕਾ ਵਿਚ ਰਹਿ ਰਹੇ ਉਹ ਗੈਰ-ਕਾਨੂੰਨੀ ਪ੍ਰਵਾਸੀ, ਜੋ ਇਹ ਸਾਬਤ ਨਹੀਂ ਕਰ ਸਕਦੇ ਕਿ ਉਹ ਲਗਾਤਾਰ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲਾ ਦਿੱਤਾ ਜਾ ਸਕੇਗਾ। ਇਸ ਪ੍ਰਕਿਰਿਆ ਵਿਚ ਉਨ੍ਹਾਂ ਨੂੰ ਆਮ ਤੌਰ 'ਤੇ ਇਮੀਗ੍ਰੇਸ਼ਨ ਜੱਜ ਦੇ ਸਾਹਮਣੇ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ। ਤਿੰਨ ਜੱਜਾਂ ਦੇ ਬੈਂਚ ਵਿਚੋਂ ਟਰੰਪ ਵੱਲੋਂ ਨਿਯੁਕਤ ਜੱਜ ਜਸਟਿਨ ਵਾਕਰ ਅਤੇ ਨਿਓਮੀ ਰਾਓ ਨੇ ਪ੍ਰਸ਼ਾਸਨ ਦੇ ਹੱਕ ਵਿਚ ਫੈਸਲਾ ਦਿੱਤਾ, ਜਦਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨਿਯੁਕਤ ਜੱਜ ਰਾਬਰਟ ਵਿਲਕਿਨਜ਼ ਨੇ ਇਸ ਨਾਲ ਅਸਹਿਮਤੀ ਜਤਾਈ। ਬਹੁਮਤ ਦੇ ਫੈਸਲੇ ਵਿਚ ਕਿਹਾ ਗਿਆ ਕਿ ਇਸ ਨੀਤੀ ਨਾਲ ਸੰਵਿਧਾਨ ਤਹਿਤ ਮਿਲਣ ਵਾਲੇ "ਡਿਊ ਪ੍ਰੋਸੈਸ" ਦੇ ਅਧਿਕਾਰ ਦੀ ਉਲੰਘਣਾ ਨਹੀਂ ਹੁੰਦੀ।

ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੇ ਜਨਰਲ ਕੌਂਸਲ ਜੇਮਸ ਪਰਸੀਵਲ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਅਦਾਲਤ ਨੇ ਕਾਨੂੰਨ ਨੂੰ ਉਸਦੇ ਅਸਲ ਰੂਪ ਵਿਚ ਲਾਗੂ ਕਰਨ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਈ ਸਾਲਾਂ ਤੋਂ ਐਕਸਪੀਡਾਈਟਡ ਰਿਮੂਵਲ ਨੂੰ ਬੇਵਜ੍ਹਾ ਸਿਰਫ਼ 14 ਦਿਨਾਂ ਤੱਕ ਸੀਮਤ ਰੱਖਿਆ ਗਿਆ ਸੀ, ਜਦਕਿ ਕਾਨੂੰਨ ਦੋ ਸਾਲ ਦੇ ਅੰਦਰ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ ਵਿਅਕਤੀਆਂ 'ਤੇ ਵੀ ਲਾਗੂ ਹੁੰਦਾ ਹੈ। ਉਨ੍ਹਾਂ ਨੇ ਇਹ ਵੀ ਦੁਹਰਾਇਆ ਕਿ ਜੋ ਲੋਕ ਖੁਦ ਆਪਣੀ ਮਰਜ਼ੀ ਨਾਲ ਅਮਰੀਕਾ ਛੱਡਦੇ ਹਨ, ਉਨ੍ਹਾਂ ਲਈ ਪ੍ਰਸ਼ਾਸਨ ਵੱਲੋਂ 2,600 ਡਾਲਰ ਦੀ ਸਹਾਇਤਾ ਯੋਜਨਾ ਵੀ ਉਪਲਬਧ ਹੈ।

# ਅਮਰੀਕਾ ਵੱਲੋਂ ਨਿਵੇਸ਼ ਅਤੇ ਮੈਡੀਕੇਡ ਧੋਖਾਧੜੀ ਦੇ ਦੋਸ਼ਾਂ ਹੇਠ ਕਈ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਰੱਦ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਵਿਦੇਸ਼ ਵਿਭਾਗ ਨੇ ਵਿੱਤੀ ਧੋਖਾਧੜੀ ਅਤੇ ਸਰਕਾਰੀ ਯੋਜਨਾਵਾਂ ਦੇ ਕਥਿਤ ਦੁਰਪਯੋਗ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਕਈ ਵਿਦੇਸ਼ੀ ਨਾਗਰਿਕਾਂ ਦੇ ਅਮਰੀਕੀ ਵੀਜ਼ੇ ਰੱਦ ਕਰ ਦਿੱਤੇ ਹਨ। ਵਿਭਾਗ ਨੇ ਕਿਹਾ ਹੈ ਕਿ ਇਹ ਕਦਮ ਅਮਰੀਕੀ ਨਾਗਰਿਕਾਂ ਅਤੇ ਟੈਕਸਦਾਤਾਵਾਂ ਦੇ ਪੈਸੇ ਦੀ ਸੁਰੱਖਿਆ ਲਈ ਚੁੱਕਿਆ ਗਿਆ ਹੈ।

ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਰੀ ਕੀਤੇ ਬਿਆਨਾਂ ਵਿਚ ਦੱਸਿਆ ਕਿ ਜਿਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਰੱਦ ਕੀਤੇ ਗਏ ਹਨ, ਉਨ੍ਹਾਂ 'ਤੇ ਨਿਵੇਸ਼ ਧੋਖਾਧੜੀ, ਸਿਹਤ ਸੇਵਾਵਾਂ ਨਾਲ ਜੁੜੀ ਮੈਡੀਕੇਡ ਧੋਖਾਧੜੀ ਅਤੇ ਅਮਰੀਕੀ ਵੀਜ਼ਾ ਹਾਸਲ ਕਰਨ ਲਈ ਕਾਰੋਬਾਰੀ ਜਾਣਕਾਰੀ ਬਾਰੇ ਗਲਤ ਬਿਆਨ ਦੇਣ ਦੇ ਦੋਸ਼ ਹਨ। ਵਿਭਾਗ ਦੇ ਅਨੁਸਾਰ, ਇੱਕ ਮਾਮਲੇ ਵਿਚ ਇੱਕ ਵਿਦੇਸ਼ੀ ਨਿਵੇਸ਼ ਸਲਾਹਕਾਰ 'ਤੇ ਦੋਸ਼ ਹੈ ਕਿ ਉਸ ਨੇ ਅਮਰੀਕੀ ਨਾਗਰਿਕਾਂ ਤੋਂ ਕਾਰੋਬਾਰ ਅਤੇ ਨਿੱਜੀ ਬਚਤ ਵਿਚ ਨਿਵੇਸ਼ ਕਰਨ ਦੇ ਨਾਮ 'ਤੇ ਲੱਖਾਂ ਡਾਲਰ ਦੀ ਠੱਗੀ ਕੀਤੀ।

ਇੱਕ ਹੋਰ ਮਾਮਲੇ ਵਿਚ ਇੱਕ ਵਿਅਕਤੀ 'ਤੇ ਦੋਸ਼ ਹੈ ਕਿ ਉਸ ਨੇ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦਾ ਦਾਅਵਾ ਕਰਦੇ ਹੋਏ 5 ਮਿਲੀਅਨ ਡਾਲਰ ਤੋਂ ਵੱਧ ਦੀ ਝੂਠੀ ਮੈਡੀਕੇਡ ਬਿਲਿੰਗ ਕੀਤੀ ਅਤੇ ਸਰਕਾਰੀ ਸਿਹਤ ਪ੍ਰੋਗਰਾਮ ਨਾਲ ਧੋਖਾਧੜੀ ਕੀਤੀ।

ਇਸ ਤੋਂ ਇਲਾਵਾ, ਇੱਕ ਹੋਰ ਵਿਦੇਸ਼ੀ ਨਾਗਰਿਕ 'ਤੇ ਦੋਸ਼ ਹੈ ਕਿ ਉਸ ਨੇ ਆਪਣੀ ਕੰਪਨੀ ਦੀ ਆਮਦਨ ਨੂੰ ਵਧਾ-ਚੜ੍ਹਾ ਕੇ ਦਿਖਾਇਆ, ਨਿਵੇਸ਼ਕਾਂ ਨੂੰ ਗੁੰਮਰਾਹ ਕੀਤਾ ਅਤੇ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ ਪੇਸ਼ ਕੀਤੇ। ਹਾਲਾਂਕਿ, ਅਮਰੀਕੀ ਵਿਦੇਸ਼ ਵਿਭਾਗ ਨੇ ਇਨ੍ਹਾਂ ਵਿਅਕਤੀਆਂ ਦੇ ਨਾਮ, ਉਨ੍ਹਾਂ ਦੀ ਨਾਗਰਿਕਤਾ ਜਾਂ ਇਹ ਕਥਿਤ ਘਟਨਾਵਾਂ ਕਦੋਂ ਵਾਪਰੀਆਂ, ਇਸ ਬਾਰੇ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ। ਵਿਭਾਗ ਨੇ ਹਰ ਮਾਮਲੇ ਵਿਚ ਸਪੱਸ਼ਟ ਸੰਦੇਸ਼ ਦਿੱਤਾ ਕਿ **"Visa Revoked"** — ਯਾਨੀ ਜਿਹੜੇ ਵਿਦੇਸ਼ੀ ਨਾਗਰਿਕ ਅਮਰੀਕੀ ਪ੍ਰਣਾਲੀ ਨਾਲ ਧੋਖਾਧੜੀ ਕਰਨਗੇ ਜਾਂ ਵੀਜ਼ਾ ਪ੍ਰਣਾਲੀ ਦਾ ਦੁਰਵਰਤੋਂ ਕਰਨਗੇ, ਉਨ੍ਹਾਂ ਨੂੰ ਅਮਰੀਕਾ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਉਸ ਵਿਆਪਕ ਨੀਤੀ ਦਾ ਹਿੱਸਾ ਹੈ, ਜਿਸ ਤਹਿਤ ਅਮਰੀਕੀ ਲੋਕਾਂ ਨੂੰ ਉਨ੍ਹਾਂ ਵਿਦੇਸ਼ੀ ਵਿਅਕਤੀਆਂ ਤੋਂ ਸੁਰੱਖਿਆ ਦਿੱਤੀ ਜਾ ਰਹੀ ਹੈ, ਜੋ ਵਿੱਤੀ ਧੋਖਾਧੜੀ ਕਰਦੇ ਹਨ, ਟੈਕਸਦਾਤਾਵਾਂ ਦੇ ਪੈਸੇ ਨਾਲ ਚੱਲਣ ਵਾਲੀਆਂ ਸਰਕਾਰੀ ਯੋਜਨਾਵਾਂ ਦਾ ਦੁਰਪਯੋਗ ਕਰਦੇ ਹਨ ਜਾਂ ਵੀਜ਼ਾ ਪ੍ਰਣਾਲੀ ਨਾਲ ਧੋਖਾ ਕਰਦੇ ਹਨ।

# ਅਮਰੀਕੀ ਨਾਗਰਿਕਤਾ ਛੱਡਣਾ ਹੋਇਆ ਸਸਤਾ, ਵਿਦੇਸ਼ ਵੱਸਣ ਵਾਲੇ ਅਮਰੀਕੀਆਂ ਦੀ ਗਿਣਤੀ ਰਿਕਾਰਡ ਪੱਧਰ 'ਤੇ ਪਹੁੰਚੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਨਾਗਰਿਕਤਾ ਛੱਡਣ ਦੀ ਪ੍ਰਕਿਰਿਆ ਹੁਣ ਪਹਿਲਾਂ ਨਾਲੋਂ ਕਾਫ਼ੀ ਸਸਤੀ ਹੋ ਗਈ ਹੈ। ਲਗਭਗ ਦਸ ਸਾਲਾਂ ਬਾਅਦ ਪਹਿਲੀ ਵਾਰ ਅਮਰੀਕੀ ਵਿਦੇਸ਼ ਮੰਤਰਾਲੇ ਨੇ ਸਰਟੀਫਿਕੇਟ ਆਫ ਲੌਸ ਨੈਸ਼ਨੇਲਿਟੀ (ਸੀ.ਐੱਲ.ਐੱਨ.) ਲਈ ਅਰਜ਼ੀ ਦੀ ਫੀਸ 2,350 ਡਾਲਰ ਤੋਂ ਘਟਾ ਕੇ ਸਿਰਫ਼ 450 ਡਾਲਰ ਕਰ ਦਿੱਤੀ ਹੈ। ਭਾਵੇਂ ਫੀਸ ਵਿਚ ਕਰੀਬ 80 ਫ਼ੀਸਦੀ ਦੀ ਕਟੌਤੀ ਕੀਤੀ ਗਈ ਹੈ, ਪਰ ਵਿਦੇਸ਼ ਵੱਸਣ ਜਾਂ ਅਮਰੀਕੀ ਨਾਗਰਿਕਤਾ ਛੱਡਣ ਵਿਚ ਲੋਕਾਂ ਦੀ ਦਿਲਚਸਪੀ ਘੱਟ ਨਹੀਂ ਹੋਈ। ਇਸ ਦੇ ਉਲਟ, 2025 ਦੌਰਾਨ ਰਿਕਾਰਡ ਗਿਣਤੀ ਵਿਚ ਅਮਰੀਕੀ ਨਾਗਰਿਕ ਵਿਦੇਸ਼ਾਂ ਵਿਚ ਜਾ ਕੇ ਵੱਸੇ।

ਮਾਹਿਰਾਂ ਅਨੁਸਾਰ "ਵਿਦੇਸ਼ ਵਿਚ ਰਹਿਣਾ" ਅਤੇ "ਅਮਰੀਕੀ ਨਾਗਰਿਕਤਾ ਛੱਡਣਾ" ਦੋ ਵੱਖਰੀਆਂ ਗੱਲਾਂ ਹਨ। ਕੋਈ ਵੀ ਅਮਰੀਕੀ ਨਾਗਰਿਕ ਕਿਸੇ ਹੋਰ ਦੇਸ਼ ਵਿਚ ਰਹਿ ਸਕਦਾ ਹੈ ਅਤੇ ਫਿਰ ਵੀ ਆਪਣੀ ਅਮਰੀਕੀ ਨਾਗਰਿਕਤਾ ਕਾਇਮ ਰੱਖ ਸਕਦਾ ਹੈ। ਪਰ ਜਿਹੜੇ ਲੋਕ ਆਪਣੀ ਅਮਰੀਕੀ ਨਾਗਰਿਕਤਾ ਪੂਰੀ ਤਰ੍ਹਾਂ ਤਿਆਗ ਦਿੰਦੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਸਰਟੀਫਿਕੇਟ ਆਫ ਲੌਸ ਨੈਸ਼ਨੇਲਿਟੀ (ਸੀ.ਐੱਲ.ਐੱਨ.) ਜਾਰੀ ਕੀਤਾ ਜਾਂਦਾ ਹੈ।

ਐਸੋਸੀਏਸ਼ਨ ਆਫ ਅਮਰੀਕਨਜ਼ ਰੈਜ਼ੀਡੈਂਟ ਓਵਰਸੀਜ਼ (ਏ.ਏ.ਆਰ.ਓ.) ਦੇ ਅਨੁਸਾਰ ਇਸ ਵੇਲੇ ਘੱਟੋ-ਘੱਟ 55 ਲੱਖ ਅਮਰੀਕੀ ਵਿਦੇਸ਼ਾਂ ਵਿਚ ਰਹਿ ਰਹੇ ਹਨ। ਇਨ੍ਹਾਂ ਵਿਚ ਡਿਜ਼ੀਟਲ ਨੋਮੈਡ, ਰਿਟਾਇਰਡ ਲੋਕ, ਵਿਦੇਸ਼ੀ ਕੰਪਨੀਆਂ ਵਿਚ ਕੰਮ ਕਰਨ ਵਾਲੇ ਪੇਸ਼ੇਵਰ ਅਤੇ ਨਿਵੇਸ਼ ਰਾਹੀਂ ਦੂਜੇ ਦੇਸ਼ਾਂ ਦੀ ਰਿਹਾਇਸ਼ ਜਾਂ ਨਾਗਰਿਕਤਾ ਹਾਸਲ ਕਰਨ ਵਾਲੇ ਲੋਕ ਸ਼ਾਮਲ ਹਨ।

2015 ਵਿਚ ਫੌਰਨ ਅਕਾਊਂਡ ਟੈਕਸ ਕੰਪਲਾਇਸ ਐਕਟ (ਐੱਫ.ਏ.ਟੀ.ਸੀ.ਏ.) ਦੇ ਪ੍ਰਭਾਵ ਕਾਰਨ ਕਈ ਅਮਰੀਕੀਆਂ ਨੇ ਟੈਕਸ ਅਤੇ ਬੈਂਕਿੰਗ ਨਿਯਮਾਂ ਤੋਂ ਬਚਣ ਲਈ ਆਪਣੀ ਨਾਗਰਿਕਤਾ ਛੱਡੀ ਸੀ। ਉਸ ਸਮੇਂ ਅਮਰੀਕੀ ਸਰਕਾਰ ਨੇ ਸੀ.ਐੱਲ.ਐੱਨ. ਦੀ ਫੀਸ ਵਧਾ ਕੇ 2,350 ਡਾਲਰ ਕਰ ਦਿੱਤੀ ਸੀ। ਇਸ ਤੋਂ ਬਾਅਦ 2020 ਵਿਚ ਕੋਵਿਡ-19 ਮਹਾਂਮਾਰੀ ਦੌਰਾਨ ਵੀ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ। ਬਰੂਕਿੰਗਜ਼ ਸੰਸਥਾ ਦੇ ਅਨੁਮਾਨ ਅਨੁਸਾਰ 2025 ਵਿਚ ਲਗਭਗ 1,50,000 ਅਮਰੀਕੀ ਵਿਦੇਸ਼ ਜਾ ਕੇ ਵੱਸੇ, ਜਦਕਿ ਅਮਰੀਕੀ ਖ਼ਜ਼ਾਨਾ ਵਿਭਾਗ ਦੇ ਅੰਕੜਿਆਂ ਮੁਤਾਬਕ ਘੱਟੋ-ਘੱਟ 5,000 ਲੋਕਾਂ ਨੇ ਰਸਮੀ ਤੌਰ 'ਤੇ ਆਪਣੀ ਅਮਰੀਕੀ ਨਾਗਰਿਕਤਾ ਛੱਡ ਦਿੱਤੀ। ਇਹ ਵੀ ਦੱਸਿਆ ਗਿਆ ਹੈ ਕਿ ਲਗਭਗ 40 ਫ਼ੀਸਦੀ ਅਮਰੀਕੀ ਵਿਦੇਸ਼ ਜਾ ਕੇ ਰਹਿਣ ਵਿਚ ਦਿਲਚਸਪੀ ਰੱਖਦੇ ਹਨ, ਜਦਕਿ 50 ਫ਼ੀਸਦੀ ਲੋਕ ਦੂਜਾ ਪਾਸਪੋਰਟ ਲੈਣ ਜਾਂ ਲੈ ਚੁੱਕੇ ਹੋਣ ਦੀ ਇੱਛਾ ਜ਼ਾਹਰ ਕਰ ਚੁੱਕੇ ਹਨ। ਰਿਪੋਰਟ ਮੁਤਾਬਕ ਅਮੀਰ ਅਮਰੀਕੀ ਨਿਵੇਸ਼ਕ ਅਜੇ ਵੀ ਸਿੰਗਾਪੁਰ, ਨਿਊਜ਼ੀਲੈਂਡ, ਕੇਮੈਨ ਟਾਪੂ, ਸਾਈਪ੍ਰਸ, ਨੀਦਰਲੈਂਡ, ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਅਤੇ ਸਾਊਦੀ ਅਰਬ ਵਰਗੇ ਦੇਸ਼ਾਂ ਨੂੰ ਤਰਜੀਹ ਦੇ ਰਹੇ ਹਨ। ਦੂਜੇ ਪਾਸੇ, ਆਮ ਅਮਰੀਕੀ, ਜੋ ਘੱਟ ਰਹਿਣ-ਸਹਿਣ ਦੇ ਖਰਚੇ ਜਾਂ ਬਿਹਤਰ ਜੀਵਨ-ਸ਼ੈਲੀ ਦੀ ਭਾਲ ਵਿਚ ਹਨ, ਉਹ ਮੈਕਸੀਕੋ, ਪਨਾਮਾ, ਪੁਰਤਗਾਲ, ਥਾਈਲੈਂਡ, ਮਲੇਸ਼ੀਆ, ਮੱਧ ਅਤੇ ਦੱਖਣੀ ਅਮਰੀਕਾ ਅਤੇ ਪੂਰਬੀ ਯੂਰਪ ਦੇ ਕਈ ਦੇਸ਼ਾਂ ਵੱਲ ਰੁਖ ਕਰ ਰਹੇ ਹਨ।

# ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵੈਸਟ ਵਰਜੀਨੀਆ, ਓਹਾਇਓ ਤੇ ਕੈਂਟਕੀ 'ਚ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ 'ਚ ਵੱਡਾ ਉਛਾਲ

**ਚਾਰਲਸਟਨ (ਵੈਸਟ ਵਰਜੀਨੀਆ), (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਬਾਅਦ ਅਮਰੀਕਾ ਦੇ ਕਈ ਰਾਜਾਂ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਸਖ਼ਤੀ ਦਾ ਅਸਰ ਸਪੱਸ਼ਟ ਤੌਰ 'ਤੇ ਨਜ਼ਰ ਆ ਰਿਹਾ ਹੈ। ਐਸੋਸੀਏਟਿਡ ਪ੍ਰੈੱਸ (ਏਪੀ) ਵੱਲੋਂ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਦੇ ਅੰਕੜਿਆਂ ਦੇ ਆਧਾਰ 'ਤੇ ਕੀਤੇ ਗਏ ਵਿਸ਼ਲੇਸ਼ਣ ਮੁਤਾਬਕ ਵੈਸਟ ਵਰਜੀਨੀਆ, ਓਹਾਇਓ ਅਤੇ ਕੈਂਟਕੀ ਵਿਚ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ।

ਅਧਿਐਨ ਵਿਚ ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ 416 ਦਿਨਾਂ (20 ਜਨਵਰੀ 2025 ਤੋਂ 11 ਮਾਰਚ 2026) ਦੀ ਤੁਲਨਾ ਬਾਇਡਨ ਪ੍ਰਸ਼ਾਸਨ ਦੇ ਆਖ਼ਰੀ 416 ਦਿਨਾਂ (1 ਦਸੰਬਰ 2023 ਤੋਂ 19 ਜਨਵਰੀ 2025) ਨਾਲ ਕੀਤੀ ਗਈ। ਸਭ ਤੋਂ ਵੱਡਾ ਵਾਧਾ ਵੈਸਟ ਵਰਜੀਨੀਆ ਵਿਚ ਦਰਜ ਕੀਤਾ ਗਿਆ। ਬਾਇਡਨ ਦੇ ਆਖ਼ਰੀ 416 ਦਿਨਾਂ ਦੌਰਾਨ ਇੱਥੇ 208 ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਹੋਈਆਂ ਸਨ, ਜਦਕਿ ਟਰੰਪ ਦੇ ਕਾਰਜਕਾਲ ਦੇ ਪਹਿਲੇ 416 ਦਿਨਾਂ ਵਿਚ ਇਹ ਗਿਣਤੀ ਵੱਧ ਕੇ 2,190 ਹੋ ਗਈ। ਇਹ ਲਗਭਗ 950 ਫ਼ੀਸਦੀ ਤੋਂ ਵੀ ਵੱਧ ਵਾਧਾ ਹੈ।

ਓਹਾਇਓ ਵਿਚ ਵੀ ਇਮੀਗ੍ਰੇਸ਼ਨ ਕਾਰਵਾਈਆਂ ਵਿਚ ਭਾਰੀ ਤੇਜ਼ੀ ਆਈ। ਉੱਥੇ ਗ੍ਰਿਫ਼ਤਾਰੀਆਂ ਦੀ ਗਿਣਤੀ 965 ਤੋਂ ਵੱਧ ਕੇ 4,859 ਹੋ ਗਈ, ਜੋ ਕਿ 400 ਫ਼ੀਸਦੀ ਤੋਂ ਵੱਧ ਵਾਧਾ ਦਰਸਾਉਂਦੀ ਹੈ।

ਕੈਂਟਕੀ ਵਿਚ ਵੀ ਗ੍ਰਿਫ਼ਤਾਰੀਆਂ ਵਧੀਆਂ। ਬਾਇਡਨ ਪ੍ਰਸ਼ਾਸਨ ਦੇ ਆਖ਼ਰੀ 416 ਦਿਨਾਂ ਦੌਰਾਨ 2,303 ਗ੍ਰਿਫ਼ਤਾਰੀਆਂ ਹੋਈਆਂ ਸਨ, ਜਦਕਿ ਟਰੰਪ ਦੇ ਕਾਰਜਕਾਲ ਦੌਰਾਨ ਇਹ ਗਿਣਤੀ 3,196 ਤੱਕ ਪਹੁੰਚ ਗਈ। ਇਹ ਲਗਭਗ 39 ਫ਼ੀਸਦੀ ਵਾਧਾ ਹੈ।

ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਲਈ 287(ਜੀ) ਪ੍ਰੋਗਰਾਮ ਵਿਚ ਰਾਜ ਅਤੇ ਸਥਾਨਕ ਪੁਲਿਸ ਏਜੰਸੀਆਂ ਦੀ ਭਾਗੀਦਾਰੀ ਵੀ ਤੇਜ਼ੀ ਨਾਲ ਵਧੀ ਹੈ। ਇਸ ਪ੍ਰੋਗਰਾਮ ਤਹਿਤ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ICE ਨਾਲ ਮਿਲ ਕੇ ਕੁਝ ਇਮੀਗ੍ਰੇਸ਼ਨ ਕਾਰਵਾਈਆਂ ਕਰਨ ਦਾ ਅਧਿਕਾਰ ਮਿਲਦਾ ਹੈ।

ਮੌਜੂਦਾ ਸਮੇਂ ਵੈਸਟ ਵਰਜੀਨੀਆ ਦੀਆਂ 37, ਕੈਂਟਕੀ ਦੀਆਂ 44 ਅਤੇ ਓਹਾਇਓ ਦੀਆਂ 19 ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 287(ਜੀ) ਪ੍ਰੋਗਰਾਮ ਵਿਚ ਸ਼ਾਮਲ ਹਨ।

ਦੇਸ਼ ਪੱਧਰ 'ਤੇ ਵੀ ਇਸ ਪ੍ਰੋਗਰਾਮ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਹੈ। ਟਰੰਪ ਦੇ ਦੂਜੇ ਕਾਰਜਕਾਲ ਤੋਂ ਪਹਿਲਾਂ 20 ਰਾਜਾਂ ਵਿਚ ਸਿਰਫ਼ 135 ਸਮਝੌਤੇ ਸਨ, ਜਦਕਿ ਹੁਣ ਇਹ ਗਿਣਤੀ ਵੱਧ ਕੇ 41 ਰਾਜਾਂ ਅਤੇ ਅਮਰੀਕੀ ਖੇਤਰਾਂ ਵਿਚ 1,700 ਤੋਂ ਵੱਧ ਸਮਝੌਤਿਆਂ ਤੱਕ ਪਹੁੰਚ ਚੁੱਕੀ ਹੈ।

ਐਸੋਸੀਏਟਿਡ ਪ੍ਰੈੱਸ ਮੁਤਾਬਕ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਦੇ ਮਾਮਲੇ ਵਿਚ ਸਭ ਤੋਂ ਅੱਗੇ ਰਹਿਣ ਵਾਲੇ ਰਾਜਾਂ ਵਿਚ ਐਰੀਜ਼ੋਨਾ, ਕੈਲੀਫੋਰਨੀਆ, ਫਲੋਰਿਡਾ, ਜਾਰਜੀਆ, ਨਿਊਜਰਸੀ, ਨਿਊਯਾਰਕ, ਪੈਨਸਿਲਵੇਨੀਆ, ਟੈਨੇਸੀ, ਟੈਕਸਾਸ ਅਤੇ ਵਰਜੀਨੀਆ ਸ਼ਾਮਲ ਹਨ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਅਤੇ ਦੇਸ਼ ਦੀ ਅੰਦਰੂਨੀ ਸੁਰੱਖਿਆ ਮਜ਼ਬੂਤ ਕਰਨ ਲਈ ਇਮੀਗ੍ਰੇਸ਼ਨ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਜ਼ਰੂਰੀ ਹੈ। ਦੂਜੇ ਪਾਸੇ, ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਮੰਨਣਾ ਹੈ ਕਿ ਵਧਦੀਆਂ ਗ੍ਰਿਫ਼ਤਾਰੀਆਂ ਅਤੇ ਸਥਾਨਕ ਪੁਲਿਸ ਦੀ ਵਧਦੀ ਭੂਮਿਕਾ ਕਾਰਨ ਇਮੀਗ੍ਰੈਂਟ ਭਾਈਚਾਰਿਆਂ ਵਿਚ ਡਰ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣ ਰਿਹਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ 455 ਲੋਕਾਂ 'ਤੇ 6.5 ਬਿਲੀਅਨ ਡਾਲਰ ਦੇ ਹੈਲਥਕੇਅਰ ਫਰਾਡ ਦੇ ਦੋਸ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਦੇ ਨਿਆਂ ਵਿਭਾਗ (ਡੀ.ਓ.ਜੇ.) ਨੇ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀਆਂ ਹੈਲਥਕੇਅਰ ਫਰਾਡ ਕਾਰਵਾਈਆਂ ਵਿਚੋਂ ਇੱਕ ਦਾ ਐਲਾਨ ਕਰਦਿਆਂ 455 ਵਿਅਕਤੀਆਂ ਖ਼ਿਲਾਫ਼ ਫੌਜਦਾਰੀ ਦੋਸ਼ ਲਗਾਏ ਹਨ। ਇਨ੍ਹਾਂ ਵਿਚ ਡਾਕਟਰ, ਨਰਸ ਪ੍ਰੈਕਟੀਸ਼ਨਰ, ਹੋਰ ਮੈਡੀਕਲ ਪੇਸ਼ੇਵਰ ਅਤੇ ਕਾਰੋਬਾਰੀ ਸੰਚਾਲਕ ਸ਼ਾਮਲ ਹਨ। ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਨੇ ਮਿਲ ਕੇ ਮੈਡੀਕੇਅਰ, ਮੈਡੀਕੇਡ ਅਤੇ ਹੋਰ ਸਰਕਾਰੀ ਸਿਹਤ ਪ੍ਰੋਗਰਾਮਾਂ ਨੂੰ ਲਗਭਗ 6.5 ਬਿਲੀਅਨ ਡਾਲਰ ਦੇ ਝੂਠੇ ਜਾਂ ਧੋਖਾਧੜੀ ਵਾਲੇ ਕਲੇਮ ਭੇਜੇ।



ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਿਹਾ ਕਿ ਇਹ "ਹੈਲਥਕੇਅਰ ਫਰਾਡ ਖ਼ਿਲਾਫ਼ ਸੰਘੀ ਅਤੇ ਰਾਜ ਸਰਕਾਰਾਂ ਦੀ ਸਾਂਝੀ ਇਤਿਹਾਸਕ ਕਾਰਵਾਈ" ਹੈ। ਜਾਂਚ ਦੇ ਦੌਰਾਨ 41 ਰਾਜਾਂ ਅਤੇ ਕਈ ਅਮਰੀਕੀ ਖੇਤਰਾਂ ਵਿਚ ਛਾਪੇਮਾਰੀ ਕੀਤੀ ਗਈ ਅਤੇ 127 ਮਿਲੀਅਨ ਡਾਲਰ ਤੋਂ ਵੱਧ ਦੀ ਨਕਦੀ, ਗਹਿਣੇ, ਲਗਜ਼ਰੀ ਕਾਰਾਂ ਅਤੇ ਹੋਰ ਸੰਪਤੀਆਂ ਜ਼ਬਤ ਕੀਤੀਆਂ ਗਈਆਂ ਹਨ।

ਸਭ ਤੋਂ ਵੱਡੇ ਕੇਸਾਂ ਵਿਚੋਂ ਇੱਕ ਐਰੀਜ਼ੋਨਾ ਦੀ ਇੱਕ ਕੰਪਨੀ ਨਾਲ ਜੁੜਿਆ ਹੈ, ਜਿਸ ਦੇ ਮਾਲਕ ਅਤੇ ਹੋਰ 10 ਲੋਕਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਜ਼ਖ਼ਮਾਂ ਦੇ ਇਲਾਜ ਲਈ ਵਰਤੇ ਜਾਣ ਵਾਲੇ ਟਿਸ਼ੂ ਉਤਪਾਦਾਂ (ਐਲੋਗ੍ਰਾਫਟਸ) ਦੇ ਨਾਂ 'ਤੇ ਮੈਡੀਕੇਅਰ ਨੂੰ ਅਰਬਾਂ ਡਾਲਰ ਦੇ ਝੂਠੇ ਬਿੱਲ ਭੇਜੇ। ਡੀ.ਓ.ਜੇ. ਦੇ ਅਨੁਸਾਰ ਕੰਪਨੀ ਨੇ ਇਹ ਉਤਪਾਦ ਸਸਤੇ ਭਾਅ 'ਤੇ ਖਰੀਦ ਕੇ 2,000 ਫੀਸਦੀ ਤੱਕ ਵਾਧੂ ਕੀਮਤ 'ਤੇ ਬਿੱਲ ਕੀਤੇ ਅਤੇ ਕਥਿਤ ਤੌਰ 'ਤੇ 40 ਫੀਸਦੀ ਤੱਕ ਗੈਰਕਾਨੂੰਨੀ ਕਿਕਬੈਕ ਵੀ ਦਿੱਤੇ।

ਇੱਕ ਹੋਰ ਮਾਮਲੇ ਵਿਚ ਫਲੋਰਿਡਾ ਦੇ ਦਿਲ ਦੇ ਰੋਗਾਂ ਦੇ ਡਾਕਟਰ 'ਤੇ ਲਗਭਗ 89 ਮਿਲੀਅਨ ਡਾਲਰ ਦੀ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਵਿਦਿਆਰਥੀ ਖਿਡਾਰੀਆਂ ਲਈ ਬਿਨਾਂ ਲੋੜ ਦੇ ਦਿਲ ਦੇ ਟੈਸਟ ਕਰਵਾ ਕੇ ਬੀਮਾ ਕੰਪਨੀਆਂ ਨੂੰ ਬਿੱਲ ਭੇਜੇ ਗਏ ਅਤੇ ਕਈ ਟੈਸਟਾਂ ਦੇ ਨਤੀਜੇ ਢੰਗ ਨਾਲ ਵੇਖੇ ਬਿਨਾਂ ਹੀ "ਨਾਰਮਲ" ਦਰਸਾ ਦਿੱਤੇ ਗਏ।

ਡੀ.ਓ.ਜੇ. ਨੇ ਇਹ ਵੀ ਦੱਸਿਆ ਕਿ ਲਗਭਗ 90 ਮੈਡੀਕਲ ਪੇਸ਼ੇਵਰ ਇਸ ਕਾਰਵਾਈ ਵਿਚ ਨਾਮਜ਼ਦ ਹਨ ਅਤੇ ਕਰੀਬ 300 ਲੋਕਾਂ 'ਤੇ ਮੈਡੀਕੇਡ ਨਾਲ ਸੰਬੰਧਿਤ ਝੂਠੇ ਕਲੇਮਾਂ ਦੇ ਦੋਸ਼ ਹਨ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਕਈ ਧੋਖਾਧੜੀ ਸਕੀਮਾਂ ਗਰੀਬ, ਬੇਘਰ ਜਾਂ ਬਜ਼ੁਰਗ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਚਲਾਈਆਂ ਗਈਆਂ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਾਰਵਾਈ ਸਿਰਫ਼ ਟੈਕਸਦਾਤਾਵਾਂ ਦੇ ਪੈਸੇ ਦੀ ਰੱਖਿਆ ਲਈ ਨਹੀਂ, ਸਗੋਂ ਉਨ੍ਹਾਂ ਮਰੀਜ਼ਾਂ ਦੀ ਸੁਰੱਖਿਆ ਲਈ ਵੀ ਹੈ, ਜਿਨ੍ਹਾਂ ਨੂੰ ਕਈ ਵਾਰ ਗੈਰਜ਼ਰੂਰੀ ਜਾਂ ਗਲਤ ਇਲਾਜਾਂ ਵਿਚ ਫਸਾਇਆ ਗਿਆ। ਡੀ.ਓ.ਜੇ. ਨੇ ਸੰਕੇਤ ਦਿੱਤਾ ਹੈ ਕਿ ਆਉਣ ਵਾਲੇ ਮਹੀਨਿਆਂ ਵਿਚ ਹੋਰ ਗ੍ਰਿਫ਼ਤਾਰੀਆਂ ਅਤੇ ਸੰਪਤੀ ਜ਼ਬਤੀ ਦੀਆਂ ਕਾਰਵਾਈਆਂ ਵੀ ਹੋ ਸਕਦੀਆਂ ਹਨ।

ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਉਸ ਵੱਡੀ ਮੁਹਿੰਮ ਦਾ ਹਿੱਸਾ ਮੰਨੀ ਜਾ ਰਹੀ ਹੈ, ਜਿਸ ਤਹਿਤ ਸਰਕਾਰੀ ਪ੍ਰੋਗਰਾਮਾਂ ਵਿਚ ਹੋ ਰਹੀ ਧੋਖਾਧੜੀ, ਬੇਵਜਾ ਖਰਚ ਅਤੇ ਭ੍ਰਿਸ਼ਟਾਚਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਟਰੰਪ ਵੱਲੋਂ ਕਾਰਜਕਾਲ ਦੇ ਅੰਤ ਤੱਕ ਅਮਰੀਕਾ-ਮੈਕਸੀਕੋ ਸਰਹੱਦੀ ਕੰਧ ਦਾ ਨਿਰਮਾਣ ਪੂਰਾ ਕਰਨ ਦਾ ਟੀਚਾ!

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੇ ਅੰਤ ਤੱਕ ਅਮਰੀਕਾ-ਮੈਕਸੀਕੋ ਸਰਹੱਦ 'ਤੇ ਬਾਰਡਰ ਵਾਲ ਦੇ ਨਿਰਮਾਣ ਨੂੰ ਵੱਡੇ ਪੱਧਰ 'ਤੇ ਪੂਰਾ ਕਰਨ ਦਾ ਟੀਚਾ ਰੱਖਿਆ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਟਰੰਪ ਪ੍ਰਸ਼ਾਸਨ ਨੇ ਕਈ ਮੋਰਚਿਆਂ 'ਤੇ ਕੰਮ ਤੇਜ਼ ਕਰ ਦਿੱਤਾ ਹੈ।

ਪ੍ਰਸ਼ਾਸਨ ਦੀ ਯੋਜਨਾ ਅਨੁਸਾਰ 2027 ਦੇ ਅੰਤ ਤੱਕ ਲਗਭਗ 775 ਮੀਲ ਨਵੀਂ ਸਰਹੱਦੀ ਕੰਧ ਤਿਆਰ ਕੀਤੀ ਜਾਵੇਗੀ। ਇਸ ਤੋਂ ਬਾਅਦ 2028 ਦੇ ਅੰਤ ਤੱਕ ਕਈ ਸੌ ਮੀਲ ਵਾਧੂ ਸੈਕੰਡਰੀ ਬੈਰੀਅਰ ਅਤੇ ਦਰਿਆਵਾਂ ਜਾਂ ਪਾਣੀ ਵਾਲੇ ਸਰਹੱਦੀ ਖੇਤਰਾਂ ਵਿਚ ਵਾਟਰਬੋਰਨ ਬੈਰੀਅਰ ਵੀ ਬਣਾਏ ਜਾਣਗੇ, ਤਾਂ ਜੋ ਗੈਰ-ਕਾਨੂੰਨੀ ਦਾਖ਼ਲੇ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ।

ਵ੍ਹਾਈਟ ਹਾਊਸ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਰਹੱਦੀ ਕੰਧ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਟਰੰਪ ਲੰਮੇ ਸਮੇਂ ਤੋਂ ਕਹਿੰਦੇ ਆਏ ਹਨ ਕਿ ਮਜ਼ਬੂਤ ਸਰਹੱਦ ਤੋਂ ਬਿਨਾਂ ਦੇਸ਼ ਦੀ ਸੁਰੱਖਿਆ ਸੰਭਵ ਨਹੀਂ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ, ਮਨੁੱਖੀ ਤਸਕਰੀ ਅਤੇ ਨਸ਼ਿਆਂ ਦੀ ਸਮੱਗਲੀ ਨੂੰ ਰੋਕਣ ਲਈ ਭੌਤਿਕ ਕੰਧ ਲਾਜ਼ਮੀ ਹੈ।

## ਫਲੋਰਿਡਾ 'ਚ ਡਰਾਈਵਰ ਲਾਇਸੈਂਸਾਂ ਲਈ 1 ਜੁਲਾਈ 2027 ਤੋਂ ਨਿਯਮਾਂ 'ਚ ਹੋਵੇਗਾ ਬਦਲਾਅ

**ਲੱਖਾਂ ਲੋਕਾਂ ਨੂੰ ਆਪਣੇ ਲਾਇਸੈਂਸ ਜਾਂ ਆਈ.ਡੀ. ਨੂੰ ਨਵੇਂ ਫਾਰਮੇਟ 'ਚ ਕਰਵਾਉਣਾ ਪਵੇਗਾ ਅਪਡੇਟ**

**ਫਲੋਰਿਡਾ, (ਪੰਜਾਬ ਮੇਲ)**- ਫਲੋਰਿਡਾ ਸਰਕਾਰ ਨੇ ਡਰਾਈਵਰ ਲਾਇਸੈਂਸਾਂ ਅਤੇ ਸਟੇਟ ਆਈ.ਡੀ. ਕਾਰਡਾਂ ਸਬੰਧੀ ਇੱਕ ਮਹੱਤਵਪੂਰਨ ਕਾਨੂੰਨ ਲਾਗੂ ਕੀਤਾ ਹੈ, ਜਿਸ ਤਹਿਤ ਹੁਣ ਹਰ ਲਾਇਸੈਂਸ ਅਤੇ ਪਛਾਣ ਪੱਤਰ 'ਤੇ ਇਹ ਦਰਸਾਇਆ ਜਾਵੇਗਾ ਕਿ ਧਾਰਕ ਅਮਰੀਕੀ ਨਾਗਰਿਕ ਹੈ ਜਾਂ ਨਹੀਂ। ਇਹ ਤਬਦੀਲੀ ਰਾਜ ਦੇ ਨਵੇਂ ਫਲੋਰੀਡਾ ਸੇਵ ਐਕਟ ਤਹਿਤ ਕੀਤੀ ਜਾ ਰਹੀ ਹੈ।

ਇਸ ਕਾਨੂੰਨ 'ਤੇ ਅਪ੍ਰੈਲ 2026 ਵਿਚ ਫਲੋਰਿਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਦਸਤਖ਼ਤ ਕੀਤੇ ਸਨ। ਨਵੇਂ ਨਿਯਮ 1 ਜਨਵਰੀ 2027 ਤੋਂ ਲਾਗੂ ਹੋ ਜਾਣਗੇ, ਜਦਕਿ ਰਾਜ ਦੇ ਮੌਜੂਦਾ ਡਰਾਈਵਰਾਂ ਅਤੇ ਸਟੇਟ ਆਈ.ਡੀ. ਧਾਰਕਾਂ ਨੂੰ 1 ਜੁਲਾਈ 2027 ਤੱਕ ਆਪਣੇ ਲਾਇਸੈਂਸ ਜਾਂ ਆਈ.ਡੀ. ਨੂੰ ਨਵੇਂ ਫਾਰਮੈਟ ਵਿਚ ਅਪਡੇਟ ਕਰਵਾਉਣਾ ਹੋਵੇਗਾ।

ਕਾਨੂੰਨ ਅਨੁਸਾਰ, ਫਲੋਰਿਡਾ ਡਿਪਾਰਟਮੈਂਟ ਆਫ ਹਾਈਵੇ ਸੇਫਟੀ ਐਂਡ ਮੋਟਰ ਵਹੀਕਲਜ਼ (ਡੀ.ਐੱਚ.ਐੱਸ.ਐੱਮ.ਵੀ.) ਹਰ ਵਿਅਕਤੀ ਵੱਲੋਂ ਪੇਸ਼ ਕੀਤੇ ਨਾਗਰਿਕਤਾ ਸਬੰਧੀ ਦਸਤਾਵੇਜ਼ਾਂ ਦਾ ਰਿਕਾਰਡ ਸੰਭਾਲੇਗੀ। ਜੇਕਰ ਕੋਈ ਵਿਅਕਤੀ ਬਾਅਦ ਵਿਚ ਅਮਰੀਕੀ ਨਾਗਰਿਕ ਬਣਦਾ ਹੈ ਅਤੇ ਸਮੇਂ ਸਿਰ ਆਪਣਾ ਕਾਨੂੰਨੀ ਦਰਜਾ ਅਪਡੇਟ ਕਰਦਾ ਹੈ, ਤਾਂ ਉਸ ਨੂੰ ਬਿਨਾਂ ਕਿਸੇ ਫੀਸ ਦੇ ਨਵਾਂ ਜਾਂ ਬਦਲਵਾਂ ਡਰਾਈਵਰ ਲਾਇਸੈਂਸ ਜਾਰੀ ਕੀਤਾ ਜਾਵੇਗਾ।

ਗਵਰਨਰ ਰੌਨ ਡੀਸੈਂਟਿਸ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਚੋਣ ਪ੍ਰਕਿਰਿਆ ਦੀ ਸੁਰੱਖਿਆ ਅਤੇ ਪਾਰਦਰਸ਼ਤਾ ਨੂੰ ਆਪਣੀ ਪਹਿਲ ਬਣਾਇਆ ਹੋਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਚੋਣ ਪ੍ਰਣਾਲੀ ਨੂੰ ਹੋਰ ਭਰੋਸੇਯੋਗ ਅਤੇ ਮਜ਼ਬੂਤ ਬਣਾਏਗਾ ਅਤੇ ਇਹ ਯਕੀਨੀ ਬਣਾਉਣ ਵਿਚ ਮਦਦ ਕਰੇਗਾ ਕਿ ਕੇਵਲ ਅਮਰੀਕੀ ਨਾਗਰਿਕ ਹੀ ਵੋਟ ਪਾਉਣ ਦੇ ਹੱਕਦਾਰ ਹੋਣ।

ਫਲੋਰਿਡਾ ਦੇ ਸੈਕਟਰੀ ਆਫ ਸਟੇਟ ਕੋਰਡ ਬਰਡ ਨੇ ਵੀ ਕਿਹਾ ਕਿ ਇਹ ਕਾਨੂੰਨ ਰਾਜ ਦੇ ਸੰਵਿਧਾਨ ਦੀ ਉਸ ਵਿਵਸਥਾ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿਚ ਮਦਦ ਕਰੇਗਾ, ਜਿਸ ਅਨੁਸਾਰ ਸਿਰਫ਼ ਅਮਰੀਕੀ ਨਾਗਰਿਕ ਹੀ ਫਲੋਰਿਡਾ ਦੀਆਂ ਚੋਣਾਂ ਵਿਚ ਵੋਟ ਪਾ ਸਕਦੇ ਹਨ।

ਇਸ ਕਾਨੂੰਨ ਨਾਲ ਫਲੋਰਿਡਾ ਦੇ




# ਸੁਪਰੀਮ ਕੋਰਟ ਦਾ ਵੱਡਾ ਫ਼ੈਸਲਾ: ਅਮਰੀਕਾ-ਮੈਕਸੀਕੋ ਸਰਹੱਦ 'ਤੇ ਪਹੁੰਚੇ ਆਸਰਾ ਮੰਗਣ ਵਾਲਿਆਂ ਨੂੰ ਵਾਪਸ ਮੋੜ ਸਕਣਗੇ ਇਮੀਗ੍ਰੇਸ਼ਨ ਅਧਿਕਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੁਪਰੀਮ ਕੋਰਟ ਨੇ ਇਮੀਗ੍ਰੇਸ਼ਨ ਨਾਲ ਜੁੜੇ ਇੱਕ ਮਹੱਤਵਪੂਰਨ ਮਾਮਲੇ ਵਿਚ ਟਰੰਪ ਪ੍ਰਸ਼ਾਸਨ ਦੇ ਹੱਕ ਵਿਚ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਹੈ ਕਿ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀ ਮੈਕਸੀਕੋ ਸਰਹੱਦ 'ਤੇ ਪਹੁੰਚਣ ਵਾਲੇ (ਅਸਾਇਲਮ) ਮੰਗਣ ਵਾਲੇ ਵਿਅਕਤੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਵਾਪਸ ਮੋੜ ਸਕਦੇ ਹਨ।

ਸੁਪਰੀਮ ਕੋਰਟ ਨੇ 6-3 ਦੇ ਬਹੁਮਤ ਨਾਲ ਦਿੱਤੇ ਇਸ ਫ਼ੈਸਲੇ ਵਿਚ ਉਸ ਨੀਤੀ ਨੂੰ ਕਾਨੂੰਨੀ ਮੰਨਿਆ ਹੈ, ਜਿਸ ਨੂੰ "ਮੀਟਰਿੰਗ ਪਾਲਿਸੀ" ਕਿਹਾ ਜਾਂਦਾ ਹੈ। ਇਹ ਨੀਤੀ ਸਭ ਤੋਂ ਪਹਿਲਾਂ ਓਬਾਮਾ ਪ੍ਰਸ਼ਾਸਨ ਦੌਰਾਨ ਸ਼ੁਰੂ ਕੀਤੀ ਗਈ ਸੀ ਅਤੇ ਬਾਅਦ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਵਿਚ ਇਸ ਦਾ ਵੱਡੇ ਪੱਧਰ 'ਤੇ ਵਿਸਥਾਰ ਕੀਤਾ ਗਿਆ ਸੀ।

ਇਸ ਨੀਤੀ ਤਹਿਤ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੇ ਅਧਿਕਾਰੀ ਅਮਰੀਕਾ-ਮੈਕਸੀਕੋ ਸਰਹੱਦ ਦੇ ਅਧਿਕਾਰਤ ਬਾਰਡਰ ਕ੍ਰਾਸਿੰਗ ਪੁਆਇੰਟਾਂ ਅਤੇ ਪੁਲਾਂ 'ਤੇ ਖੜ੍ਹੇ ਹੋ ਕੇ ਕਈ ਆਸਰਾ ਮੰਗਣ ਵਾਲਿਆਂ ਨੂੰ ਅਮਰੀਕੀ ਸਰਹੱਦ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਵਾਪਸ ਭੇਜ ਦਿੰਦੇ ਸਨ। ਇਸ



ਕਾਰਨ ਹਜ਼ਾਰਾਂ ਪ੍ਰਵਾਸੀਆਂ ਨੂੰ ਮੈਕਸੀਕੋ ਵਿਚ ਹੀ ਲੰਬੇ ਸਮੇਂ ਤੱਕ ਉਡੀਕ ਕਰਨੀ ਪੈਂਦੀ ਸੀ।

ਇਸ ਤੋਂ ਪਹਿਲਾਂ ਹੇਠਲੀਆਂ ਅਦਾਲਤਾਂ ਨੇ ਫ਼ੈਸਲਾ ਦਿੱਤਾ ਸੀ ਕਿ ਕਾਂਗਰਸ ਦੀ ਮੰਸ਼ਾ ਇਹ ਸੀ ਕਿ ਜੋ ਵੀ ਵਿਅਕਤੀ ਅਧਿਕਾਰਤ ਸਰਹੱਦੀ ਚੌਕੀ 'ਤੇ ਪਹੁੰਚਦਾ ਹੈ, ਉਸ ਨੂੰ ਆਸਰਾ ਮੰਗਣ ਲਈ ਅਰਜ਼ੀ ਦੇਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਪਰ ਸੁਪਰੀਮ ਕੋਰਟ ਨੇ ਉਹ ਫ਼ੈਸਲੇ ਰੱਦ ਕਰ ਦਿੱਤੇ।

ਬਹੁਮਤ ਦੀ ਰਾਏ ਲਿਖਦੇ ਹੋਏ ਜਸਟਿਸ ਸੈਮੂਅਲ ਅਲੀਟੋ ਨੇ ਕਿਹਾ ਕਿ ਅਮਰੀਕੀ ਕਾਨੂੰਨ ਇਹ ਨਹੀਂ ਕਹਿੰਦਾ ਕਿ ਸਰਹੱਦ ਦੇ ਮੈਕਸੀਕੋ ਵਾਲੇ ਪਾਸੇ ਖੜ੍ਹੇ ਹਰ ਵਿਅਕਤੀ ਦੀ ਆਸਰਾ ਅਰਜ਼ੀ ਸਵੀਕਾਰ ਕਰਨੀ ਲਾਜ਼ਮੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੋਈ ਵਿਅਕਤੀ ਤਦ ਹੀ "ਅਮਰੀਕਾ ਵਿਚ ਪਹੁੰਚਿਆ" ਮੰਨਿਆ ਜਾਵੇਗਾ, ਜਦੋਂ ਉਹ ਅਸਲ ਵਿਚ ਅਮਰੀਕੀ ਸਰਹੱਦ ਪਾਰ ਕਰ ਲਵੇ। ਸਿਰਫ਼ ਸਰਹੱਦ 'ਤੇ ਪਹੁੰਚ ਜਾਣਾ ਜਾਂ ਦਾਖਲ ਹੋਣ ਦੀ ਕੋਸ਼ਿਸ਼ ਕਰਨਾ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਪਹੁੰਚਣਾ ਨਹੀਂ ਮੰਨਿਆ ਜਾ ਸਕਦਾ।

ਹਾਲਾਂਕਿ ਸੁਪਰੀਮ ਕੋਰਟ ਦੇ ਤਿੰਨ ਉਦਾਰਵਾਦੀ ਜੱਜਾਂ ਨੇ ਇਸ ਫ਼ੈਸਲੇ ਨਾਲ ਅਸਹਿਮਤੀ ਜਤਾਈ। ਜਸਟਿਸ ਸੋਨੀਆ ਸੋਟੋਮੇਅਰ ਨੇ ਆਪਣਾ ਅਸਹਿਮਤੀ ਭਰਿਆ ਫ਼ੈਸਲਾ ਖੁਦ ਅਦਾਲਤ ਵਿਚ ਪੜ੍ਹ ਕੇ ਸੁਣਾਇਆ, ਜੋ ਬਹੁਤ ਹੀ ਵਿਰਲਾ ਕਦਮ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਆਸਰਾ ਕਾਨੂੰਨਾਂ ਦੀ ਰੂਹ ਉਨ੍ਹਾਂ ਲੋਕਾਂ ਦੀ ਰੱਖਿਆ ਕਰਨਾ ਹੈ, ਜੋ ਆਪਣੇ ਦੇਸ਼ ਵਿਚ ਜ਼ੁਲਮ, ਜੰਗ ਜਾਂ ਧਾਰਮਿਕ ਅਤੇ ਰਾਜਨੀਤਿਕ ਤਸ਼ੱਦਦ ਤੋਂ ਭੱਜ ਕੇ ਆਉਂਦੇ ਹਨ।

ਜਸਟਿਸ ਸੋਟੋਮੇਅਰ ਨੇ ਚੇਤਾਵਨੀ ਦਿੱਤੀ ਕਿ ਇਸ ਫ਼ੈਸਲੇ ਕਾਰਨ ਬਹੁਤ ਸਾਰੇ ਸ਼ਰਨਾਰਥੀਆਂ ਨੂੰ ਮੈਕਸੀਕੋ ਜਾਂ ਆਪਣੇ ਦੇਸ਼ਾਂ ਵਿਚ ਵਾਪਸ ਭੇਜਿਆ ਜਾ ਸਕਦਾ ਹੈ, ਜਿੱਥੇ ਉਨ੍ਹਾਂ ਦੀ ਜਾਨ ਨੂੰ ਗੰਭੀਰ ਖ਼ਤਰਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਦੂਜੇ ਵਿਸ਼ਵ ਯੁੱਧ ਅਤੇ ਹੋਲੋਕਾਸਟ ਤੋਂ ਬਾਅਦ ਬਣੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸਿਧਾਂਤਾਂ ਦੇ ਮੱਦੇਨਜ਼ਰ ਅਮਰੀਕੀ ਆਸਰਾ ਕਾਨੂੰਨਾਂ ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ।

ਦਿਲਚਸਪ ਗੱਲ ਇਹ ਰਹੀ ਕਿ ਜਸਟਿਸ ਸੋਟੋਮੇਅਰ ਵੱਲੋਂ ਖੁੱਲ੍ਹੇ ਅਦਾਲਤੀ ਕਮਰੇ ਵਿਚ ਆਪਣਾ ਵਿਰੋਧੀ ਫ਼ੈਸਲਾ ਪੜ੍ਹੇ ਜਾਣ ਤੋਂ ਬਾਅਦ ਜਸਟਿਸ ਅਲੀਟੋ ਨੇ ਵੀ ਤੁਰੰਤ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਇਹ ਨੀਤੀ ਸਿਰਫ਼ ਟਰੰਪ ਪ੍ਰਸ਼ਾਸਨ ਦੀ ਨਹੀਂ ਸੀ, ਸਗੋਂ ਓਬਾਮਾ ਪ੍ਰਸ਼ਾਸਨ ਨੇ ਵੀ ਇਸ ਨੂੰ ਅਪਣਾਇਆ ਸੀ, ਕਿਉਂਕਿ ਸਰਹੱਦ 'ਤੇ ਵਧ ਰਹੀ ਭੀੜ ਨੂੰ ਸੰਭਾਲਣ ਅਤੇ ਵਿਵਸਥਾ ਬਣਾਈ ਰੱਖਣ ਲਈ ਇਹ ਜ਼ਰੂਰੀ ਸਮਝੀ ਗਈ ਸੀ।

ਭਾਵੇਂ ਬਾਇਡਨ ਪ੍ਰਸ਼ਾਸਨ ਨੇ 2021 ਵਿਚ ਇਸ ਮੀਟਰਿੰਗ ਨੀਤੀ ਨੂੰ ਰੱਦ ਕਰ ਦਿੱਤਾ ਸੀ, ਪਰ ਬਾਅਦ ਵਿਚ ਬਾਇਡਨ ਅਤੇ ਹੁਣ ਟਰੰਪ ਪ੍ਰਸ਼ਾਸਨ ਦੋਵਾਂ ਨੇ ਸਰਹੱਦ 'ਤੇ ਆਸਰਾ ਮੰਗਣ ਵਾਲਿਆਂ 'ਤੇ ਹੋਰ ਵੀ ਸਖ਼ਤ ਪਾਬੰਦੀਆਂ ਲਾਗੂ ਕੀਤੀਆਂ। ਇਸ ਲਈ ਇਸ ਫ਼ੈਸਲੇ ਦਾ ਭਵਿੱਖ ਦੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਸਰਹੱਦੀ ਸੁਰੱਖਿਆ 'ਤੇ ਦੂਰਗਾਮੀ ਪ੍ਰਭਾਵ ਪੈ ਸਕਦਾ ਹੈ।

ਇਮੀਗ੍ਰੈਂਟ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਫ਼ੈਸਲੇ 'ਤੇ ਨਿਰਾਸ਼ਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਅਧਿਕਾਰਤ ਬਾਰਡਰ ਕ੍ਰਾਸਿੰਗ ਪੁਆਇੰਟਾਂ 'ਤੇ ਆਸਰਾ ਮੰਗਣ ਵਾਲਿਆਂ ਨੂੰ ਦਾਖਲਾ ਨਹੀਂ ਮਿਲੇਗਾ ਤਾਂ ਕਈ ਲੋਕ ਮਜਬੂਰੀ ਵਿਚ ਗੈਰ-ਕਾਨੂੰਨੀ ਰਸਤੇ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨਗੇ, ਜਿਸ ਨਾਲ ਮਨੁੱਖੀ ਤਸਕਰੀ ਅਤੇ ਜਾਨੀ ਨੁਕਸਾਨ ਦੇ ਖ਼ਤਰੇ ਹੋਰ ਵੱਧ ਸਕਦੇ ਹਨ।

# ਐੱਫ.ਬੀ.ਆਈ. ਵੱਲੋਂ 547 ਮਿਲੀਅਨ ਡਾਲਰ ਮੈਡੀਕੇਅਰ ਧੋਖਾਧੜੀ ਮਾਮਲੇ ਦੇ ਮੁੱਖ ਦੋਸ਼ੀ ਲਈ 150,000 ਡਾਲਰ ਇਨਾਮ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਫੈਡਰਲ ਬਿਊਰੋ ਆਫ ਇਨਵੈਸਟਿਗੇਸ਼ਨ (ਐੱਫ.ਬੀ. ਆਈ.) ਨੇ ਸਿਹਤ ਸੇਵਾ ਖੇਤਰ ਨਾਲ ਜੁੜੇ ਇੱਕ ਵੱਡੇ ਧੋਖਾਧੜੀ ਮਾਮਲੇ ਵਿਚ ਫਰਾਰ ਦੋਸ਼ੀ ਖਾਲਿਦ ਅਹਿਮਦ ਸਤਾਰੀ ਨੂੰ ਆਪਣੀ "ਮੋਸਟ ਵਾਂਟੇਡ ਧੋਖੇਬਾਜ਼" ਸੂਚੀ ਵਿਚ ਸ਼ਾਮਲ ਕਰ ਦਿੱਤਾ ਹੈ। ਐੱਫ.ਬੀ.ਆਈ. ਨੇ ਉਸ ਦੀ ਗ੍ਰਿਫ਼ਤਾਰੀ ਜਾਂ ਉਸ ਬਾਰੇ ਭਰੋਸੇਯੋਗ ਜਾਣਕਾਰੀ ਦੇਣ ਵਾਲੇ ਲਈ 150,000 ਡਾਲਰ ਤੱਕ ਦੇ ਇਨਾਮ ਦਾ ਐਲਾਨ ਕੀਤਾ ਹੈ।

ਫੈਡਰਲ ਅਧਿਕਾਰੀਆਂ ਦੇ ਅਨੁਸਾਰ, ਸਤਾਰੀ ਉੱਤੇ ਲਗਭਗ 547 ਮਿਲੀਅਨ ਡਾਲਰ ਦੇ ਹੈਲਥ ਕੇਅਰ ਅਤੇ ਮੈਡੀਕੇਅਰ ਫਰਾਡ ਨਾਲ ਜੁੜੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਹਨ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਸਕੀਮ ਜੈਨੇਟਿਕ ਟੈਸਟਿੰਗ ਅਤੇ ਸਿਹਤ ਸੇਵਾਵਾਂ ਨਾਲ ਸੰਬੰਧਤ ਝੂਠੇ ਦਾਅਵਿਆਂ ਰਾਹੀਂ ਸਰਕਾਰੀ ਪ੍ਰੋਗਰਾਮਾਂ ਤੋਂ ਕਰੋੜਾਂ ਡਾਲਰ ਹਾਸਲ ਕਰਨ ਲਈ ਚਲਾਈ ਗਈ ਸੀ।

ਐੱਫ.ਬੀ.ਆਈ. ਦਾ ਮੰਨਣਾ ਹੈ ਕਿ ਖਾਲਿਦ ਸਤਾਰੀ ਸੰਭਵਤ: ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਲੁਕਿਆ ਹੋਇਆ ਹੋ ਸਕਦਾ ਹੈ। ਇਸ ਕਾਰਨ ਉਸ ਦੀ ਗ੍ਰਿਫ਼ਤਾਰੀ ਲਈ ਅੰਤਰਰਾਸ਼ਟਰੀ ਪੱਧਰ 'ਤੇ ਵੀ




ਸਹਿਯੋਗ ਲਿਆ ਜਾ ਰਿਹਾ ਹੈ।

ਇਹ ਮਾਮਲਾ ਉਸੇ ਵੱਡੀ ਰਾਸ਼ਟਰੀ ਕਾਰਵਾਈ ਦਾ ਹਿੱਸਾ ਹੈ, ਜਿਸ ਵਿਚ ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.) ਨੇ 455 ਵਿਅਕਤੀਆਂ ਉੱਤੇ 6.5 ਬਿਲੀਅਨ ਡਾਲਰ ਤੋਂ ਵੱਧ ਦੀ ਸਿਹਤ ਸੇਵਾ ਧੋਖਾਧੜੀ ਨਾਲ ਸੰਬੰਧਿਤ ਦੋਸ਼ ਲਗਾਏ ਹਨ। ਇਸਨੂੰ ਅਮਰੀਕੀ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਹੈਲਥ ਕੇਅਰ ਫਰਾਡ ਕਾਰਵਾਈਆਂ ਵਿਚੋਂ ਇੱਕ ਮੰਨਿਆ ਜਾ ਰਿਹਾ ਹੈ।

ਐੱਫ.ਬੀ.ਆਈ. ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਖਾਲਿਦ ਅਹਿਮਦ ਸਤਾਰੀ ਬਾਰੇ ਕੋਈ ਜਾਣਕਾਰੀ ਹੈ, ਤਾਂ ਉਹ ਐੱਫ.ਬੀ.ਆਈ. ਨਾਲ ਸੰਪਰਕ ਕਰੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਹਤ ਸੇਵਾ ਪ੍ਰੋਗਰਾਮਾਂ ਵਿਚ ਹੋਣ ਵਾਲੀ ਧੋਖਾਧੜੀ ਅਖ਼ੀਰਕਾਰ ਅਮਰੀਕੀ ਟੈਕਸਦਾਤਾਵਾਂ ਅਤੇ ਮਰੀਜ਼ਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਇਸ ਲਈ ਅਜਿਹੇ ਮਾਮਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ।




# ਅਮਰੀਕਾ 'ਚ ਰਹਿ ਰਹੇ ਗੈਰ ਕਾਨੂੰਨੀ ਪ੍ਰਵਾਸੀ ਧੜਾਧੜ ਹੋਣਗੇ ਡਿਪੋਰਟ!

**■ ਫੈਡਰਲ ਅਪੀਲ ਅਦਾਲਤ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਦੇਸ਼ ਨਿਕਾਲੇ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨ ਦੀ ਆਗਿਆ**




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਰਹਿ ਰਹੇ ਗੈਰ ਕਾਨੂੰਨੀ ਪ੍ਰਵਾਸੀ ਤੁਰੰਤ ਦੇਸ਼ ਵਿਚੋਂ ਕੱਢ ਦਿੱਤੇ ਜਾਣਗੇ। ਅਮਰੀਕਾ ਦੀ ਇਕ ਫੈਡਰਲ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੂੰ ਨਾ ਸਿਰਫ ਸਰਹੱਦੀ ਖੇਤਰਾਂ ਵਿਚ, ਸਗੋਂ ਦੇਸ਼ ਭਰ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਤੇਜ਼ੀ ਨਾਲ ਦੇਸ਼ ਨਿਕਾਲੇ ਨੂੰ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ। ਡਿਸਟ੍ਰਿਕਟ ਆਫ਼ ਕੋਲੰਬੀਆ ਸਰਕਟ ਲਈ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਪੈਨਲ ਨੇ ਹੇਠਲੀ ਅਦਾਲਤ ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ, ਜਿਸ ਨੇ ਟਰੰਪ ਪ੍ਰਸ਼ਾਸਨ ਦੇ ਤੁਰੰਤ ਦੇਸ਼ ਨਿਕਾਲੇ ਦੇ ਵਿਸਥਾਰ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ।

ਸੰਸਥਾ ਏ.ਸੀ.ਐੱਲ.ਯੂ. ਦੇ ਇਮੀਗ੍ਰੈਂਟ ਰਾਈਟਸ ਪ੍ਰੋਜੈਕਟ ਦੇ ਸੀਨੀਅਰ ਸਟਾਫ ਅਟਾਰਨੀ ਆਨੰਦ ਬਾਲਕ੍ਰਿਸ਼ਨਨ ਨੇ ਇੱਕ ਬਿਆਨ ਵਿਚ ਕਿਹਾ, "ਟਰੰਪ ਪ੍ਰਸ਼ਾਸਨ ਦੇ ਤੁਰੰਤ ਦੇਸ਼ ਨਿਕਾਲੇ 'ਤੇ ਜ਼ੋਰ ਦੇਣ ਨਾਲ ਲੋਕ ਇੱਕ ਪੱਖਪਾਤੀ ਅਤੇ ਨੁਕਸਦਾਰ ਪ੍ਰਣਾਲੀ ਦੇ ਸ਼ਿਕਾਰ ਬਣਨਗੇ।" ਪੈਨਲ ਦੇ ਮੈਂਬਰ ਜੱਜ ਜਸਟਿਨ ਆਰ. ਵਾਕਰ ਨੇ ਕਿਹਾ ਕਿ ਮੁੱਦਈ ਇਹ ਸਾਬਤ ਕਰਨ ਵਿਚ ਅਸਫਲ ਰਹੇ ਕਿ ਤੁਰੰਤ ਦੇਸ਼ ਨਿਕਾਲੇ ਦੇ ਦਾਇਰੇ ਦਾ ਵਿਸਥਾਰ ਕਰਨ ਨਾਲ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਉਨ੍ਹਾਂ ਨੇ ਆਪਣੇ ਫੈਸਲੇ ਵਿਚ ਲਿਖਿਆ ਕਿ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਸਬੰਧੀ ਕਾਰਵਾਈ ਬਾਰੇ ਸੂਚਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਜੱਜ ਵਾਕਰ ਨੇ ਕਿਹਾ ਕਿ ਪ੍ਰਸ਼ਾਸਨ 'ਤੇ ਇਹ ਜਾਣਕਾਰੀ ਪ੍ਰਦਾਨ ਕਰਨ ਦੀ ਕੋਈ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਸੰਯੁਕਤ ਰਾਜ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲੇ ਤੋਂ ਰਾਹਤ ਮਿਲ ਸਕਦੀ ਹੈ।

ਉਨ੍ਹਾਂ ਨੇ ਹੁਕਮ ਵਿਚ ਕਿਹਾ, "ਸੰਵਿਧਾਨ ਦੇ ਤਹਿਤ ਜ਼ਰੂਰੀ ਹੈ ਕਿ ਸਰਕਾਰ ਜਿਸ ਕਾਰਵਾਈ ਨੂੰ ਅੰਜਾਮ ਦੇ ਰਹੀ ਹੈ, ਇਸਦੇ ਆਧਾਰਾਂ ਦਾ ਸਪੱਸ਼ਟ ਨੋਟਿਸ ਦੇਵੇ ਅਤੇ ਸਬੰਧਤ ਵਿਅਕਤੀ ਨੂੰ ਜਵਾਬ ਦੇਣ ਦਾ ਮੌਕਾ ਦਿੱਤਾ ਜਾਵੇ।" ਇਸ ਫੈਸਲੇ ਨੂੰ ਰਿਪਬਲਿਕਨ ਪ੍ਰਸ਼ਾਸਨ ਲਈ ਇੱਕ ਵੱਡੀ ਜਿੱਤ ਮੰਨਿਆ ਜਾਂਦਾ ਹੈ, ਜੋ ਤੁਰੰਤ ਦੇਸ਼ ਨਿਕਾਲੇ ਦੀ ਵਿਵਸਥਾ ਦੇ ਵਿਸਥਾਰ ਨੂੰ ਆਪਣੀ ਵਿਆਪਕ ਡਿਪੋਰਟੇਸ਼ਨ ਨੀਤੀ ਨੂੰ ਲਾਗੂ ਕਰਨ ਦੇ ਮੁੱਖ ਸਾਧਨ ਵਜੋਂ ਦੇਖਦਾ ਹੈ। ਤੇਜ਼ੀ ਨਾਲ ਦੇਸ਼ ਨਿਕਾਲਾ ਇੱਕ ਅਜਿਹੀ ਪ੍ਰਕਿਰਿਆ ਹੈ, ਜਿਸ ਦੇ ਤਹਿਤ ਇੱਕ ਪ੍ਰਵਾਸੀ ਨੂੰ ਅਦਾਲਤ ਵਿਚ ਜੱਜ ਦੇ ਸਾਹਮਣੇ ਆਪਣਾ ਕੇਸ ਪੇਸ਼ ਕਰਨ ਦਾ ਮੌਕਾ ਦਿੱਤੇ ਬਿਨਾਂ ਦੇਸ਼ ਤੋਂ ਬਾਹਰ ਕੱਢਿਆ ਜਾ ਸਕਦਾ ਹੈ। ਹੁਣ ਤੱਕ ਇਹ ਪ੍ਰਣਾਲੀ ਮੁੱਖ ਤੌਰ 'ਤੇ ਸਮੁੰਦਰ ਰਾਹੀਂ ਪਹੁੰਚਣ ਵਾਲੇ ਪ੍ਰਵਾਸੀਆਂ ਜਾਂ ਸਰਹੱਦ ਪਾਰ ਕਰਨ ਤੋਂ ਥੋੜ੍ਹੀ ਦੇਰ ਬਾਅਦ ਜਾਂ ਨੇੜੇ ਫੜੇ ਗਏ ਪ੍ਰਵਾਸੀਆਂ 'ਤੇ ਲਾਗੂ ਕੀਤੀ ਜਾਂਦੀ ਰਹੀ ਹੈ। ਜਨਵਰੀ ਵਿਚ ਟਰੰਪ ਪ੍ਰਸ਼ਾਸਨ ਨੇ ਇਸ ਪ੍ਰਣਾਲੀ ਦਾ ਵਿਸਥਾਰ ਪੂਰੇ ਸੰਯੁਕਤ ਰਾਜ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਲਾਗੂ ਕਰ ਦਿੱਤਾ ਸੀ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਜੁਲਾਈ 2026 ਵੀਜ਼ਾ ਬੁਲੇਟਿਨ: ਗ੍ਰੀਨ ਕਾਰਡ ਬਿਨੈਕਾਰ ਲਈ ਵੱਡੀ ਅਪਡੇਟ

**■ ਭਾਰਤ ਈ.ਬੀ.-2 ਬੰਦ, ਈ.ਬੀ.-1 ਪਿੱਛੇ ਗਿਆ, ਬਾਕੀ ਵਿਸ਼ਵ ਲਈ ਈ.ਬੀ.2 Current**

ਵਾਸ਼ਿੰਗਟਨ, (ਪੰਜਾਬ ਮੇਲ)- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਜੁਲਾਈ 2026 ਵੀਜ਼ਾ ਬੁਲੇਟਿਨ ਜਾਰੀ ਕੀਤਾ ਗਿਆ ਹੈ। ਇਸ ਬੁਲੇਟਿਨ ਵਿਚ ਰੁਜ਼ਗਾਰ-ਅਧਾਰਿਤ ਗ੍ਰੀਨ ਕਾਰਡ ਬਿਨੈਕਾਰ ਲਈ ਕੁਝ ਚੰਗੀਆਂ ਅਤੇ ਕੁਝ ਗੰਭੀਰ ਖ਼ਬਰਾਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਈ.ਬੀ.-2 ਕੈਟਾਗਰੀ "ਬਾਕੀ ਵਿਸ਼ਵ" ਲਈ Current ਰਹੀ ਹੈ, ਪਰ ਭਾਰਤ ਈ.ਬੀ.-2 ਨੂੰ ਵਿੱਤੀ ਸਾਲ 2026 ਦੇ ਬਾਕੀ ਸਮੇਂ ਲਈ "ਅਣਉਪਲਬਧ" ਕਰ ਦਿੱਤਾ ਗਿਆ ਹੈ। ਡਿਪਾਰਟਮੈਂਟ ਆਫ਼ ਸਟੇਟ ਦੇ ਬੁਲੇਟਿਨ ਅਨੁਸਾਰ ਈ.ਬੀ.-2 ਦੀ ਭਾਰਤ ਵਿਚ ਸਾਲਾਨਾ ਸੀਮਾ ਪੂਰੀ ਹੋ ਚੁੱਕੀ ਹੈ, ਇਸ ਲਈ ਸਤੰਬਰ 30, 2026 ਤੱਕ ਇਸ ਕੈਟਾਗਰੀ ਵਿਚ ਕੋਈ ਨਵਾਂ ਇਮੀਗ੍ਰੈਂਟ ਵੀਜ਼ਾ ਨੰਬਰ ਉਪਲਬਧ ਨਹੀਂ ਰਹੇਗਾ।

ਜੁਲਾਈ 2026 ਵਿਚ ਯੂ.ਐੱਸ.ਸੀ.ਆਈ.ਐੱਸ. ਨੇ ਰੁਜ਼ਗਾਰ-ਅਧਾਰਿਤ ਐਡਜਸਮੈਂਟ ਆਫ ਸਟੇਟਸ ਫਾਈਲਿੰਗਜ਼ ਲਈ ਫਾਈਨਲ ਐਕਸ਼ਨ ਡੇਟ ਚਾਰਟ ਵਰਤਣ ਲਈ ਕਿਹਾ ਹੈ। ਇਸਦਾ ਮਤਲਬ ਹੈ ਕਿ ਜਿਹੜੇ ਬਿਨੈਕਾਰ ਅਮਰੀਕਾ ਦੇ ਅੰਦਰ ਹਨ ਅਤੇ ਆਈ-485 ਫਾਈਲ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਡੇਟਸ ਫਾਰ ਫਾਈਲਿੰਗ ਚਾਰਟ ਨਹੀਂ, ਸਗੋਂ ਫਾਈਨਲ ਐਕਸ਼ਨ ਡੇਟ ਚਾਰਟ ਦੇਖਣਾ ਪਵੇਗਾ। ਯੂ.ਐੱਸ.ਸੀ.ਆਈ.ਐੱਸ. ਦੀ ਜੁਲਾਈ 2026 ਫਾਈਲਿੰਗ ਚਾਰਟ ਗਾਈਡੈਂਸ ਮੁਤਾਬਕ ਰੁਜ਼ਗਾਰ-ਅਧਾਰਿਤ ਤਰਜੀਹੀ ਕੈਟਾਗਰੀਆਂ ਲਈ ਫਾਈਨਲ ਐਕਸ਼ਨ ਡੇਟ ਚਾਰਟ ਹੀ ਆਪਰੇਟਿਵ ਚਾਰਟ ਹੈ।

ਬਾਕੀ ਵਿਸ਼ਵ ਲਈ ਈ.ਬੀ.-2 Current ਰਹਿਣਾ ਬਹੁਤ ਵੱਡੀ ਮੌਕਾ ਹੈ। ਜਿਹੜੇ ਬਿਨੈਕਾਰ ਭਾਰਤ ਅਤੇ ਚੀਨ ਤੋਂ ਇਲਾਵਾ ਹੋਰ ਦੇਸ਼ਾਂ ਤੋਂ ਹਨ ਅਤੇ ਈ.ਬੀ.-2, ਈ.ਬੀ.2 ਐੱਨ.ਆਈ.ਡਬਲਯੂ. ਜਾਂ PERM-ਅਧਾਰਿਤ ਈ.ਬੀ.-2 ਕੈਟਾਗਰੀ ਵਿਚ ਯੋਗਤਾ ਪੂਰੀ ਕਰਦੇ ਹਨ, ਉਹ ਯੋਗ ਹੋਣ 'ਤੇ ਆਈ-485 ਐਡਜਸਮੈਂਟ ਆਫ ਸਟੇਟਸ ਫਾਈਲ ਕਰ ਸਕਦੇ ਹਨ। ਜੇ ਕੇਸ ਦੀ ਯੋਗਤਾ ਦੀ ਇਜਾਜ਼ਤ ਕਰਦੀ ਹੈ, ਤਾਂ ਕੁਝ ਬਿਨੈਕਾਰ ਆਈ-140 ਅਤੇ ਆਈ-485 ਇਕੱਠੇ ਵੀ ਫਾਈਲ ਕਰ ਸਕਦੇ ਹਨ। ਪਰ "Current" ਹੋਣ ਦਾ ਇਹ ਮਤਲਬ ਨਹੀਂ ਕਿ ਗਰੀਨ ਕਾਰਡ ਤੁਰੰਤ ਮਨਜ਼ੂਰ ਹੋ ਜਾਵੇਗਾ; ਅੰਤਿਮ ਮਨਜ਼ੂਰੀ ਯੂ.ਐੱਸ.ਸੀ.ਆਈ.ਐੱਸ. ਅੰਤਿਮ ਮਨਜ਼ੂਰੀ ਉੱਤੇ ਨਿਰਭਰ ਕਰੇਗਾ।

ਭਾਰਤ ਲਈ ਸਭ ਤੋਂ ਵੱਡਾ ਝਟਕਾ ਈ.ਬੀ.-2 ਕੈਟਾਗਰੀ 'ਚ ਆਇਆ ਹੈ। ਜੂਨ 2026 ਵਿਚ ਈ.ਬੀ.-2 ਭਾਰਤ ਦੀ ਫਾਈਨਲ ਐਕਸ਼ਨ ਡੇਟ 01 ਸਤੰਬਰ 2013 ਸੀ, ਪਰ ਜੁਲਾਈ ਵਿਚ ਇਹ ਕੈਟਾਗਰੀ "ਅਣਉਪਲਬਧ" ਹੋ ਗਈ। ਇਹ ਸਿਰਫ਼ ਰੀਟ੍ਰੋਗ੍ਰੇਸ਼ਨ ਨਹੀਂ, ਬਲਕਿ ਵਿੱਤੀ ਸਾਲ ਦੇ ਬਾਕੀ ਸਮੇਂ ਲਈ ਹਾਰਡ ਸਟਾਪ ਹੈ। ਡਿਪਾਰਟਮੈਂਟ ਆਫ ਸਟੇਟ ਨੇ ਕਿਹਾ ਹੈ ਕਿ ਅਕਤੂਬਰ 2026, ਯਾਨੀ ਵਿੱਤੀ ਸਾਲ 2027 ਦੀ ਸ਼ੁਰੂਆਤ 'ਤੇ, ਕੈਟਾਗਰੀ ਮੁੜ ਖੁੱਲ੍ਹਣ ਦੀ ਸੰਭਾਵਨਾ ਹੋ ਸਕਦੀ ਹੈ, ਪਰ ਮਿਤੀ ਦੀ ਮੰਗ ਅਤੇ ਸਾਲਾਨਾ ਸੀਮਾ 'ਤੇ ਨਿਰਭਰ ਕਰੇਗੀ।

ਭਾਰਤ ਈ.ਬੀ.-1 ਕੈਟਾਗਰੀ ਵਿਚ ਵੀ ਰੀਟ੍ਰੋਗ੍ਰੇਸ਼ਨ ਆਈ ਹੈ। ਜੁਲਾਈ 2026 ਵਿਚ ਈ.ਬੀ.-1 ਭਾਰਤ ਦੀ ਫਾਈਨਲ ਐਕਸ਼ਨ ਡੇਟ 15 ਅਕਤੂਬਰ 2022 ਹੋ ਗਈ ਹੈ। ਡਿਪਾਰਟਮੈਂਟ ਆਫ਼ ਸਟੇਟ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਭਾਰਤ ਦਾ ਪ੍ਰੋ-ਰੇਟ ਈ.ਬੀ.-1 ਲਿਮਟ ਵਿੱਤੀ ਸਾਲ ਖ਼ਤਮ ਹੋਣ ਤੋਂ ਪਹਿਲਾਂ ਪੂਰਾ ਹੋ ਗਿਆ, ਤਾਂ ਹੋਰ ਰੀਟ੍ਰੋਗ੍ਰੇਸ਼ਨ ਜਾਂ ਕੈਟਾਗਰੀ ਅਣਉਪਲਬਧ ਹੋਣ ਦੀ ਸੰਭਾਵਨਾ ਰਹਿ ਸਕਦੀ ਹੈ।

ਚੀਨ ਲਈ ਈ.ਬੀ.-2 ਕੈਟਾਗਰੀ 01 ਸਤੰਬਰ 2021 'ਤੇ ਕੋਈ ਬਦਲਾਅ ਨਹੀਂ ਹੈ। ਪਰ ਡਿਪਾਰਟਮੈਂਟ ਆਫ਼ ਸਟੇਟ ਨੇ ਚੀਨ ਈ.ਬੀ.-2 ਲਈ ਵੀ ਚੇਤਾਵਨੀ ਦਿੱਤੀ ਹੈ ਕਿ ਡਿਮਾਂਡ ਵਧਣ ਕਾਰਨ ਆਉਣ ਵਾਲੇ ਮਹੀਨਿਆਂ ਵਿਚ ਰੀਟ੍ਰੋਗ੍ਰੇਸ਼ਨਜਾਂ ਕੈਟਾਗਰੀ ਅਣਉਪਲਬਧ ਹੋ ਸਕਦੀ ਹੈ।


FASTWAY TRAVELS & IMMIGRATION CONSULTANT



ALL SERVICES UNDER ONE ROOF

● All Type of Petition ● Air Tickets
● Visitor Visa & Passport Appointments
● OCI & Surrender Passport

Designed By Punjab Mail USA



Jai Arora

+1 (628) 207-9385
5332 Fruitridge Rd., Sacramento, CA

BOND NO. 489576K

# ਡੈਮੋਕ੍ਰੇਟਿਕ ਸੈਨੇਟਰ ਦਾ ਦੋਸ਼: ਟਰੰਪ ਪ੍ਰਸ਼ਾਸਨ ਵੱਲੋਂ 500 ਤੋਂ ਵੱਧ ਇਕੱਲੇ ਆਏ ਪ੍ਰਵਾਸੀ ਬੱਚਿਆਂ ਨੂੰ ਤੇਜ਼ੀ ਨਾਲ ਡਿਪੋਰਟ ਕਰਨ ਦੀ ਤਿਆਰੀ?

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਇਮੀਗ੍ਰੇਸ਼ਨ ਨੂੰ ਲੈ ਕੇ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਡੈਮੋਕ੍ਰੈਟਿਕ ਸੈਨੇਟਰ ਰੌਨ ਵਾਈਡਨ ਨੇ ਦੋਸ਼ ਲਗਾਇਆ ਹੈ ਕਿ ਟਰੰਪ ਪ੍ਰਸ਼ਾਸਨ 500 ਤੋਂ ਵੱਧ ਇਕੱਲੇ ਆਏ ਪ੍ਰਵਾਸੀ ਬੱਚਿਆਂ (ਬਿਨਾਂ ਸਾਥ ਵਾਲੇ ਪ੍ਰਵਾਸੀ ਬੱਚੇ) ਨੂੰ ਤੇਜ਼ੀ ਨਾਲ ਦੇਸ਼ ਨਿਕਾਲਾ ਦੇਣ ਦੀ ਯੋਜਨਾ ਬਣਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਯੋਜਨਾ ਤਹਿਤ ਬੱਚਿਆਂ ਨੂੰ ਮਿਲਣ ਵਾਲੀਆਂ ਕਾਨੂੰਨੀ ਅਤੇ ਮਨੁੱਖੀ ਸੁਰੱਖਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ।

ਓਰੇਗਨ ਤੋਂ ਸੈਨੇਟਰ ਅਤੇ ਸੈਨੇਟ ਫਾਇਨੈਂਸ ਕਮੇਟੀ ਦੇ ਸੀਨੀਅਰ ਡੈਮੋਕ੍ਰੈਟ ਰੌਨ ਵਾਈਡਨ ਨੇ ਅਮਰੀਕੀ ਸਿਹਤ ਮੰਤਰੀ ਰਾਬਰਟ ਐੱਫ. ਕੈਨੇਡੀ ਜੂਨੀਅਰ ਨੂੰ ਭੇਜੇ ਇੱਕ ਪੱਤਰ ਵਿਚ ਲਿਖਿਆ ਕਿ ਉਨ੍ਹਾਂ ਨੂੰ "ਭਰੋਸੇਯੋਗ ਜਾਣਕਾਰੀ" ਮਿਲੀ ਹੈ ਕਿ ਪ੍ਰਸ਼ਾਸਨ ਨੇ 500 ਤੋਂ ਵੱਧ ਬੱਚਿਆਂ ਦੀ ਇੱਕ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਫਾਸਟ-ਟਰੈਕ ਪ੍ਰਕਿਰਿਆ ਰਾਹੀਂ ਦੇਸ਼ ਤੋਂ ਬਾਹਰ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਵਾਈਡਨ ਨੇ ਦੋਸ਼ ਲਗਾਇਆ ਕਿ ਇਹ ਯੋਜਨਾ ਅਮਰੀਕਾ ਦੀਆਂ ਮਨੁੱਖੀ ਹਮਦਰਦੀ ਅਤੇ ਬਾਲ ਸੁਰੱਖਿਆ ਨਾਲ ਸੰਬੰਧਿਤ ਜ਼ਿੰਮੇਵਾਰੀਆਂ ਦੇ ਉਲਟ ਹੈ। ਉਨ੍ਹਾਂ ਮੰਗ ਕੀਤੀ ਕਿ ਜੇ ਅਜਿਹੀ ਕੋਈ ਕਾਰਵਾਈ ਦੀ ਯੋਜਨਾ ਹੈ, ਤਾਂ ਉਸ ਨੂੰ ਤੁਰੰਤ ਰੋਕਿਆ ਜਾਵੇ।

### ਟਰੰਪ ਪ੍ਰਸ਼ਾਸਨ ਨੇ ਦੋਸ਼ਾਂ ਤੋਂ ਕੀਤਾ ਇਨਕਾਰ

ਹਾਲਾਂਕਿ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (ਐੱਚ.ਐੱਚ.ਐੱਸ.) ਨੇ ਇਸ ਦੋਸ਼ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਵਿਭਾਗ ਦੀ ਬੁਲਾਰਨ ਐਮਿਲੀ ਹਿਲੀਅਰਡ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਨ੍ਹਾਂ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰ ਇਕੱਲੇ ਆਏ ਬੱਚੇ ਨੂੰ ਪੂਰੀ ਜਾਂਚ-ਪੜਤਾਲ ਤੋਂ ਬਾਅਦ ਸੁਰੱਖਿਅਤ ਅਤੇ ਯੋਗ ਸਰਪ੍ਰਸਤ (ਸਪਾਂਸਰ) ਕੋਲ ਭੇਜਿਆ ਜਾਵੇ।

ਇਹ ਮਾਮਲਾ ਇਸ ਲਈ ਵੀ ਚਰਚਾ ਵਿਚ ਹੈ ਕਿਉਂਕਿ 2025 ਦੇ ਲੇਬਰ ਡੇ ਵੀਕਐਂਡ ਦੌਰਾਨ ਟਰੰਪ ਪ੍ਰਸ਼ਾਸਨ ਨੇ ਗੁਆਟੇਮਾਲਾ ਦੇ ਕਈ ਬੱਚਿਆਂ ਨੂੰ ਜਹਾਜ਼ ਰਾਹੀਂ ਵਾਪਸ ਭੇਜਣ ਦੀ ਕੋਸ਼ਿਸ਼ ਕੀਤੀ ਸੀ। ਉਸ ਵੇਲੇ ਅੱਧੀ ਰਾਤ ਨੂੰ ਇੱਕ ਫੈਡਰਲ ਜੱਜ ਨੇ ਦਖ਼ਲ ਦਿੰਦਿਆਂ ਜਹਾਜ਼ਾਂ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ ਸੀ।

ਉਸ ਸਮੇਂ ਬੱਚਿਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਦੱਸਿਆ ਸੀ ਕਿ ਕਈ ਬੱਚੇ ਰੋ ਰਹੇ ਸਨ, ਡਰ ਕਰਕੇ ਉਲਟੀਆਂ ਕਰ ਰਹੇ ਸਨ, ਪ੍ਰਾਰਥਨਾ ਕਰ ਰਹੇ ਸਨ ਅਤੇ ਕੁਝ ਤਾਂ ਮਾਨਸਿਕ ਸਦਮੇ ਦੀ ਹਾਲਤ ਵਿਚ ਚਲੇ ਗਏ ਸਨ। ਕਈ ਬੱਚਿਆਂ 'ਤੇ ਉਸ ਘਟਨਾ ਦਾ ਅਸਰ ਮਹੀਨਿਆਂ ਤੱਕ ਰਿਹਾ।

ਟਰੰਪ ਪ੍ਰਸ਼ਾਸਨ ਨੇ ਉਸ ਵੇਲੇ ਕਿਹਾ ਸੀ ਕਿ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਜਾਂ ਕਾਨੂੰਨੀ ਸਰਪ੍ਰਸਤਾਂ ਨਾਲ ਮਿਲਾਉਣ ਲਈ ਵਾਪਸ ਭੇਜਿਆ ਜਾ ਰਿਹਾ ਸੀ। ਪਰ ਬੱਚਿਆਂ ਦੇ ਵਕੀਲਾਂ ਨੇ ਇਸ ਦਾਅਵੇ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ ਕਿ ਘੱਟੋ-ਘੱਟ ਕੁਝ ਮਾਮਲਿਆਂ ਵਿਚ ਇਹ ਗੱਲ ਸਹੀ ਨਹੀਂ ਸੀ ਅਤੇ ਬੱਚਿਆਂ ਨੂੰ ਕਾਨੂੰਨੀ ਪ੍ਰਕਿਰਿਆ ਦਾ ਪੂਰਾ ਮੌਕਾ ਵੀ ਨਹੀਂ ਦਿੱਤਾ ਗਿਆ।

ਅਮਰੀਕੀ ਕਾਨੂੰਨ ਅਨੁਸਾਰ ਇਕੱਲੇ ਆਉਣ ਵਾਲੇ ਪ੍ਰਵਾਸੀ ਬੱਚਿਆਂ ਨੂੰ ਖ਼ਾਸ ਕਾਨੂੰਨੀ ਸੁਰੱਖਿਆ ਪ੍ਰਾਪਤ ਹੈ। ਟ੍ਰੈਫਿਕਿੰਗ ਵਿਕਟਿਮਜ਼ ਪ੍ਰੋਟੈਕਸ਼ਨ ਰੀਅਥਾਰਾਈਜ਼ੇਸ਼ਨ ਐਕਟ, 2008 ਤਹਿਤ ਅਜਿਹੇ ਬੱਚਿਆਂ ਨੂੰ ਸੰਭਵ ਹੋਵੇ, ਤਾਂ ਪਰਿਵਾਰਕ ਮੈਂਬਰ ਜਾਂ ਹੋਰ ਯੋਗ ਸਰਪ੍ਰਸਤ ਕੋਲ ਰੱਖਿਆ ਜਾਂਦਾ ਹੈ, ਜਦੋਂ ਤੱਕ ਉਨ੍ਹਾਂ ਦੇ ਇਮੀਗ੍ਰੇਸ਼ਨ ਕੇਸਾਂ ਦਾ ਫ਼ੈਸਲਾ ਨਹੀਂ ਹੋ ਜਾਂਦਾ। ਜੇ ਉਹ ਆਪਣੇ ਦੇਸ਼ ਵਿਚ ਜ਼ੁਲਮ, ਹਿੰਸਾ ਜਾਂ ਅਣਦੇਖੀ ਦਾ ਸਾਹਮਣਾ ਕਰ ਰਹੇ ਹੋਣ, ਤਾਂ ਉਹ ਵਿਸ਼ੇਸ਼ ਇਮੀਗ੍ਰੇਸ਼ਨ ਦਰਜਾ ਜਾਂ ਆਸਰਾ (ਅਸਾਇਲਮ) ਲਈ ਵੀ ਅਰਜ਼ੀ ਦੇ ਸਕਦੇ ਹਨ।

ਵਾਈਡਨ ਦਾ ਦਾਅਵਾ ਹੈ ਕਿ ਇਸ ਵਾਰ ਜਿਨ੍ਹਾਂ ਬੱਚਿਆਂ ਨੂੰ ਖ਼ਤਰਾ ਹੋ ਸਕਦਾ ਹੈ, ਉਹ ਗੁਆਟੇਮਾਲਾ, ਹੋਂਡੂਰਸ, ਅਲ ਸਲਵਾਡੋਰ ਅਤੇ ਅਫ਼ਗਾਨਿਸਤਾਨ ਸਮੇਤ ਕਈ ਦੇਸ਼ਾਂ ਨਾਲ ਸੰਬੰਧਿਤ ਹਨ। ਉਨ੍ਹਾਂ ਦੇ ਅਨੁਸਾਰ ਇਹ ਬੱਚੇ ਘੱਟੋ-ਘੱਟ 180 ਦਿਨਾਂ ਤੋਂ ਅਮਰੀਕੀ ਸਰਕਾਰੀ ਦੇਖਭਾਲ, ਮੁੱਖ ਤੌਰ 'ਤੇ ਫੋਸਟਰ ਕੇਅਰ ਜਾਂ ਸਰਕਾਰੀ ਸ਼ੈਲਟਰਾਂ ਵਿਚ ਰਹਿ ਰਹੇ ਹਨ ਅਤੇ ਉਨ੍ਹਾਂ ਲਈ ਕੋਈ "ਯੋਗ ਸਰਪ੍ਰਸਤ" ਸਾਹਮਣੇ ਨਹੀਂ ਆਇਆ।

ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਹਾਲੀਆ ਮਹੀਨਿਆਂ ਵਿਚ ਟਰੰਪ ਪ੍ਰਸ਼ਾਸਨ ਨੇ ਸਰਪ੍ਰਸਤਾਂ ਦੀ ਜਾਂਚ ਪ੍ਰਕਿਰਿਆ ਕਾਫ਼ੀ ਸਖ਼ਤ ਕਰ ਦਿੱਤੀ ਹੈ, ਜਿਸ ਕਾਰਨ ਬਹੁਤ ਸਾਰੇ ਬੱਚੇ ਲੰਬੇ ਸਮੇਂ ਤੱਕ ਸਰਕਾਰੀ ਸ਼ੈਲਟਰਾਂ ਵਿਚ ਹੀ ਰਹਿ ਰਹੇ ਹਨ। ਦੂਜੇ ਪਾਸੇ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਸਖ਼ਤੀ ਬੱਚਿਆਂ ਨੂੰ ਮਨੁੱਖੀ ਤਸਕਰੀ ਅਤੇ ਹੋਰ ਖ਼ਤਰਿਆਂ ਤੋਂ ਬਚਾਉਣ ਲਈ ਜ਼ਰੂਰੀ ਹੈ।

ਫਿਲਹਾਲ ਸੈਨੇਟਰ ਰੌਨ ਵਾਈਡਨ ਦੇ ਦੋਸ਼ਾਂ ਅਤੇ ਐੱਚ.ਐੱਚ.ਐੱਸ. ਦੇ ਇਨਕਾਰ ਵਿਚਕਾਰ ਵਿਵਾਦ ਜਾਰੀ ਹੈ। ਅਜੇ ਤੱਕ ਅਜਿਹੀ ਕਿਸੇ ਵੱਡੇ ਪੱਧਰ ਦੀ ਡਿਪੋਰਟੇਸ਼ਨ ਕਾਰਵਾਈ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ ਹੈ।

# ਕੈਨੇਡਾ ਵੱਲੋਂ ਨਸ਼ਾ ਤਸਕਰੀ ਵਿਚ ਸ਼ਾਮਲ ਦੋ ਭਾਰਤੀ ਨਾਗਰਿਕ ਡਿਪੋਰਟ

ਸਰੀ, (ਪੰਜਾਬ ਮੇਲ)- ਕੈਨੇਡਾ ਦੇ ਸਰੀ ਸ਼ਹਿਰ ਵਿਚ ਨਸ਼ਾ ਤਸਕਰੀ ਵਿਰੁੱਧ ਵਿੱਢੀ ਗਈ ਇੱਕ ਵੱਡੀ ਮੁਹਿੰਮ 'ਪ੍ਰੋਜੈਕਟ ਫੈਂਟਮ' ਤਹਿਤ ਪੁਲਿਸ ਨੂੰ ਵੱਡੀ ਸਫਲਤਾ ਮਿਲੀ ਹੈ। ਇਸ ਕਾਰਵਾਈ ਦੌਰਾਨ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਨਸ਼ਾ ਤਸਕਰੀ ਵਿਚ ਸ਼ਾਮਲ ਦੋ ਭਾਰਤੀ ਨਾਗਰਿਕਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦਿੱਤਾ ਹੈ। ਜਦਕਿ ਇੱਕ ਹੋਰ ਪੰਜਾਬੀ ਨੌਜਵਾਨ ਵਿਰੁੱਧ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਨੂੰ ਆਉਣ ਵਾਲੇ ਸਮੇਂ ਵਿਚ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸਰੀ ਪੁਲਿਸ ਸਰਵਿਸ (ਐੱਸ.ਪੀ.ਐੱਸ.) ਅਨੁਸਾਰ ਇਸ ਸਾਲ ਫਰਵਰੀ ਵਿਚ ਸ਼ੁਰੂ ਹੋਈ ਚਾਰ ਮਹੀਨਿਆਂ ਦੀ ਜਾਂਚ ਤੋਂ ਬਾਅਦ 21 ਮਈ ਨੂੰ ਇੱਕ ਰਿਹਾਇਸ਼ੀ ਇਮਾਰਤ ਦੀ ਤਲਾਸ਼ੀ ਲਈ ਗਈ ਸੀ। ਇਸ ਕਾਰਵਾਈ ਵਿਚ ਲਗਭਗ 8,91,000 ਕੈਨੇਡੀਅਨ ਡਾਲਰ ਦੀ ਕੀਮਤ ਦੇ ਵੱਖ-ਵੱਖ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਪੁਲਿਸ ਨੇ ਖ਼ੁਲਾਸਾ ਕੀਤਾ ਕਿ ਬਰਾਮਦ ਕੀਤੇ ਗਏ ਨਸ਼ਿਆਂ ਵਿਚ 468 ਗ੍ਰਾਮ ਫੈਂਟਾਨਿਲ ਵੀ ਸ਼ਾਮਲ ਹੈ। ਮਾਹਿਰਾਂ ਅਨੁਸਾਰ ਇਹ ਮਾਤਰਾ ਲਗਭਗ 23,400 ਲੋਕਾਂ ਲਈ ਜਾਨਲੇਵਾ ਸਾਬਤ ਹੋ ਸਕਦੀ ਸੀ।

### ਇਕ ਪੰਜਾਬੀ ਨੌਜਵਾਨ 'ਤੇ ਵੀ ਲਟਕੀ ਦੇਸ਼ ਨਿਕਾਲੇ ਦੀ ਤਲਵਾਰ

ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 24 ਸਾਲਾ ਗੁਰਜੋਤ ਸਿੰਘ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਉਨ੍ਹਾਂ ਨੂੰ ਆਪਣੇ ਕੋਲ ਰੱਖਣ ਦੇ 6 ਮਾਮਲੇ ਦਰਜ ਕੀਤੇ ਗਏ ਹਨ। ਕੈਨੇਡੀਅਨ ਪੁਲਿਸ ਵੱਲੋਂ ਗੁਰਜੋਤ ਸਿੰਘ ਵਿਰੁੱਧ ਵੀ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦੋ ਹੋਰ ਭਾਰਤੀ ਨਾਗਰਿਕਾਂ, ਜਿਨ੍ਹਾਂ ਦੇ ਨਾਂ ਗੁਪਤ ਰੱਖੇ ਗਏ ਹਨ, ਨੂੰ ਪਹਿਲਾਂ ਹੀ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਇਸ ਸਾਲ ਹੁਣ ਤੱਕ ਕਈ ਭਾਰਤੀਆਂ ਨੂੰ ਫਿਰੌਤੀ ਅਤੇ ਹਿੰਸਕ ਗਤੀਵਿਧੀਆਂ ਕਾਰਨ ਪਹਿਲਾਂ ਹੀ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ, ਪਰ ਹੁਣ ਨਸ਼ਾ ਤਸਕਰੀ ਵਿਚ ਸ਼ਾਮਲ ਲੋਕਾਂ ਵਿਰੁੱਧ ਵੀ ਅਜਿਹੀ ਸਖ਼ਤ ਕਾਰਵਾਈ ਤੇਜ਼ ਹੋ ਗਈ ਹੈ। ਕੈਨੇਡੀਅਨ ਪੁਲਿਸ ਦੀ ਪ੍ਰਧਾਨ ਈਰਿਨ ਓ'ਗੋਰਮਨ ਅਨੁਸਾਰ ਏਜੰਸੀ ਨੇ ਹੁਣ ਤੱਕ 446 ਇਮੀਗ੍ਰੇਸ਼ਨ ਜਾਂਚਾਂ ਸ਼ੁਰੂ ਕੀਤੀਆਂ ਹਨ ਅਤੇ 118 ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਕਈ ਭਾਰਤੀ ਵੀ ਸ਼ਾਮਲ ਹਨ।



# ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਭਾਸ਼ਾ ਟੈਸਟਾਂ 'ਚ ਸਖ਼ਤੀ!

## ਤਸਵੀਰਾਂ ਦਾ ਮਿਲਾਨ ਅਤੇ ਰੈਂਡਮ ਆਡਿਟ ਲਾਜ਼ਮੀ

ਵਿਨੀਪੈਗ, (ਪੰਜਾਬ ਮੇਲ)- ਕੈਨੇਡਾ ਸਰਕਾਰ ਨੇ ਆਪਣੀ ਪ੍ਰਵਾਸ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਨੂੰ ਬਰਕਰਾਰ ਰੱਖਣ ਲਈ ਇੱਕ ਬੇਹੱਦ ਸਖ਼ਤ ਅਤੇ ਵੱਡਾ ਕਦਮ ਚੁੱਕਿਆ ਹੈ। ਇਮੀਗ੍ਰੇਸ਼ਨ, ਰਿਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਅੰਗਰੇਜ਼ੀ ਅਤੇ ਫਰੈਂਚ ਭਾਸ਼ਾ ਦੇ ਟੈਸਟਾਂ ਦੀ ਨਿਗਰਾਨੀ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਸਖ਼ਤ ਕਰ ਦਿੱਤਾ ਗਿਆ ਹੈ। ਪਿਛਲੇ ਕੁਝ ਸਮੇਂ ਦੌਰਾਨ ਨਕਲੀ ਦਸਤਾਵੇਜ਼ਾਂ ਅਤੇ ਸ਼ੱਕੀ ਟੈਸਟ ਨਤੀਜਿਆਂ ਦੀਆਂ ਵਧਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ, ਤਾਂ ਜੋ ਸਿਰਫ਼ ਯੋਗ ਅਤੇ ਸੱਚੇ ਉਮੀਦਵਾਰ ਹੀ ਦੇਸ਼ ਵਿਚ ਦਾਖਲ ਹੋ ਸਕਣ।

23 ਜੂਨ 2026 ਨੂੰ ਆਨਲਾਈਨ ਜਾਰੀ ਕੀਤੀਆਂ ਗਈਆਂ ਨਵੀਆਂ ਹਦਾਇਤਾਂ ਮੁਤਾਬਕ ਹੁਣ ਇਮੀਗ੍ਰੇਸ਼ਨ ਅਧਿਕਾਰੀਆਂ ਲਈ ਭਾਸ਼ਾ ਟੈਸਟ ਦੇ ਨਤੀਜਿਆਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਵਾਸਤੇ ਅਰਜ਼ੀਕਾਰ ਦੀਆਂ ਤਸਵੀਰਾਂ ਦਾ 'ਕਰਾਸ-ਰੈਫਰੈਂਸ' (ਮਿਲਾਣ) ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਅਧਿਕਾਰੀ ਟੈਸਟਿੰਗ ਕੇਂਦਰਾਂ ਵੱਲੋਂ ਜਾਰੀ ਚਿਤਾਵਨੀਆਂ, ਅੰਦਰੂਨੀ ਰਿਪੋਰਟਾਂ ਅਤੇ ਕੇਸ ਨੋਟਸ ਦੀ ਬਾਰੀਕੀ ਨਾਲ ਜਾਂਚ ਕਰਨਗੇ। ਪੁਰਾਣੀਆਂ ਹਦਾਇਤਾਂ ਵਿਚ ਇਸ ਤਰ੍ਹਾਂ ਦੀ ਕੋਈ ਵਿਸਥਾਰਤ ਤਸਦੀਕ ਪ੍ਰਕਿਰਿਆ ਨਹੀਂ ਸੀ। ਇਸ ਤੋਂ ਇਲਾਵਾ ਨਵੇਂ ਨਿਯਮਾਂ ਵਿਚ ਦੂਜੀ ਵਾਰ ਭਾਸ਼ਾ ਟੈਸਟ ਦੇਣ ਦੇ ਵਿਕਲਪ ਬਾਰੇ ਵੀ ਕੋਈ ਨਵਾਂ ਪ੍ਰਬੰਧ ਨਹੀਂ ਰੱਖਿਆ ਗਿਆ।

ਇਹ ਬਦਲਾਅ ਕੈਨੇਡੀਅਨ ਇਮੀਗ੍ਰੇਸ਼ਨ ਦੇ ਇਤਿਹਾਸ ਵਿਚ ਇੱਕ ਵੱਡਾ ਮੋੜ ਹੈ। ਕੈਨੇਡਾ ਦੇ 'ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ' (ਆਈ.ਆਰ.ਪੀ.ਏ.) ਮੁਤਾਬਕ ਕੈਨੇਡੀਅਨ ਸਮਾਜ ਵਿਚ ਸਫਲਤਾਪੂਰਵਕ ਵਿਚਰਨ ਲਈ ਭਾਸ਼ਾ ਦਾ ਗਿਆਨ ਹੋਣਾ ਬੇਹੱਦ ਜ਼ਰੂਰੀ ਹੈ। ਹੁਣ ਧੋਖਾਧੜੀ ਨੂੰ ਠੱਲ੍ਹ ਪਾਉਣ ਲਈ ਟੈਸਟ ਸੈਂਟਰਾਂ ਅਤੇ ਪ੍ਰੀਖਿਆ ਲੈਂਦੇ ਸਟਾਫ਼ (ਪ੍ਰੋਕਟਰਾਂ) 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ।

ਬਿਨੈਕਾਰਾਂ ਨੂੰ ਆਪਣੇ ਨਤੀਜਿਆਂ ਦੇ ਪੱਖ ਵਿਚ ਵਾਧੂ ਦਸਤਾਵੇਜ਼ ਦੇਣੇ ਪੈਣਗੇ ਅਤੇ ਟੈਸਟ ਸਕੋਰਾਂ ਦਾ ਕਿਸੇ ਵੀ ਵੇਲੇ 'ਰੈਂਡਮ ਆਡਿਟ' (ਅਚਨਚੇਤ ਜਾਂਚ) ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਆਇਲੈਟਸ ਅਤੇ ਸੇਲਪਿਪ ਸਮੇਤ ਸਾਰੀਆਂ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਟੈਸਟ ਇਸ ਦੇ ਘੇਰੇ ਵਿਚ ਆਉਣਗੇ।

ਇਨ੍ਹਾਂ ਨਵੇਂ ਨਿਯਮਾਂ ਦਾ ਅਸਰ ਹਰ ਵਰਗ ਦੇ ਬਿਨੈਕਾਰਾਂ (ਸਕਿਲਡ ਵਰਕਰ, ਫੈਮਲੀ ਕਲਾਸ ਅਤੇ ਰਿਫਿਊਜੀ) 'ਤੇ ਪਵੇਗਾ। ਖ਼ਾਸਕਰ ਭਾਰਤ, ਚੀਨ ਅਤੇ ਫਿਲੀਪੀਨਜ਼ ਵਰਗੇ ਗੈਰ-ਅੰਗਰੇਜ਼ੀ ਭਾਸ਼ਾਈ ਦੇਸ਼ਾਂ ਤੋਂ ਆਉਣ ਵਾਲੇ ਉਮੀਦਵਾਰਾਂ 'ਤੇ ਇਸ ਦਾ ਸਭ ਤੋਂ ਵੱਧ ਪ੍ਰਭਾਵ ਦੇਖਣ ਨੂੰ ਮਿਲ ਸਕਦਾ ਹੈ, ਜਿਨ੍ਹਾਂ ਨੂੰ ਹੁਣ ਆਪਣੇ ਨਤੀਜੇ ਪੂਰੀ ਤਰ੍ਹਾਂ ਅਸਲੀ ਸਾਬਤ ਕਰਨੇ ਹੋਣਗੇ।

ਜਿਹੜੇ ਉਮੀਦਵਾਰ ਪਹਿਲਾਂ ਹੀ ਆਪਣੀ ਅਰਜ਼ੀ ਜਮ੍ਹਾਂ ਕਰਵਾ ਚੁੱਕੇ ਹਨ, ਉਹ ਆਪਣੇ ਆਈ.ਆਰ.ਸੀ.ਸੀ. ਆਨਲਾਈਨ ਅਕਾਊਂਟ ਨੂੰ ਲਗਾਤਾਰ ਚੈੱਕ ਕਰਦੇ ਰਹਿਣ, ਤਾਂ ਜੋ ਮੰਗੇ ਜਾਣ 'ਤੇ ਵਾਧੂ ਦਸਤਾਵੇਜ਼ ਤੁਰੰਤ ਜਮ੍ਹਾਂ ਕਰਵਾਏ ਜਾ ਸਕਣ। ਨਵੀਂ ਫਾਈਲ ਲਗਾਉਣ ਵਾਲੇ ਬਿਨੈਕਾਰ ਵੀ ਨਵੀਆਂ ਸ਼ਰਤਾਂ ਮੁਤਾਬਕ ਪੂਰੀ ਤਿਆਰੀ ਰੱਖਣ। ਅਰਜ਼ੀ ਦੀ ਪ੍ਰਕਿਰਿਆ ਵਿਚ ਦੇਰੀ ਤੋਂ ਬਚਣ ਲਈ ਤੁਰੰਤ ਕਾਰਵਾਈ ਕਰਨ ਦੀ ਸਲਾਹ ਦਿੱਤੀ ਗਈ ਹੈ।

# ਬਰੈਂਪਟਨ 'ਚ ਬਜ਼ੁਰਗਾਂ ਨਾਲ ਠੱਗੀ ਦੇ ਦੋਸ਼ਾਂ ਹੇਠ ਭਾਰਤੀ ਵਿਅਕਤੀ ਖਿਲਾਫ਼ ਮਾਮਲਾ ਦਰਜ

ਵੈਨਕੂਵਰ, (ਪੰਜਾਬ ਮੇਲ)- ਪੀਲ ਪੁਲਿਸ ਦੀ ਫਰਾਡ ਬਿਊਰੋ ਨੇ ਸ਼ਿਕਾਇਤਾਂ ਦੀ ਜਾਂਚ ਤੋਂ ਬਾਅਦ ਬਰੈਂਪਟਨ ਰਹਿੰਦੇ ਪ੍ਰਵਾਸੀ ਭਾਰਤੀ ਨਵਦੀਪ ਬੋਪਾਰਾਏ (62) ਖ਼ਿਲਾਫ਼ ਠੱਗੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਉਸ ਨੂੰ 29 ਜੂਨ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਦੋਸ਼ ਹਨ ਕਿ ਉਸ ਵੱਲੋਂ ਬੀ.ਐੱਲ.ਐੱਮ. ਕੈਨੇਡਾ ਕਾਰਪੋਰੇਸ਼ਨ ਨਾਂ ਦੀ ਕੰਪਨੀ ਰਜਿਸਟਰ ਕਰਵਾ ਕੇ ਘਰਾਂ ਦੀ ਖਰੀਦ ਲਈ ਮੋਟੇ ਵਿਆਜ਼ 'ਤੇ ਕਰਜ਼ਾ ਦੇਣ ਦਾ ਭਰੋਸਾ ਦਿੱਤਾ ਜਾਂਦਾ ਸੀ।

ਨਵਦੀਪ ਨੇ ਬਹੁਤੇ ਬਜ਼ੁਰਗਾਂ ਨੂੰ ਹੀ ਆਪਣਾ ਸ਼ਿਕਾਰ ਬਣਾਇਆ। ਇਸ ਦੌਰਾਨ ਪੁਲਿਸ ਨੇ ਉਸ ਤੋਂ ਪੀੜਤ ਹੋਰ ਲੋਕਾਂ ਨੂੰ ਵੀ ਸਾਹਮਣੇ ਆਉਣ ਲਈ ਕਿਹਾ ਹੈ, ਤਾਂ ਜੋ ਉਸ ਦੀ ਜਾਇਦਾਦ ਤੋਂ ਮਿਲਣ ਵਾਲੀ ਰਕਮ ਸਾਰੇ ਪੀੜਤਾਂ ਨੂੰ ਵੰਡੀ ਜਾ ਸਕੇ। ਪੁਲਿਸ ਨੇ ਦੱਸਿਆ ਜਾਂਚ ਦੌਰਾਨ ਸਾਹਮਣੇ ਆਇਆ ਕਿ ਉਹ ਬਜ਼ੁਰਗਾਂ ਨੂੰ ਲਾਲਚ 'ਚ ਫਸਾਉਣ 'ਚ ਮਾਹਿਰ ਸੀ ਤੇ ਪੈਸੇ ਲੈਣ ਵਾਲਿਆਂ ਨੂੰ ਪਹਿਲੇ ਮਹੀਨੇ ਤੋਂ ਵਿਆਜ ਦੇ ਕੇ ਉਨ੍ਹਾਂ ਹੋਰ ਗਾਹਕ ਲਿਆਉਣ ਲਈ ਭਰਮਾ ਲੈਂਦਾ ਸੀ। ਅਧਿਕਾਰੀਆਂ ਅਨੁਸਾਰ ਹੁਣ ਤੱਕ ਨਵਦੀਪ ਬੋਪਾਰਾਏ ਵੱਲੋਂ 14 ਲੱਖ ਡਾਲਰ (ਕਰੀਬ 9 ਕਰੋੜ ਰੁਪਏ) ਦੀ ਠੱਗੀ ਮਾਰੀ ਗਈ ਹੈ।

# ਕੈਨੇਡਾ 'ਚ ਦਵਾਈਆਂ ਦੀ ਲਗਾਤਾਰ ਘਾਟ ਇੱਕ ਗੰਭੀਰ ਚੁਣੌਤੀ ਬਣੀ

## ਸਿਹਤ ਪ੍ਰਣਾਲੀ ਅਤੇ ਮਰੀਜ਼ਾਂ ਲਈ ਚੁਣੌਤੀਆਂ ਵਧੀਆਂ

ਵਿੰਨੀਪੈਗ, (ਪੰਜਾਬ ਮੇਲ)- ਕੈਨੇਡਾ ਵਰਗੇ ਵਿਕਸਤ ਦੇਸ਼ ਦੀ ਸਿਹਤ ਪ੍ਰਣਾਲੀ ਨੂੰ ਆਲਮੀ ਪੱਧਰ 'ਤੇ ਉੱਚ ਮਿਆਰ ਵਾਲੀ ਮੰਨਿਆ ਜਾਂਦਾ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਦਵਾਈਆਂ ਦੀ ਲਗਾਤਾਰ ਘਾਟ ਇੱਕ ਗੰਭੀਰ ਚੁਣੌਤੀ ਬਣ ਕੇ ਸਾਹਮਣੇ ਆਈ ਹੈ। ਕੈਂਸਰ, ਦਿਲ ਦੇ ਰੋਗਾਂ, ਇਨਫੈਕਸ਼ਨ ਅਤੇ ਬੱਚਿਆਂ ਦੇ ਬੁਖ਼ਾਰ ਤੇ ਖੰਘ ਲਈ ਵਰਤੀਆਂ ਜਾਣ ਵਾਲੀਆਂ ਆਮ ਦਵਾਈਆਂ ਤੱਕ ਦੀ ਕਮੀ ਕਾਰਨ ਹਸਪਤਾਲਾਂ ਅਤੇ ਫਾਰਮੇਸੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਸਿੱਧਾ ਅਸਰ ਮਰੀਜ਼ਾਂ ਦੇ ਇਲਾਜ ਅਤੇ ਜਾਨ-ਮਾਲ 'ਤੇ ਪੈ ਰਿਹਾ ਹੈ।

ਮਾਹਰਾਂ ਅਨੁਸਾਰ ਇਸ ਸੰਕਟ ਦੇ ਪਿੱਛੇ ਕਈ ਸੰਗਠਨਾਤਮਕ ਅਤੇ ਵਿੱਤੀ ਕਾਰਨ ਹਨ। ਕੈਨੇਡਾ ਤਿਆਰ ਦਵਾਈਆਂ ਅਤੇ ਉਨ੍ਹਾਂ ਦੇ ਨਿਰਮਾਣ ਲਈ ਲੋੜੀਂਦੇ ਕੱਚੇ ਮਾਲ (ਐਕਟਿਵ ਫਾਰਮਾਸਿਊਟੀਕਲ ਇੰਗ੍ਰੀਡੀਐਂਟਸ - ਏ.ਪੀ.ਆਈ.) ਲਈ ਵੱਡੇ ਪੱਧਰ 'ਤੇ ਭਾਰਤ ਅਤੇ ਚੀਨ ਵਰਗੇ ਦੇਸ਼ਾਂ 'ਤੇ ਨਿਰਭਰ ਕਰਦਾ ਹੈ। ਜੇਕਰ ਇਨ੍ਹਾਂ ਦੇਸ਼ਾਂ ਵਿਚ ਉਤਪਾਦਨ ਜਾਂ ਸਪਲਾਈ ਲੜੀ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਆਉਂਦੀ ਹੈ, ਤਾਂ ਇਸ ਦਾ ਸਿੱਧਾ ਅਸਰ ਕੈਨੇਡਾ ਵਿਚ ਦਵਾਈਆਂ ਦੀ ਉਪਲਬਧਤਾ 'ਤੇ ਪੈਂਦਾ ਹੈ। ਇਸ ਤੋਂ ਇਲਾਵਾ, ਸਖ਼ਤ ਨਿਯਮਾਂ ਅਤੇ ਗੁਣਵੱਤਾ ਜਾਂਚ ਦੀ ਲੰਮੀ ਪ੍ਰਕਿਰਿਆ ਕਾਰਨ ਨਵੀਆਂ ਦਵਾਈਆਂ ਨੂੰ ਬਾਜ਼ਾਰ ਤੱਕ ਪਹੁੰਚਣ ਵਿਚ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਕੀਮਤਾਂ 'ਤੇ ਸਰਕਾਰੀ ਨਿਯੰਤਰਣ ਵੀ ਇੱਕ ਮਹੱਤਵਪੂਰਨ ਕਾਰਨ ਮੰਨਿਆ ਜਾ ਰਿਹਾ ਹੈ। ਘੱਟ ਮੁਨਾਫ਼ੇ ਕਾਰਨ ਕਈ ਦਵਾਈ ਨਿਰਮਾਤਾ ਕੰਪਨੀਆਂ ਆਪਣੀ ਸਪਲਾਈ ਉਨ੍ਹਾਂ ਦੇਸ਼ਾਂ ਵੱਲ ਮੋੜ ਦਿੰਦੀਆਂ ਹਨ, ਜਿੱਥੇ ਉਨ੍ਹਾਂ ਨੂੰ ਵਧੀਆ ਕੀਮਤ ਮਿਲਦੀ ਹੈ। ਕੈਨੇਡਾ ਦਾ ਬਾਜ਼ਾਰ ਛੋਟਾ ਹੋਣ ਕਰਕੇ ਵੀ ਬਹੁ-ਕੌਮੀ ਕੰਪਨੀਆਂ ਵੱਡੇ ਮੁਲਕਾਂ ਨੂੰ ਪਹਿਲ ਦਿੰਦੀਆਂ ਹਨ। 'ਪੇਟੈਂਟ ਮੈਡੀਸਨ ਪ੍ਰਾਈਸ ਰਿਵਿਊ ਬੋਰਡ' (ਪੀ.ਐੱਮ.ਪੀ.ਆਰ.ਬੀ.) ਦੇ ਸਖ਼ਤ ਨਿਯਮਾਂ ਕਾਰਨ ਨਵੀਨਤਾਕਾਰੀ ਦਵਾਈਆਂ ਕੈਨੇਡਾ ਵਿਚ ਦੇਰੀ ਨਾਲ ਆਉਂਦੀਆਂ ਹਨ।

# ਕੈਨੇਡਾ 'ਚ ਨਸ਼ਾ ਤਸਕਰਾਂ ਦੇ ਟਿਕਾਣਿਆਂ ਤੋਂ ਕਰੋੜਾਂ ਦੀ ਨਕਦੀ, ਬੰਦੂਕਾਂ ਅਤੇ ਨਸ਼ੇ ਦੀ ਖੇਪ ਬਰਾਮਦ

ਵੈਨਕੂਵਰ, (ਪੰਜਾਬ ਮੇਲ)- ਬ੍ਰਿਟਿਸ਼ ਕੋਲੰਬੀਆ 'ਚ ਪੁਲਿਸ ਬਲਾਂ ਦੀ ਸਾਂਝੀ ਐਕਸ਼ਨ ਟੀਮ ਨੇ ਲੰਬੀ ਜਾਂਚ ਤੋਂ ਬਾਅਦ ਨਸ਼ਾ ਤਸਕਰੀ ਦੇ ਵੱਡੇ ਮਾਮਲੇ ਦੀ ਪੈੜ ਨੱਪਦਿਆਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੇ ਟਿਕਾਣਿਆਂ ਦੀ ਤਲਾਸ਼ੀ ਦੌਰਾਨ 15 ਲੱਖ ਡਾਲਰ ਕਰੰਸੀ ਨੋਟ (ਕਰੀਬ 10 ਕਰੋੜ ਰੁਪਏ), ਕਈ ਮਾਰੂ ਹਥਿਆਰ, ਵੱਡੀ ਮਾਤਰਾ 'ਚ ਵੱਖ-ਵੱਖ ਮਹਿੰਗੇ ਨਸ਼ਿਆਂ ਦੀ ਖੇਪ, ਮਹਿੰਗੀਆਂ ਕਾਰਾਂ, ਟਰੱਕ ਅਤੇ ਪੰਜ ਆਲੀਸ਼ਾਨ ਘਰ ਆਪਣੇ ਕਬਜ਼ੇ 'ਚ ਲਏ ਹਨ।

ਕਾਬੂ ਕੀਤੇ ਵਿਅਕਤੀਆਂ ਦੇ ਫਰਾਰ ਹੋਏ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ। ਬੇਸ਼ੱਕ ਕੁਝ ਕਨੂੰਨੀ ਅੜਿੱਕਿਆਂ ਕਾਰਨ ਪੁਲਿਸ ਨੇ ਫੜੇ ਅਤੇ ਫਰਾਰ ਵਿਅਕਤੀਆਂ ਦੀ ਪਛਾਣ ਜਨਤਕ ਨਹੀਂ ਕੀਤੀ, ਪਰ ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਕਾਰਵਾਈ ਨੇ ਸਰੀ ਖੇਤਰ 'ਚ ਵਿਕਦੇ ਨਸ਼ੇ



ਦਾ ਲੱਕ ਤੋੜ ਦਿੱਤਾ ਹੈ। ਮੀਡੀਆ ਬੁਲਾਰੀ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਤੋਂ ਹੋਰ ਪੁੱਛਗਿੱਛ ਕੀਤ ਜਾਵੇਗੀ ਹੈ, ਤਾਂ ਜੋ ਹੋਰ ਸੰਪਰਕਾਂ ਦਾ ਪਤਾ ਲਗਾਇਆ ਜਾ ਸਕੇ ਅਤੇ ਵੈਨਕੂਵਰ ਖੇਤਰ 'ਚੋਂ ਨਸ਼ਿਆਂ ਦੇ ਖਾਤਮੇ ਲਈ ਹੋਰ ਯਤਨ ਕੀਤੇ ਜਾ ਸਕਣ। ਇਸ ਜਾਂਚ ਦਲ ਨੇ ਇਸ ਨੈਟਵਰਕ ਦੀਆਂ ਗਤੀਵਿਧੀਆਂ ਦਾ ਪੂਰਾ ਪਤਾ ਲਾਉਣ ਲਈ ਇੱਕ ਸਾਲ ਦਾ ਸਮਾਂ ਲਾਇਆ। ਫੜੇ ਗਏ ਨਾਜਾਇਜ਼ ਮਾਰੂ ਹਥਿਆਰਾਂ 'ਚ 27 ਬੰਦੂਕਾਂ ਤੇ ਰਿਵਾਲਵਰਾਂ ਸਮੇਤ ਵੱਡੀ ਗਿਣਤੀ ਗੋਲੀਸਿੱਕਾ ਵੀ ਮਿਲਿਆ ਹੈ, ਜਿਸ ਨੂੰ ਉਹ ਕਥਿਤ ਤੌਰ ਦੇ ਵੇਚਣ ਦਾ ਧੰਦਾ ਵੀ ਕਰਦੇ ਸਨ।

# ਕੈਨੇਡਾ ਸਰਕਾਰ ਵੱਲੋਂ 70% ਤੋਂ ਵੱਧ ਵੀਜ਼ਾ ਅਰਜ਼ੀਆਂ ਰੱਦ!

ਬਰੈਂਪਟਨ, (ਪੰਜਾਬ ਮੇਲ)- ਕੈਨੇਡਾ ਵਿਚ ਚੱਲ ਰਹੇ ਫੀਫਾ ਵਿਸ਼ਵ ਕੱਪ ਦੇ ਮੈਚ ਦੇਖਣ ਦੇ ਬਹਾਨੇ ਉੱਥੇ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ ਖਾਸ ਕਰ ਕੇ ਪੰਜਾਬੀ ਲੋਕਾਂ ਲਈ ਨਿਰਾਸ਼ਾਜਨਕ ਖ਼ਬਰ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ ਵਿਸ਼ਵ ਕੱਪ ਦੇ ਨਾਂ 'ਤੇ ਵੀਜ਼ਾ ਅਪਲਾਈ ਕਰਨ ਵਾਲੇ 70 ਫੀਸਦੀ ਤੋਂ ਵੱਧ ਭਾਰਤੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਰਿਪੋਰਟਾਂ ਅਨੁਸਾਰ ਕੈਨੇਡਾ ਸਰਕਾਰ ਨੇ ਫੁੱਟਬਾਲ ਟੂਰਨਾਮੈਂਟ ਲਈ ਲਗਭਗ 17,000 ਸੈਲਾਨੀ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਕੀਤੀ, ਜਿਨ੍ਹਾਂ ਵਿਚੋਂ ਸਿਰਫ਼ 41 ਫੀਸਦੀ ਨੂੰ ਹੀ ਮਨਜ਼ੂਰੀ ਮਿਲੀ। ਅਰਜ਼ੀਆਂ ਦੇ ਮਾਮਲੇ ਵਿਚ ਭਾਰਤੀ

## 'ਫ਼ੀਫਾ ਵੀਜ਼ਾ' ਦੇ ਨਾਂ 'ਤੇ ਹੋ ਰਹੀ ਠੱਗੀ ਤੋਂ ਬਚਣ ਦੀ ਸਲਾਹ




ਚੌਥੇ ਨੰਬਰ 'ਤੇ ਸਨ। ਕੁੱਲ 1,225 ਭਾਰਤੀਆਂ ਨੇ ਅਪਲਾਈ ਕੀਤਾ ਸੀ, ਪਰ ਇਨ੍ਹਾਂ ਵਿਚੋਂ ਸਿਰਫ਼ 355 (ਕਰੀਬ 29%) ਦੇ ਹੀ ਵੀਜ਼ੇ ਲੱਗੇ ਹਨ।

ਵੀਜ਼ਾ ਰੱਦ ਹੋਣ ਦੀ ਦਰ ਸਿਰਫ਼ ਭਾਰਤ ਲਈ ਹੀ ਨਹੀਂ, ਸਗੋਂ ਹੋਰਨਾਂ ਦੇਸ਼ਾਂ ਲਈ ਵੀ ਕਾਫੀ ਉੱਚੀ ਰਹੀ ਹੈ। ਪਾਕਿਸਤਾਨ ਤੋਂ ਆਈਆਂ 1,250 ਅਰਜ਼ੀਆਂ ਵਿਚੋਂ 9 ਫੀਸਦੀ ਤੋਂ ਵੀ ਘੱਟ (ਸਿਰਫ਼ 102) ਮਨਜ਼ੂਰ ਹੋਈਆਂ। ਘਾਨਾ ਦੇ ਹਾਲਾਤ ਸਭ ਤੋਂ ਖ਼ਰਾਬ ਰਹੇ, ਜਿੱਥੇ 1,725 ਅਰਜ਼ੀਆਂ ਵਿਚੋਂ 11 ਫੀਸਦੀ ਤੋਂ ਵੀ ਘੱਟ ਨੂੰ ਹਰੀ ਝੰਡੀ ਮਿਲੀ। ਦੂਜੇ ਪਾਸੇ, ਕੋਲੰਬੀਆ ਦੇ ਲੋਕਾਂ 'ਤੇ ਕੈਨੇਡਾ ਕਾਫੀ ਮਿਹਰਬਾਨ ਰਿਹਾ ਅਤੇ ਉੱਥੋਂ ਦੀਆਂ 70 ਫੀਸਦੀ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ। ਕੈਨੇਡਾ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਫੀਫਾ ਵਿਸ਼ਵ ਕੱਪ ਲਈ ਕੋਈ ਵਿਸ਼ੇਸ਼ 'ਫੀਫਾ ਵੀਜ਼ਾ' ਨਹੀਂ ਹੈ, ਜੋ ਕਿਸੇ ਨੂੰ ਉੱਥੇ ਕੰਮ ਕਰਨ ਜਾਂ ਪੱਕੇ ਤੌਰ 'ਤੇ ਵਸਣ ਦੀ ਇਜਾਜ਼ਤ ਦਿੰਦਾ ਹੋਵੇ। ਸੋਸ਼ਲ ਮੀਡੀਆ 'ਤੇ ਅਜਿਹੀਆਂ ਕਈ ਵੀਡੀਓਜ਼ ਵਾਇਰਲ ਹੋ ਰਹੀਆਂ ਹਨ, ਜੋ ਗਲਤ ਦਾਅਵਾ ਕਰਦੀਆਂ ਹਨ ਕਿ ਵਿਸ਼ਵ ਕੱਪ ਦਾ ਵੀਜ਼ਾ ਕੈਨੇਡਾ ਵਿਚ ਸੈਟਲ ਹੋਣ ਦਾ ਸੌਖਾ ਰਸਤਾ ਹੈ। ਇਮੀਗ੍ਰੇਸ਼ਨ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਲੋਕ ਕਿਸੇ ਤੀਜੀ ਧਿਰ ਜਾਂ ਏਜੰਟ ਰਾਹੀਂ ਅਪਲਾਈ ਕਰਨ ਦੀ ਬਜਾਏ ਅਧਿਕਾਰਤ ਵੈੱਬਸਾਈਟ ਦੀ ਵਰਤੋਂ ਕਰਨ। ਏਜੰਟਾਂ ਵੱਲੋਂ ਦਿੱਤੇ ਜਾ ਰਹੇ ਝੂਠੇ ਭਰੋਸਿਆਂ ਅਤੇ ਜਾਅਲੀ ਦਸਤਾਵੇਜ਼ਾਂ ਕਾਰਨ ਬਿਨੈਕਾਰਾਂ ਨੂੰ 5 ਸਾਲ ਤੱਕ ਦੀ ਪਾਬੰਦੀ (ਬੈਨ) ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਚਿੰਤਾਜਨਕ ਗੱਲ ਇਹ ਹੈ ਕਿ ਚੰਡੀਗੜ੍ਹ ਦੇ ਕੁਝ ਇਮੀਗ੍ਰੇਸ਼ਨ ਏਜੰਟ ਇੰਸਟਾਗ੍ਰਾਮ 'ਤੇ ਪੰਜਾਬੀ ਵਿੱਚ ਪੋਸਟਾਂ ਪਾ ਕੇ ਇਸ ਨੂੰ 'ਕੈਨੇਡਾ ਵਿਚ ਪੱਕੇ ਤੌਰ 'ਤੇ ਵਸਣ ਦਾ ਸੁਨਹਿਰੀ ਮੌਕਾ' ਦੱਸ ਰਹੇ ਹਨ। ਸਰਕਾਰ ਨੇ ਸਾਫ਼ ਕਿਹਾ ਹੈ ਕਿ ਵਿਸ਼ਵ ਕੱਪ ਦੇਖਣ ਆਉਣ ਵਾਲੇ ਲੋਕਾਂ ਨੂੰ ਆਪਣੀ ਨਿਰਧਾਰਿਤ ਮਿਆਦ ਖ਼ਤਮ ਹੋਣ 'ਤੇ ਦੇਸ਼ ਛੱਡਣਾ ਪਵੇਗਾ।

# ਕੈਲਗਰੀ ਪੁਲਿਸ ਸਰਵਿਸ ਵੱਲੋਂ 15 ਪੰਜਾਬੀਆਂ ਦੀਆਂ ਤਸਵੀਰਾਂ ਜਾਰੀ!

## ਵਸੂਲੀ' ਅਤੇ ਗੋਲੀਬਾਰੀ ਦੀਆਂ ਘਟਨਾਵਾਂ 'ਤੇ ਕੀਤੀ ਵੱਡੀ ਕਾਰਵਾਈ

ਕੈਲਗਰੀ, (ਪੰਜਾਬ ਮੇਲ)- ਕੈਨੇਡਾ ਤੋਂ ਇਕ ਵੱਡੀ ਤੇ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਅਲਬਰਟਾ ਸੂਬੇ ਦੇ ਸ਼ਹਿਰ ਕੈਲਗਰੀ 'ਚ ਦੱਖਣੀ ਏਸ਼ੀਆਈ, ਖ਼ਾਸ ਕਰ ਭਾਰਤੀ ਤੇ ਪੰਜਾਬੀ ਭਾਈਚਾਰੇ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ 'ਵਸੂਲੀ' ਅਤੇ ਗੋਲੀਬਾਰੀ ਦੀਆਂ ਘਟਨਾਵਾਂ 'ਤੇ ਕੈਲਗਰੀ ਪੁਲਿਸ ਸਰਵਿਸ (ਸੀ.ਪੀ.ਐੱਸ.) ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਿਸ ਨੇ ਜਾਂਚ ਨੂੰ ਅੱਗੇ ਵਧਾਉਣ ਅਤੇ ਜਨਤਾ ਕੋਲੋਂ ਹੋਰ ਜਾਣਕਾਰੀ ਹਾਸਲ ਕਰਨ ਲਈ ਇਸ ਮਾਮਲੇ ਵਿਚ ਨਾਮਜ਼ਦ 15 ਮੁਲਜ਼ਮਾਂ ਦੀਆਂ ਤਸਵੀਰਾਂ ਅਤੇ ਪਛਾਣ



ਜਨਤਕ ਕਰ ਦਿੱਤੀ ਹੈ।

ਪੁਲਿਸ ਮੁਤਾਬਕ, ਅਪ੍ਰੈਲ 2025 ਤੋਂ ਲੈ ਕੇ ਹੁਣ ਤੱਕ ਕੈਲਗਰੀ 'ਚ ਫਿਰੌਤੀਆਂ ਮੰਗਣ ਦੇ 49 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚ ਡਰਾਉਣ-ਧਮਕਾਉਣ ਲਈ ਕੀਤੀਆਂ ਗਈਆਂ 19 ਗੋਲੀਬਾਰੀ ਅਤੇ ਗੱਡੀਆਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵੀ ਸ਼ਾਮਲ ਹਨ।

ਪੁਲਿਸ ਸੁਪਰਡੈਂਟ ਜੈੱਫ ਬੈੱਲ ਨੇ ਦੱਸਿਆ ਕਿ ਇਸ ਮਾਮਲੇ 'ਚ ਹੁਣ ਤੱਕ 16 ਲੋਕਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ 56 ਅਪਰਾਧਿਕ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਫੜੇ ਗਏ ਮੁਲਜ਼ਮਾਂ 'ਚੋਂ ਕੋਈ ਵੀ ਕੈਨੇਡਾ ਦਾ ਪੱਕਾ ਨਾਗਰਿਕ ਨਹੀਂ ਹੈ। ਇਹ ਸਾਰੇ ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ 'ਤੇ ਕੈਨੇਡਾ ਆਏ ਹੋਏ ਨੌਜਵਾਨ ਹਨ।

ਪੁਲਿਸ ਨੇ ਦੱਸਿਆ ਕਿ ਫੜੇ ਗਏ 16 ਮੁਲਜ਼ਮਾਂ 'ਚੋਂ ਸਿਰਫ਼ ਇੱਕ ਹੀ ਇਸ ਵੇਲੇ ਜੇਲ੍ਹ 'ਚ ਹੈ, ਜਦਕਿ ਬਾਕੀ 15 ਮੁਲਜ਼ਮ ਅਦਾਲਤ ਵੱਲੋਂ ਜ਼ਮਾਨਤ ਮਿਲਣ ਤੋਂ ਬਾਅਦ ਬਾਹਰ ਘੁੰਮ ਰਹੇ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮੁਲਜ਼ਮ ਨਕਲੀ ਨਾਵਾਂ ਅਤੇ ਨਿਕ-ਨੇਮਜ਼ ਦੀ ਵਰਤੋਂ ਕਰ ਕੇ ਲੁੱਕ ਕੇ ਰਹਿ ਰਹੇ ਹਨ। ਕਈ ਵਾਰ ਉਨ੍ਹਾਂ ਦੇ ਨਾਲ ਰਹਿਣ ਵਾਲੇ ਰੂਮਮੇਟਸ ਨੂੰ ਵੀ ਉਨ੍ਹਾਂ ਦੇ ਅਸਲ ਨਾਂ ਦਾ ਪਤਾ ਨਹੀਂ ਹੁੰਦਾ। ਪੁਲਿਸ ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਵੀ ਇਨ੍ਹਾਂ ਲੋਕਾਂ ਨੂੰ ਦੇਖਿਆ ਹੋਵੇ ਜਾਂ ਇਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਪੁਲਿਸ ਜਾਂ 'ਕ੍ਰਾਈਮ

# ਕੈਨੇਡਾ 'ਚ ਫਾਇਰਿੰਗ ਮਾਮਲੇ 'ਚ 2 ਪੰਜਾਬੀਆਂ ਸਣੇ 4 ਨੌਜਵਾਨ ਗ੍ਰਿਫ਼ਤਾਰ!

ਸਰੀ, (ਪੰਜਾਬ ਮੇਲ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ 'ਚ 11 ਜੂਨ 2026 ਨੂੰ ਤੜਕਸਾਰ ਇੱਕ ਘਰ 'ਤੇ ਹੋਈ ਫਾਇਰਿੰਗ ਦੇ ਮਾਮਲੇ ਦੀ ਜਾਂਚ ਕਰਦਿਆਂ ਪੁਲਿਸ ਨੇ 4 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਮੁਲਜ਼ਮਾਂ 'ਚੋਂ ਦੋ ਪੰਜਾਬੀ ਨੌਜਵਾਨਾਂ 'ਤੇ ਅਪਰਾਧਿਕ ਧਾਰਾਵਾਂ ਲਗਾਈਆਂ ਗਈਆਂ ਹਨ, ਜਦਕਿ ਬਾਕੀ ਦੋ ਨੂੰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਹਵਾਲੇ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਹ ਵਾਰਦਾਤ 11 ਜੂਨ ਦੀ ਸਵੇਰ ਸਰੀ ਦੇ '96 ਐਵੇਨਿਊ ਅਤੇ 133ਏ ਸਟ੍ਰੀਟ' ਸਥਿਤ ਇੱਕ ਘਰ ਵਿਖੇ ਵਾਪਰੀ ਸੀ, ਜਿੱਥੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਸਨ। ਗੋਲੀਬਾਰੀ ਕਰਨ ਦੇ




ਦੋਸ਼ ਹੇਠ 21 ਸਾਲਾ ਅਰਮਾਨ ਸਿੰਘ ਅਤੇ 22 ਸਾਲਾ ਸਿਮਰਜੀਤ ਸਿੰਘ ਨੂੰ ਨਾਮਜ਼ਦ ਕਰ ਕੇ ਕੇਸ ਦਰਜ ਕੀਤਾ ਗਿਆ ਹੈ। ਇਹ ਦੋਵੇਂ ਭਾਰਤੀ ਨਾਗਰਿਕ ਹਨ ਅਤੇ ਇਸ ਵੇਲੇ ਪੁਲਿਸ ਹਿਰਾਸਤ 'ਚ ਹਨ।

ਪੁਲਿਸ ਮੁਤਾਬਕ ਸ਼ੁਰੂਆਤੀ ਜਾਂਚ 'ਚ ਇਹ ਮਾਮਲਾ ਫ਼ਿਰੌਤੀ ਨਾਲ ਜੁੜਿਆ ਹੋਇਆ ਜਾਪਦਾ ਹੈ। ਇਸ ਮਾਮਲੇ 'ਚ ਫੜੇ ਗਏ ਬਾਕੀ ਦੋ ਹੋਰ ਮੁਲਜ਼ਮਾਂ ਨੂੰ ਇਮੀਗ੍ਰੇਸ਼ਨ ਨਿਯਮਾਂ ਤਹਿਤ ਸੀ.ਬੀ.ਐੱਸ.ਏ. ਦੀ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਵਿਦਿਆਰਥੀ ਦੀ ਕੀਤੀ ਆਰਥਿਕ ਸਹਾਇਤਾ



ਲੋੜਵੰਦ ਵਿਦਿਆਰਥੀ ਨੂੰ ਸਹਾਇਤਾ ਰਾਸ਼ੀ ਦਿੰਦੇ ਹੋਏ ਸਰਬਣ ਸਿੰਘ ਸਾਬਕਾ ਸਰਪੰਚ, ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਸਮੂਹ ਸੇਵਾਦਾਰ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਕਾਲਰਸ਼ਿਪ ਤਹਿਤ ਪੜ੍ਹਾਈ ਵਿਚ ਹੁਸ਼ਿਆਰ, ਪਰ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵੱਡੀ ਪੱਧਰ 'ਤੇ ਮਦਦ ਕੀਤੀ ਜਾਂ ਰਹੀ ਹੈ, ਤਾਂ ਜੋ ਇਹ ਲੋੜਵੰਦ ਵੀ ਆਪਣੀ ਪੜ੍ਹਾਈ ਜਾਰੀ ਰੱਖ ਸਕਣ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨੇ ਦੱਸਿਆ ਕਿ ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ



ਡਾ. ਐੱਸ.ਪੀ. ਸਿੰਘ ਓਬਰਾਏ।

ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ, ਪਰ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀ ਨੂੰ ਪੜ੍ਹਾਈ ਜਾਰੀ ਰੱਖਣ ਲਈ ਅੱਠ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਅਤੇ ਅੱਗੇ ਤੋਂ ਵੀ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਵਿਦਿਆਰਥੀ ਦੇ ਪਿਤਾ ਦੀ ਅਚਨਚੇਤ ਮੌਤ ਹੋ ਜਾਣ ਕਾਰਨ ਪਰਿਵਾਰ ਬਹੁਤ ਹੀ ਮੁਸ਼ਕਲ ਦੀ ਘੜੀ ਵਿਚ ਸੀ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਵਿਦਿਆਰਥੀ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਮੈਂ ਪੜ੍ਹਾਈ ਜਾਰੀ ਰੱਖ ਕੇ ਆਪਣਾ ਪੜ੍ਹਨ ਦਾ ਸੁਪਨਾ ਪੂਰਾ ਕਰ ਸਕਾਂਗਾ।

ਇਸ ਮੌਕੇ ਸਰਬਣ ਸਿੰਘ ਸਾਬਕਾ ਸਰਪੰਚ ਬੂੜਾ ਗੁੱਜਰ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾ. ਏ.ਐੱਸ ਆਈ., ਸੋਮ ਨਾਥ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਡਾਕਟਰ ਓਬਰਾਏ ਨੇ ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਲੋੜਵੰਦ ਦੀ ਫੜੀ ਬਾਂਹ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਹਨ ਕਾਰਜਾਂ ਦੀ ਲੜੀ ਤਹਿਤ ਵੱਖ-ਵੱਖ ਬੀਮਾਰੀਆਂ ਤੋਂ ਪੀੜਤ, ਦਵਾਈਆਂ ਖਰੀਦਣ ਤੋਂ ਅਸਮਰਥ ਹਜ਼ਾਰਾਂ ਹੀ ਲੋੜਵੰਦ ਮਰੀਜ਼ਾਂ ਨੂੰ ਲਗਾਤਾਰ ਸਹਾਇਤਾ ਜਾਰੀ ਹੈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਬਹੁਤ ਹੀ ਛੋਟੇ-ਛੋਟੇ ਬੱਚਿਆਂ ਦੀ ਮਾਂ ਗਰੀਬ ਔਰਤ ਜੋ ਕਾਫੀ ਸਮੇਂ ਤੋਂ ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਹੈ, ਇਲਾਜ ਕਰਵਾਉਣ ਤੋਂ ਅਸਮਰਥ ਹੈ, ਕਮਾਈ ਦਾ ਕੋਈ ਵੀ ਸਾਧਨ ਨਹੀਂ ਹੈ। ਇਹ ਕੇਸ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਧਿਆਨ ਵਿਚ ਆਉਣ ਉਪਰੰਤ ਡਾ. ਓਬਰਾਏ ਨੂੰ ਇਲਾਜ ਕਰਵਾਉਣ ਲਈ ਬੇਨਤੀ ਕੀਤੀ ਗਈ ਸੀ, ਤਾਂ ਡਾ. ਓਬਰਾਏ ਵੱਲੋਂ ਮਰੀਜ਼ ਦੇ ਹਾਲਾਤ ਦੇਖਦੇ ਹੋਏ ਸਹਾਇਤਾ ਰਾਸ਼ੀ ਦੇਣੀ ਸ਼ੁਰੂ ਕੀਤੀ ਗਈ ਹੈ। ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਲੋੜਵੰਦ ਨੂੰ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਮੈਂ ਇਸ ਭਿਆਨਕ ਬੀਮਾਰੀ ਤੋਂ ਅੱਕ ਕੇ ਜ਼ਿੰਦਗੀ ਜਿਊਣ ਦੀ ਆਸ ਛੱਡ ਦਿੱਤੀ ਸੀ ਪਰ ਡਾਕਟਰ ਓਬਰਾਏ ਵਲੋਂ ਪਿਛਲੇ ਲੰਮੇ ਸਮੇਂ ਤੋਂ ਮੇਰੀ ਮਦਦ ਕਾਰਨ ਮੈਨੂੰ ਵੀ ਜ਼ਿੰਦਗੀ ਜਿਊਣ ਦੀ ਆਸ ਬੱਝੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

# ਬੇਅਦਬੀ ਮਾਮਲਿਆਂ ਦੀ ਜਾਂਚ ਲਈ ਨਵੀਆਂ ਗਾਈਡਲਾਈਨਜ਼ ਜਾਰੀ

**ਜਲੰਧਰ, (ਪੰਜਾਬ ਮੇਲ)**- ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਨਵੀਆਂ ਗਾਈਡਲਾਈਨਜ਼ ਜਾਰੀ ਕੀਤੀਆਂ ਹਨ, ਜਿਸ ਤਹਿਤ ਹੁਣ ਪੁਲਿਸ ਨੂੰ ਆਪਣੀ ਅਧਿਕਾਰਤ ਭਾਸ਼ਾ ਵਿਚ 52 ਵਿਸ਼ੇਸ਼ ਧਾਰਮਿਕ ਸ਼ਬਦਾਂ ਦੀ ਵਰਤੋਂ ਕਰਨੀ ਲਾਜ਼ਮੀ ਹੋਵੇਗੀ। ਇਸ ਕਦਮ ਦਾ ਮੁੱਖ ਉਦੇਸ਼ ਜਾਂਚ ਦੌਰਾਨ ਧਾਰਮਿਕ ਮਰਿਆਦਾ ਨੂੰ ਬਣਾਈ ਰੱਖਣਾ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਯਕੀਨੀ ਬਣਾਉਣਾ ਹੈ। ਨਵੇਂ ਹੁਕਮਾਂ ਮੁਤਾਬਕ, ਹੁਣ ਤੋਂ ਬੇਅਦਬੀ ਨਾਲ ਸਬੰਧਤ ਹਰ ਦਸਤਾਵੇਜ਼, ਜਿਵੇਂ ਕਿ ਕੇਸ ਡਾਇਰੀ, ਜ਼ਬਤੀ ਮੈਮੋ, ਜਾਂਚ ਰਿਪੋਰਟ ਅਤੇ ਅਦਾਲਤੀ ਬਿਆਨਾਂ ਵਿਚ ਆਮ ਕਾਨੂੰਨੀ ਭਾਸ਼ਾ ਦੀ ਬਜਾਏ ਸਤਿਕਾਰਤ ਧਾਰਮਿਕ ਸ਼ਬਦਾਂ ਦੀ ਵਰਤੋਂ ਕੀਤੀ ਜਾਵੇਗੀ। ਸੂਚੀ ਵਿਚ ਸ਼ਾਮਲ ਕੀਤੇ ਗਏ 52 ਸ਼ਬਦਾਂ ਵਿਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', 'ਅੰਗ', 'ਪਵਿੱਤਰ ਸਰੂਪ', 'ਪਾਲਕੀ ਸਾਹਿਬ', 'ਚੌਰ ਸਾਹਿਬ' ਅਤੇ 'ਸੇਵਾ' ਵਰਗੇ ਸ਼ਬਦ ਸ਼ਾਮਲ ਹਨ। ਇਸ ਸਬੰਧੀ ਪੰਜਾਬ ਦੇ ਸਾਰੇ ਪੁਲਿਸ ਕਮਿਸ਼ਨਰਾਂ ਅਤੇ ਐੱਸ.ਐੱਸ.ਪੀਜ਼ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਜਾਂਚ ਅਧਿਕਾਰੀਆਂ ਨੂੰ ਇਨ੍ਹਾਂ ਸ਼ਬਦਾਂ ਦੀ ਸਹੀ ਵਰਤੋਂ ਲਈ ਵਿਸ਼ੇਸ਼ ਸਿਖਲਾਈ ਵੀ ਦਿੱਤੀ ਜਾਵੇਗੀ। ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਐੱਲ.ਕੇ. ਯਾਦਵ ਮੁਤਾਬਕ ਇਹ ਫੈਸਲਾ ਇਸ ਲਈ ਲਿਆ ਗਿਆ ਹੈ, ਤਾਂ ਜੋ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦਿਆਂ ਦੀ ਜਾਂਚ ਦੌਰਾਨ ਕਿਸੇ ਵੀ ਪੱਧਰ 'ਤੇ ਮਰਿਆਦਾ ਦੀ ਉਲੰਘਣਾ ਨਾ ਹੋਵੇ।

# ਪੰਜਾਬ 'ਚ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ 'ਚ ਕਫ ਸਿਰਪ ਬਣਿਆ ਨਵਾਂ ਖਤਰਾ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੌਰਾਨ ਖੰਘ ਦੇ ਸਿਰਪ ਇਕ ਨਵੇਂ ਖ਼ਤਰੇ ਵਜੋਂ ਉੱਭਰੇ ਹਨ। ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਦੀ 2025 ਦੀ ਸਾਲਾਨਾ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਰਾਜ 'ਚ ਕੋਡੀਨ-ਆਧਾਰਿਤ ਖੰਘ ਦੇ ਸਿਰਪ ਅਤੇ ਹੋਰ ਨੁਸਖ਼ਿਆਂ ਵਾਲੀਆਂ ਦਵਾਈਆਂ ਦੀ ਦੁਰਵਰਤੋਂ ਤੇਜ਼ੀ ਨਾਲ ਵੱਧ ਰਹੀ ਹੈ। ਰਿਪੋਰਟ ਮੁਤਾਬਕ 2025 'ਚ ਪੰਜਾਬ 'ਚ ਕੋਡੀਨ-ਆਧਾਰਿਤ ਖੰਘ ਦੇ ਸਿਰਪ ਦੀਆਂ 8,95,508 ਬੋਤਲਾਂ ਜ਼ਬਤ ਕੀਤੀਆਂ ਗਈਆਂ ਸਨ, ਜੋਕਿ ਦੇਸ਼ ਦੇ ਕਿਸੇ ਵੀ ਰਾਜ 'ਚ ਸਭ ਤੋਂ ਵੱਧ ਹੈ।

ਐੱਨ.ਸੀ.ਬੀ. ਨੇ ਇਸ ਨੂੰ ਪੰਜਾਬ 'ਚ ਨਸ਼ਿਆਂ ਦੀ ਦੁਰਵਰਤੋਂ ਦੀ ਇਕ ਖ਼ਤਰਨਾਕ ਦੂਜੀ ਲਹਿਰ ਦੱਸਿਆ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਬੁਝੇਨੋਰਫਿਨ, ਟ੍ਰਾਮਾਡੋਲ ਅਤੇ ਅਲਨਾਜ਼ੋਲਮ ਵਰਗੀਆਂ ਕਾਨੂੰਨੀ ਤੌਰ 'ਤੇ ਤਿਆਰ ਕੀਤੀਆਂ ਗਈਆਂ ਦਵਾਈਆਂ ਗੈਰ-ਅਨੁਕੂਲ ਮੈਡੀਕਲ ਸਟੋਰਾਂ ਅਤੇ ਫਾਰਮੇਸੀ ਨੈਟਵਰਕਾਂ ਰਾਹੀਂ ਗੈਰ-ਕਾਨੂੰਨੀ ਬਾਜ਼ਾਰ 'ਚ ਪਹੁੰਚ ਰਹੀਆਂ ਹਨ। ਇਨ੍ਹਾਂ ਦਵਾਈਆਂ ਦੀ ਉਪਲਬੱਧਤਾ ਨੇ ਨੌਜਵਾਨਾਂ ਲਈ ਨਸ਼ੀਲੇ ਪਦਾਰਥਾਂ ਤੱਕ ਪਹੁੰਚ ਨੂੰ ਹੋਰ ਆਸਾਨ ਬਣਾ ਦਿੱਤਾ ਹੈ।

ਇਹ ਰਿਪੋਰਟ ਇਕ ਹੋਰ ਹੈਰਾਨ ਕਰਨ ਵਾਲੇ ਤੱਥ ਦਾ ਖ਼ੁਲਾਸਾ ਕਰਦੀ ਹੈ। ਇਸ ਦੇ ਅਨੁਸਾਰ ਪੰਜਾਬ ਦੇਸ਼ 'ਚ ਹੈਰੋਇਨ ਤਸਕਰੀ ਦਾ ਸਭ ਤੋਂ ਵੱਡਾ ਕੇਂਦਰ ਬਣਿਆ ਹੋਇਆ ਹੈ। 2025 'ਚ ਦੇਸ਼ ਭਰ 'ਚ ਜ਼ਬਤ ਕੀਤੀ ਗਈ 3,567 ਕਿਲੋਗ੍ਰਾਮ ਹੈਰੋਇਨ ਵਿਚੋਂ 2,085.55 ਕਿਲੋਗ੍ਰਾਮ ਇਕੱਲੇ ਪੰਜਾਬ ਤੋਂ ਬਰਾਮਦ ਕੀਤੀ ਗਈ ਸੀ। ਇਹ ਕੁੱਲ ਰਾਸ਼ਟਰੀ ਪੱਧਰ 'ਤੇ ਜ਼ਬਤੀ ਕੇਸ ਲਗਭਗ 58 ਫ਼ੀਸਦੀ ਹੈ।

# ਕੈਨੇਡਾ 'ਚ ਹਰਦੀਪ ਨਿੱਜਰ ਦੇ ਕਰੀਬੀ ਸਾਥੀ 'ਤੇ ਅੰਨ੍ਹੇਵਾਹ ਗੋਲੀਬਾਰੀ

**ਵੈਨਕੂਵਰ, (ਪੰਜਾਬ ਮੇਲ)**- ਲੰਘੀ ਦੇਰ ਰਾਤ ਸਰੀ ਦੀ 145 ਸਟ੍ਰੀਟ ਅਤੇ 76 ਐਵੇਨਿਊ ਸਥਿਤ ਸਰੀ ਦੇ ਇੱਕ ਨਾਮਵਰ ਵਿਅਕਤੀ ਵੱਲੋਂ ਆਪਣੇ ਘਰ ਦੇ ਮੂਹਰੇ ਪਹੁੰਚਦੇ ਸਾਰ ਹੀ ਤਿੰਨ ਜਣਿਆਂ ਵੱਲੋਂ ਉਸ 'ਤੇ ਅੰਨ੍ਹੇਵਾਹ ਗੋਲੀਬਾਰੀ ਕੀਤੀ ਗਈ, ਪਰ ਚੌਕਸੀ ਕਾਰਨ ਉਸ ਦਾ ਜਾਨੀ ਬਚਾਅ ਹੋ ਗਿਆ। ਪੀੜਤ ਦੀ ਪਛਾਣ ਹਰਜਿੰਦਰ ਸਿੰਘ ਢੰਡੋਵਾਲ ਵਜੋਂ ਹੋਈ ਹੈ, ਜੋ ਤਿੰਨ ਸਾਲ ਪਹਿਲਾਂ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਦੀ ਪਾਰਕਿੰਗ ਵਿਚ ਮਾਰੇ ਗਏ ਹਰਦੀਪ ਸਿੰਘ ਨਿੱਜਰ ਦਾ ਕਰੀਬੀ ਸਾਥੀ ਹੁੰਦਾ ਸੀ।

ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਟਰੱਕ ਚਾਲਕ ਢੰਡੋਵਾਲ ਸਰੀ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਉਸਾਰੀ ਦੇ ਕੰਮ ਵਿਚ ਹਿੱਸਾ ਲੈਣ ਉਪਰੰਤ ਆਪਣੀ ਹੱਮਰ ਕਾਰ ਉੱਤੇ ਦੇਰ ਰਾਤ ਜਿਵੇਂ ਹੀ ਘਰ ਦੇ ਮੂਹਰੇ ਪਹੁੰਚਿਆ, ਤਾਂ ਉਸ ਦਾ ਪਿੱਛਾ ਕਰ ਰਹੇ ਦੋ ਕਾਰਾਂ ਵਿਚ ਸਵਾਰ ਤਿੰਨ ਜਣਿਆਂ ਨੇ ਉਸ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਢੰਡੋਵਾਲ ਨੇ ਤੁਰੰਤ ਕਾਰ ਦਾ ਤੇਜ਼ ਹਾਰਨ ਵਜਾਉਣਾ ਸ਼ੁਰੂ ਕਰ ਦਿੱਤਾ, ਜਿਸ ਕਰਕੇ ਹਮਲਾਵਰ ਉਸ ਉੱਤੇ ਕੁਝ ਗੋਲੀਆਂ ਚਲਾ ਕੇ ਮੌਕੇ ਤੋਂ ਫ਼ਰਾਰ ਹੋ ਗਏ। ਢੰਡੋਵਾਲ ਦੀ ਖੱਬੀ ਬਾਂਹ 'ਤੇ ਕੁਝ ਗੋਲੀਆਂ ਲੱਗਣ ਕਾਰਨ ਉਸ ਨੂੰ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ।

ਤੇਜ਼ ਹਾਰਨ ਦੀ ਆਵਾਜ਼ ਸੁਣ ਕੇ ਪੁਲਿਸ ਪਾਰਟੀ ਨੇ ਮੁਸ਼ਤੈਦੀ ਦਿਖਾਉਂਦਿਆਂ ਦੋਵਾਂ ਕਾਰਾਂ ਵਿਚੋਂ ਇੱਕ ਨੂੰ ਰੋਕ ਲਿਆ ਅਤੇ ਉਸ ਦੇ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਤੋਂ ਗੋਲੀਬਾਰੀ ਦੇ ਮੰਤਵ ਬਾਰੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਹਾਲੇ ਉਸ ਦੀ ਪਛਾਣ ਜਨਤਕ ਨਹੀਂ ਕੀਤੀ ਹੈ। ਪਰ ਮੁੱਢਲੀ ਜਾਂਚ ਦੌਰਾਨ ਪੁਲਿਸ ਨੇ ਇਹ ਮੰਨਿਆ ਹੈ ਕਿ ਇਹ ਹਮਲਾ ਪੂਰੀ ਤਰ੍ਹਾਂ ਮਿੱਥ ਕੇ (ਟਾਰਗੇਟਡ) ਕੀਤਾ ਗਿਆ ਸੀ ਅਤੇ ਇਸ ਦਾ ਫ਼ਿਰੌਤੀ ਨਾਲ ਕੋਈ ਸਬੰਧ ਨਹੀਂ ਹੈ। ਮਰਹੂਮ ਨਿੱਜਰ ਦਾ ਸਾਥੀ ਰਿਹਾਅ ਹੋਣ ਕਰਕੇ ਕੁਝ ਲੋਕ ਢੰਡੋਵਾਲ 'ਤੇ ਹੋਏ ਇਸ ਹਮਲੇ ਨੂੰ ਭਾਰਤ ਦੇ ਕਿਸੇ ਵੱਡੇ ਆਗੂ ਦੀ ਕੈਨੇਡਾ ਫੇਰੀ ਨਾਲ ਵੀ ਜੋੜ ਕੇ ਵੇਖ ਰਹੇ ਹਨ। ਹੁਣ ਵੇਖਣਾ ਹੋਵੇਗਾ ਕਿ ਪੁਲਿਸ ਫੜੇ ਗਏ ਦੋਸ਼ੀ ਤੋਂ ਪੁੱਛਗਿੱਛ ਕਰਕੇ ਕੀ ਖ਼ੁਲਾਸੇ ਕਰਦੀ ਹੈ।

## ਈ.ਡੀ. ਵੱਲੋਂ ਪੰਜਾਬੀ ਯੂਨੀਵਰਸਿਟੀ ਸਕਾਲਰਸ਼ਿਪ ਘਪਲੇ 'ਚ ਜਾਂਚ ਆਰੰਭ

**ਪਟਿਆਲਾ, (ਪੰਜਾਬ ਮੇਲ)**- ਇਥੇ ਪੰਜਾਬੀ ਯੂਨੀਵਰਸਿਟੀ ਵਿਚ ਕੁਝ ਸਾਲ ਪਹਿਲਾਂ ਹੋਏ ਕਰੋੜਾਂ ਰੁਪਏ ਦੇ ਕਥਿਤ ਸਕਾਲਰਸ਼ਿਪ ਘਪਲੇ ਦੇ ਮਾਮਲੇ ਵਿਚ ਹੁਣ ਕੇਂਦਰ ਸਰਕਾਰ ਦੀ ਪ੍ਰਮੁੱਖ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਸਤਕ ਦੇ ਦਿੱਤੀ ਹੈ। ਈ.ਡੀ. ਨੇ ਇਸ ਮਾਮਲੇ ਦੀ ਮਨੀ ਲਾਂਡਰਿੰਗ ਰੋਕੂ ਐਕਟ 2002 ਤਹਿਤ ਜਾਂਚ ਸ਼ੁਰੂ ਕੀਤੀ ਹੈ। ਕੇਂਦਰੀ ਏਜੰਸੀ ਨੇ ਪਟਿਆਲਾ ਦੇ ਸਬ-ਰਜਿਸਟਰਾਰ ਦਫ਼ਤਰ ਨੂੰ ਪੱਤਰ ਲਿਖ ਕੇ ਮਾਮਲੇ ਦੇ ਮੁੱਖ ਮੁਲਜ਼ਮਾਂ ਦੀਆਂ ਜਾਇਦਾਦਾਂ ਦਾ ਰਿਕਾਰਡ ਮੰਗਿਆ ਹੈ। ਜਾਣਕਾਰੀ ਅਨੁਸਾਰ ਈ.ਡੀ. ਨੇ ਮੁੱਖ ਮੁਲਜ਼ਮ ਨਿਸ਼ੂ ਚੌਧਰੀ ਨਾਲ ਸਬੰਧਤ 20 ਤੋਂ ਵੱਧ ਜਾਇਦਾਦਾਂ ਦੇ ਵੇਰਵੇ ਮੰਗੇ ਹਨ। ਇਸ ਤੋਂ ਇਲਾਵਾ ਕਵਿਤਾ ਚੌਧਰੀ, ਰਵੀ ਕਪੂਰ ਅਤੇ ਪੂਜਾ ਕਪੂਰ ਦੇ ਨਾਂ 'ਤੇ ਦਰਜ ਜਾਇਦਾਦਾਂ ਦਾ ਰਿਕਾਰਡ ਵੀ ਤਲਬ ਕੀਤਾ ਗਿਆ ਹੈ। ਪੱਤਰ ਵਿਚ ਦਰਜ ਸਾਰੀਆਂ ਜਾਇਦਾਦਾਂ ਯੂਨੀਵਰਸਿਟੀ ਨੇੜਲੇ ਪਿੰਡ ਡੀਲਵਾਲ ਵਿਚ ਸਥਿਤ ਹਨ। ਮਾਮਲੇ ਦੀ ਜਾਂਚ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਬਣਾਈ ਜਾਂਚ ਕਮੇਟੀ ਆਪਣੀ ਰਿਪੋਰਟ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਸੌਂਪ ਚੁੱਕੀ ਹੈ।

# ਵੈਨੇਜ਼ੁਏਲਾ ਭੂਚਾਲ 'ਚ ਮਰਨ ਵਾਲਿਆਂ ਦੀ ਗਿਣਤੀ 1700 ਤੋਂ ਪਾਰ

**ਲਾ ਗੁਏਰਾ, (ਪੰਜਾਬ ਮੇਲ)**- ਵੈਨੇਜ਼ੁਏਲਾ 'ਚ ਭੂਚਾਲ ਦੇ ਜ਼ਬਰਦਸਤ ਝਟਕਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੁਣ ਤੱਕ 1700 ਤੋਂ ਵੱਧ ਹੋ ਚੁੱਕੀ ਹੈ ਅਤੇ 5,000 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਰਾਹਤ ਸੰਸਥਾਵਾਂ ਵੱਲੋਂ ਭੂਚਾਲ ਕਾਰਨ ਨੁਕਸਾਨੀਆਂ ਇਮਾਰਤਾਂ ਦੇ ਮਲਬੇ ਹੇਠੋਂ ਲੋਕਾਂ ਨੂੰ ਕੱਢਣ ਦੀ ਮੁਹਿੰਮ ਜਾਰੀ ਹੈ।

ਇਸੇ ਦੌਰਾਨ ਉੱਤਰੀ ਰਾਜ ਲਾ ਗੁਏਰਾ ਦੇ ਆਫਤ ਪ੍ਰਭਾਵਿਤ ਖੇਤਰ 'ਚ 4.6 ਦੀ ਸ਼ਿੱਦਤ ਦਾ ਇੱਕ ਹੋਰ ਭੂਚਾਲ ਦਾ ਝਟਕਾ ਮਹਿਸੂਸ ਕੀਤਾ ਗਿਆ ਹੈ। ਰਾਹਤ ਏਜੰਸੀਆਂ ਨੇ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਹੈ। ਉੱਧਰ ਸੁਸਤ ਰਾਹਤ ਅਤੇ ਬਚਾਅ ਕਾਰਜਾਂ ਲਈ ਆਲੋਚਨਾ ਹੋਣ ਮਗਰੋਂ ਪੁਲਿਸ ਅਤੇ ਫੌਜ ਦੇ ਅਧਿਕਾਰੀਆਂ ਨੇ ਲਾ ਗੁਏਰਾ 'ਚ ਲੋੜਵੰਦਾਂ ਨੂੰ ਖਾਣ-ਪੀਣ ਦਾ ਸਾਮਾਨ ਵੰਡਿਆ। ਵੈਨੇਜ਼ੁਏਲਾ ਦੀ ਨੈਸ਼ਨਲ ਅਸੈਂਬਲੀ ਦੇ ਨੇਤਾ ਅਤੇ ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਦੇ ਭਰਾ ਜੌਰਜ ਰੋਡਰਿਗਜ਼ ਨੇ ਕਿਹਾ ਕਿ ਸਭ ਤੋਂ ਵੱਧ ਪ੍ਰਭਾਵਿਤ ਰਾਜ ਲਾ ਗੁਏਰਾ ਦੇ 90 ਫੀਸਦੀ ਹਿੱਸੇ



ਵਿਚ ਬਿਜਲੀ ਬਹਾਲ ਕਰ ਦਿੱਤੀ ਗਈ ਹੈ। ਪ੍ਰਸ਼ਾਸਨ ਨੇ ਬੇਘਰਿਆਂ ਲਈ 15 ਆਰਜ਼ੀ ਕੈਂਪ ਸਥਾਪਤ ਕੀਤੇ ਹਨ।

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਪਿਛਲੇ ਹਫ਼ਤੇ ਆਏ ਭੂਚਾਲਾਂ ਤੋਂ ਬਾਅਦ ਵੈਨੇਜ਼ੁਏਲਾ ਦੀ ਸਿਹਤ ਸੰਭਾਲ ਪ੍ਰਣਾਲੀ ਬਹੁਤ ਜ਼ਿਆਦਾ ਦਬਾਅ ਹੇਠ ਹੈ ਕਿਉਂਕਿ ਕੁਝ ਹਸਪਤਾਲਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਕੁਝ ਹਸਪਤਾਲਾਂ ਵਿਚ ਸਟਾਫ਼ ਦੀ ਕਮੀ ਹੈ। ਜਨੇਵਾ ਵਿਚ ਸੰਗਠਨ ਦੇ ਬੁਲਾਰੇ ਕ੍ਰਿਸਚੀਅਨ ਲਿੰਡਮੀਅਰ ਨੇ ਦੱਸਿਆ ਕਿ ਘੱਟੋ-ਘੱਟ ਤਿੰਨ ਸਿਹਤ ਕੇਂਦਰ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ ਅਤੇ 6 ਹੋਰ ਅੰਸ਼ਕ ਤੌਰ 'ਤੇ ਕੰਮ ਕਰ ਰਹੇ ਹਨ।

ਵੈਨੇਜ਼ੁਏਲਾ ਨੇ ਭੂਚਾਲ ਪੀੜਤਾਂ ਦੀ ਮਦਦ ਲਈ ਭਾਰਤੀ ਮੈਡੀਕਲ ਟੀਮ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ ਹੈ। 'ਅਪਰੇਸ਼ਨ ਅਸਿਸਤਾਦ' ਤਹਿਤ ਭਾਰਤੀ ਫੌਜ ਨੇ ਵੈਨੇਜ਼ੁਏਲਾ ਪਹੁੰਚ ਕੇ ਕਰਾਕਸ ਸਥਿਤ 'ਇੰਟਰਨੈਸ਼ਨਲ ਲਾ ਰਿਨਕੋਨਾਡਾ ਰੇਸਕੋਰਸ' ਵਿਚ ਤਜ਼ਰਬੇਕਾਰ ਡਾਕਟਰਾਂ ਦੀ ਟੀਮ ਨਾਲ ਫੀਲਡ ਹਸਪਤਾਲ ਸਥਾਪਤ ਕੀਤਾ ਹੈ। ਵੈਨੇਜ਼ੁਏਲਾ ਸਥਿਤ ਭਾਰਤੀ ਦੂਤਾਵਾਸ ਨੇ ਕਿਹਾ ਕਿ ਭਾਰਤ ਨੇ ਭੂਚਾਲ ਪੀੜਤਾਂ ਨੂੰ 'ਇਲਾਜ ਅਤੇ ਮਨੁੱਖੀ ਸੰਵੇਦਨਾ ਤਹਿਤ ਰਾਹਤ' ਪਹੁੰਚਾਉਣ ਦੇ ਯਤਨ ਤੇਜ਼ ਕਰ ਦਿੱਤੇ ਹਨ। ਦੂਤਾਵਾਸ ਨੇ ਕਿਹਾ, "ਮਨੁੱਖੀ ਸਰੋਤ ਅਤੇ ਵਿਦੇਸ਼ ਮਾਮਲਿਆਂ ਦੀ ਮੰਤਰੀ ਐਂਡਰੀਆ ਕੋਰਾਓ ਫਾਰੀਆ ਨੇ ਸਾਡੇ ਫੀਲਡ ਹਸਪਤਾਲ ਦਾ ਦੌਰਾ ਕੀਤਾ ਅਤੇ ਭੂਚਾਲ ਪੀੜਤਾਂ ਦੀ ਸਹਾਇਤਾ ਲਈ ਕੀਤੇ ਜਾ ਰਹੇ ਸਾਡੇ ਯਤਨਾਂ ਦੀ ਸ਼ਲਾਘਾ ਕੀਤੀ।"

# ਟਰੰਪ ਪ੍ਰਸ਼ਾਸਨ ਵੱਲੋਂ ਦੂਜੇ ਕਾਰਜਕਾਲ ਦੌਰਾਨ 10,000 ਤੋਂ ਵੱਧ ਸ਼ੱਕੀ ਗੈਂਗ ਮੈਂਬਰ ਗ੍ਰਿਫ਼ਤਾਰ ਦਾ ਦਾਅਵਾ

## ਡੀ.ਐੱਚ.ਐੱਸ. ਨੇ ਦੱਸਿਆ ਵੱਡਾ ਮੀਲ ਪੱਥਰ



ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਲਾਗੂਕਰਨ ਮੁਹਿੰਮ ਵਿਚ ਇੱਕ ਵੱਡੀ ਪ੍ਰਾਪਤੀ ਦਾ ਦਾਅਵਾ ਕਰਦਿਆਂ ਐਲਾਨ ਕੀਤਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਬਾਅਦ ਸੰਘੀ ਅਧਿਕਾਰੀਆਂ ਨੇ 10,000 ਤੋਂ ਵੱਧ ਸ਼ੱਕੀ ਗੈਂਗ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਾਰਵਾਈ ਅਮਰੀਕਾ ਵਿਚ ਹਿੰਸਕ ਅਪਰਾਧਾਂ ਨੂੰ ਰੋਕਣ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣ ਲਈ ਚਲਾਈ ਜਾ ਰਹੀ ਵਿਆਪਕ ਇਮੀਗ੍ਰੇਸ਼ਨ ਲਾਗੂਕਰਨ ਮੁਹਿੰਮ ਦਾ ਹਿੱਸਾ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਗੈਂਗ ਮੈਂਬਰਾਂ 'ਤੇ ਕਤਲ, ਜਾਨਲੇਵਾ ਹਥਿਆਰ ਨਾਲ ਹਮਲਾ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਰੈਕਟੀਅਰਿੰਗ ਸਾਜ਼ਿਸ਼, ਡਕੈਤੀ ਅਤੇ ਜ਼ਬਰਦਸਤੀ ਵਸੂਲੀ ਵਰਗੇ ਗੰਭੀਰ ਦੋਸ਼ ਹਨ। ਵਿਭਾਗ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਨੂੰ ਅਮਰੀਕੀ ਭਾਈਚਾਰਿਆਂ ਤੋਂ ਹਟਾਉਣਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਪਹਿਲੀ ਤਰਜੀਹ ਹੈ। ਹੋਮਲੈਂਡ ਸਕਿਓਰਿਟੀ ਸਕੱਤਰ ਮਾਰਕਵੇਨ ਮੁਲਿਨ ਨੇ ਇੱਕ ਬਿਆਨ ਵਿਚ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਅਗਵਾਈ ਹੇਠ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ 10,000 ਤੋਂ ਵੱਧ ਗੈਂਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਪਿਛਲੇ ਬਾਇਡਨ ਪ੍ਰਸ਼ਾਸਨ ਦੌਰਾਨ ਅਮਰੀਕਾ ਵਿਚ ਦਾਖ਼ਲ ਹੋਏ ਜਾਂ ਰਿਹਾਅ ਕੀਤੇ ਗਏ ਸਨ। ਮੁਲਿਨ ਨੇ ਕਿਹਾ, "ਇਹ ਗੈਂਗ ਮੈਂਬਰ ਕਤਲ, ਲੁੱਟ-ਖੋਹ, ਹਮਲਿਆਂ ਅਤੇ ਹੋਰ ਹਿੰਸਕ ਅਪਰਾਧਾਂ ਵਿਚ ਸ਼ਾਮਲ ਰਹੇ ਹਨ। ਹੁਣ ਸਿਕਿਓਰ ਅਮਰੀਕਾ ਐਕਟ ਦੇ ਲਾਗੂ ਹੋਣ ਤੋਂ ਬਾਅਦ ICE ਕੋਲ ਹੋਰ ਵੱਧ ਸਰੋਤ ਅਤੇ ਅਧਿਕਾਰ ਹਨ, ਜਿਸ ਨਾਲ ਅਜਿਹੇ ਅਪਰਾਧੀਆਂ ਖ਼ਿਲਾਫ਼ ਕਾਰਵਾਈ ਹੋਰ ਤੇਜ਼ ਕੀਤੀ ਜਾ ਰਹੀ ਹੈ।" ਡੀ.ਐੱਚ.ਐੱਸ. ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ 10,000ਵੇਂ ਸ਼ੱਕੀ ਗੈਂਗ ਮੈਂਬਰ ਵਜੋਂ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਜੇਵੀਅਰ ਹਰਨਾਂਡੇਜ਼ ਰੋਸਾਸ ਹੈ। ਵਿਭਾਗ ਦੇ ਅਨੁਸਾਰ ਉਹ ਮੈਕਸੀਕੋ ਦਾ ਇੱਕ ਗੈਰ-ਕਾਨੂੰਨੀ ਪ੍ਰਵਾਸੀ ਹੈ ਅਤੇ ਉਸ ਨੂੰ ਬਦਨਾਮ ਅਪਰਾਧਿਕ ਗੈਂਗ ਐੱਮ.ਐੱਸ.-13 ਦਾ ਕਥਿਤ ਮੈਂਬਰ ਮੰਨਿਆ ਜਾਂਦਾ ਹੈ।

ਡੀ.ਐੱਚ.ਐੱਸ. ਦੇ ਮੁਤਾਬਕ ਰੋਸਾਸ ਖ਼ਿਲਾਫ਼ ਪਹਿਲਾਂ ਕੋਕੇਨ ਰੱਖਣ ਦੇ ਦੋਸ਼ ਵਿਚ ਸਜ਼ਾ ਹੋ ਚੁੱਕੀ ਹੈ। ਇਸ ਤੋਂ ਇਲਾਵਾ ਉਸ ਨੂੰ ਅਗਵਾ ਕਰਨ ਅਤੇ ਹਥਿਆਰ ਰੱਖਣ ਸਮੇਤ ਹੋਰ ਮਾਮਲਿਆਂ ਵਿਚ ਵੀ ਪਹਿਲਾਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਹਾਲਾਂਕਿ ਅਦਾਲਤ ਵਿਚ ਇਨ੍ਹਾਂ ਦੋਸ਼ਾਂ ਦਾ ਅੰਤਿਮ ਨਿਰਣੇ ਵੱਖਰੀ ਕਾਨੂੰਨੀ ਪ੍ਰਕਿਰਿਆ ਰਾਹੀਂ ਹੋਵੇਗਾ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਸ ਦੀ ਇਮੀਗ੍ਰੇਸ਼ਨ ਨੀਤੀ ਦਾ ਮੁੱਖ ਉਦੇਸ਼ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣਾ ਹੈ, ਜਿਨ੍ਹਾਂ 'ਤੇ ਹਿੰਸਕ ਜਾਂ ਗੰਭੀਰ ਅਪਰਾਧਾਂ ਦੇ ਦੋਸ਼ ਹਨ। ਇਸ ਦੇ ਨਾਲ ਹੀ ICE ਵੱਲੋਂ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਨੂੰ ਇਮੀਗ੍ਰੇਸ਼ਨ ਅਦਾਲਤਾਂ ਵਿਚ ਪੇਸ਼ ਕਰਕੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਦੇਸ਼ ਨਿਕਾਲੇ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਹ ਮੁਹਿੰਮ ਅਮਰੀਕਾ ਦੀ ਇਮੀਗ੍ਰੇਸ਼ਨ ਲਾਗੂਕਰਨ ਨੀਤੀ ਨੂੰ ਪਹਿਲਾਂ ਨਾਲੋਂ ਕਾਫ਼ੀ ਸਖ਼ਤ ਬਣਾਉਂਦੀ ਹੈ। ਹਾਲਾਂਕਿ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਮਤ ਹੈ ਕਿ ਹਰ ਗ੍ਰਿਫ਼ਤਾਰ ਵਿਅਕਤੀ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਦਾ ਪੂਰਾ ਸੰਵਿਧਾਨਕ ਅਤੇ ਕਾਨੂੰਨੀ ਅਧਿਕਾਰ ਪ੍ਰਾਪਤ ਹੈ ਅਤੇ ਗ੍ਰਿਫ਼ਤਾਰੀ ਆਪਣੇ ਆਪ ਵਿਚ ਦੋਸ਼ ਸਾਬਤ ਹੋਣ ਦੇ ਬਰਾਬਰ ਨਹੀਂ ਹੁੰਦੀ।

ਟਰੰਪ ਪ੍ਰਸ਼ਾਸਨ ਇਸ ਅੰਕੜੇ ਨੂੰ ਆਪਣੀ ਇਮੀਗ੍ਰੇਸ਼ਨ ਅਤੇ ਜਨਤਕ ਸੁਰੱਖਿਆ ਨੀਤੀ ਦੀ ਇੱਕ ਵੱਡੀ ਉਪਲਬਧੀ ਵਜੋਂ ਪੇਸ਼ ਕਰ ਰਿਹਾ ਹੈ, ਜਦਕਿ ਇਸ ਦੇ ਆਲੋਚਕ ਇਸ ਮੁਹਿੰਮ ਦੇ ਦਾਇਰੇ, ਪ੍ਰਭਾਵ ਅਤੇ ਮਨੁੱਖੀ ਅਧਿਕਾਰਾਂ 'ਤੇ ਪੈਣ ਵਾਲੇ ਅਸਰਾਂ ਨੂੰ ਲੈ ਕੇ ਸਵਾਲ ਉਠਾ ਰਹੇ ਹਨ।

# ਅਮਰੀਕਾ ਦੇ ICE ਡਿਟੈਨਸ਼ਨ ਸੈਂਟਰਾਂ 'ਚ ਮੌਤਾਂ ਦੀ ਦਰ 10 ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ

## ਨਵੀਂ ਰਿਪੋਰਟ ਨਾਲ ਚਿੰਤਾ ਵਧੀ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਚੱਲ ਰਹੀ ਵੱਡੀ ਕਾਰਵਾਈ ਦੌਰਾਨ ਇੱਕ ਨਵੀਂ ਰਿਪੋਰਟ ਨੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਹਿਊਮਨ ਰਾਈਟਸ ਵਾਚ (ਐੱਚ.ਆਰ.ਡਬਲਯੂ.) ਅਤੇ ਫਿਜ਼ੀਸ਼ੀਅਨ ਫਾਰ ਹਿਊਮਨ ਰਾਈਟਸ (ਪੀ.ਐੱਚ.ਆਰ.) ਵੱਲੋਂ ਜਾਰੀ ਕੀਤੀ ਗਈ ਸਾਂਝੀ ਰਿਪੋਰਟ ਅਨੁਸਾਰ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਦੀ ਹਿਰਾਸਤ ਵਿਚ ਮੌਤਾਂ ਦੀ ਦਰ ਪਿਛਲੇ ਦਸ ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ।

ਰਿਪੋਰਟ ਮੁਤਾਬਕ ਜਨਵਰੀ 2025 ਵਿਚ ਟਰੰਪ ਦੇ ਵ੍ਹਾਈਟ ਹਾਊਸ ਵਾਪਸ ਆਉਣ ਤੋਂ ਬਾਅਦ ਹੁਣ ਤੱਕ ਘੱਟੋ-ਘੱਟ 52 ਲੋਕਾਂ ਦੀ ਮੌਤ ICE ਦੀ ਹਿਰਾਸਤ ਦੌਰਾਨ ਹੋ ਚੁੱਕੀ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ, ਨਵੇਂ ਡਿਟੈਨਸ਼ਨ ਸੈਂਟਰਾਂ ਦਾ ਵਿਸਥਾਰ ਅਤੇ ਲੰਬੇ ਸਮੇਂ ਤੱਕ ਹਿਰਾਸਤ ਵਿਚ ਰੱਖੇ ਜਾਣ ਕਾਰਨ ਸਿਹਤ ਸੇਵਾਵਾਂ 'ਤੇ ਭਾਰੀ ਦਬਾਅ ਪਿਆ ਹੈ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਜਨਵਰੀ 2025 ਤੋਂ ਜਨਵਰੀ 2026 ਦੇ ਵਿਚਕਾਰ ICE ਹਿਰਾਸਤ ਵਿਚ ਸਾਲਾਨਾ ਮੌਤ ਦਰ ਪਿਛਲੇ ਸਾਲ ਦੇ ਮੁਕਾਬਲੇ 140 ਫ਼ੀਸਦੀ ਵਧੀ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਵਾਧਾ ਸਿਰਫ਼ ਡਿਟੇਨੀਆਂ ਦੀ ਵਧੀ ਹੋਈ ਗਿਣਤੀ ਨਾਲ ਨਹੀਂ ਸਮਝਾਇਆ ਜਾ ਸਕਦਾ। ਉਨ੍ਹਾਂ ਦੇ ਅਨੁਸਾਰ ਮੌਤਾਂ ਦੀ ਦਰ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਨਾਲੋਂ ਲਗਭਗ ਚਾਰ ਗੁਣਾ ਅਤੇ ਟਰੰਪ ਦੇ ਪਹਿਲੇ ਕਾਰਜਕਾਲ (2017-2021) ਨਾਲੋਂ ਵੀ ਦੁੱਗਣੀ ਤੋਂ ਵੱਧ ਹੈ।

ਹਿਊਮਨ ਰਾਈਟਸ ਵਾਚ ਦੀ ਖੋਜਕਰਤਾ ਰੀਗਨ ਵਿਲੀਅਮਜ਼, ਜੋ ਇਸ ਰਿਪੋਰਟ ਦੀ ਸਹਿ-ਲੇਖਕ ਵੀ ਹਨ, ਨੇ ਕਿਹਾ ਕਿ ICE ਹਿਰਾਸਤ ਵਿਚ ਮੌਤਾਂ ਦੀ ਦਰ ਤੇਜ਼ੀ ਨਾਲ ਵਧੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਇਸ ਸੰਕਟ ਨੂੰ ਦੂਰ ਕਰਨ ਦੀ ਬਜਾਏ ਹੋਰ ਵੱਧ ਲੋਕਾਂ ਨੂੰ ਲੰਬੇ ਸਮੇਂ ਲਈ ਹਿਰਾਸਤ ਵਿਚ ਰੱਖਣ 'ਤੇ ਆਪਣੇ ਸਰੋਤ ਖਰਚ ਕਰ ਰਿਹਾ ਹੈ।

ਰਿਪੋਰਟ ਵਿਚ ਕਈ ਮਾਮਲਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇੱਕ 44 ਸਾਲਾ ਯੂਕਰੇਨੀ ਵਿਅਕਤੀ ਨੂੰ ਹਿਰਾਸਤ ਦੌਰਾਨ ਸਟ੍ਰੋਕ ਆਇਆ, ਪਰ ਦੌਰੇ ਵਰਗੇ ਸਪੱਸ਼ਟ ਲੱਛਣ ਹੋਣ ਦੇ ਬਾਵਜੂਦ ਉਸ ਨੂੰ ਸਮੇਂ ਸਿਰ ਢੁੱਕਵਾਂ ਇਲਾਜ ਨਹੀਂ ਮਿਲਿਆ। ਇੱਕ ਹੋਰ ਮਾਮਲੇ ਵਿਚ 39 ਸਾਲਾ ਮੈਕਸੀਕਨ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।


Dr. Sukhsimranjit Singh

LL.M., Ph.D

Mediator & Arbitrator, JAMS

Winner of SCMA Peacemaker Award.

Former: Dean of Straus Institute, Pepperdine University; Faculty member of Hamline University & Willamette University.

Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager : Julie McCool Email: jmccool@jamsadr.com

Call : +1 503 910 8767

SA

www.singhadr.com

Mediation - ◊ Save Money ◊ Save Time ◊ Save Your relationship

• LOS ANGELES 555 W 5th St

• SAN FRANCISCO 2 Embarcadero Center

• SACRAMENTO 2 Embarcadero 1415 L St # 700

• VISALIA 1300 W Main Street

• NEW YORK 1414 6th Ave

*863

# ਕੇਂਦਰ ਵੱਲੋਂ ਪਹਿਲੀ ਜੁਲਾਈ ਤੋਂ ਪਾਸਪੋਰਟ ਨਿਯਮਾਂ 'ਚ ਬਦਲਾਅ

**ਬੱਚਿਆਂ ਅਤੇ ਬਜ਼ੁਰਗਾਂ ਨੂੰ ਮਿਲੇਗੀ 10 ਫ਼ੀਸਦੀ ਫ਼ੀਸ 'ਚ ਛੋਟ**



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਪਾਸਪੋਰਟ ਬਣਵਾਉਣ ਵਾਲਿਆਂ ਨੂੰ 1 ਜੁਲਾਈ 2026 ਤੋਂ ਨਵੀਆਂ ਦਰਾਂ ਅਨੁਸਾਰ ਫ਼ੀਸ ਅਦਾ ਕਰਨੀ ਪਵੇਗੀ। ਵਿਦੇਸ਼ ਮੰਤਰਾਲੇ ਨੇ ਪਾਸਪੋਰਟ ਨਿਯਮਾਂ ਵਿਚ ਸੋਧ ਕਰਦੇ ਹੋਏ ਅਧਿਸੂਚਨਾ ਜਾਰੀ ਕੀਤੀ ਹੈ।

ਪਾਸਪੋਰਟ (ਸੋਧ) ਨਿਯਮ, 2026 ਤਹਿਤ ਪਾਸਪੋਰਟ ਨਿਯਮ 1980 ਦੀ ਸੂਚੀ-4 ਨੂੰ ਬਦਲ ਕੇ ਨਵਾਂ ਅਤੇ ਵਿਸਥਾਰਤ ਫ਼ੀਸ ਢਾਂਚਾ ਲਾਗੂ ਕੀਤਾ ਗਿਆ ਹੈ। ਇਸ ਵਿਚ ਵੱਖ-ਵੱਖ ਸ਼੍ਰੇਣੀਆਂ ਦੇ ਬਿਨੈਕਾਰਾਂ, ਯਾਤਰਾ ਦਸਤਾਵੇਜ਼ਾਂ ਅਤੇ ਹੋਰ ਪਾਸਪੋਰਟ ਸੇਵਾਵਾਂ ਲਈ ਨਵੀਆਂ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ।

ਨਵੇਂ ਨਿਯਮਾਂ ਅਨੁਸਾਰ 8 ਸਾਲ ਤੱਕ ਦੀ ਉਮਰ ਦੇ ਬੱਚਿਆਂ ਅਤੇ 60 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਸਿਟੀਜ਼ਨ ਨੂੰ ਨਵੇਂ ਪਾਸਪੋਰਟ ਬਣਵਾਉਣ ਲਈ ਅਪਲਾਈ ਕਰਨ 'ਤੇ 10 ਫ਼ੀਸਦੀ ਫ਼ੀਸ ਛੋਟ ਦਿੱਤੀ ਜਾਵੇਗੀ। ਇਹ ਛੋਟ ਸਿਰਫ਼ ਭਾਰਤ ਦੇ ਅੰਦਰ ਕੀਤੀਆਂ ਜਾਣ ਵਾਲੀਆਂ ਨਵੀਆਂ ਅਰਜ਼ੀਆਂ 'ਤੇ ਹੀ ਲਾਗੂ ਹੋਵੇਗੀ। ਪਾਸਪੋਰਟ ਦੀ ਰਿ-ਇਸ਼ੂ ਜਾਂ ਨਵੀਨੀਕਰਨ ਅਰਜ਼ੀ 'ਤੇ ਇਹ ਰਿਆਇਤ ਨਹੀਂ ਮਿਲੇਗੀ। ਸਰਕਾਰ ਦਾ ਮੰਨਣਾ ਹੈ ਕਿ ਪਹਿਲੀ ਵਾਰ ਆਪਣੇ ਬੱਚਿਆਂ ਲਈ ਪਾਸਪੋਰਟ ਬਣਵਾਉਣ ਵਾਲੇ ਪਰਿਵਾਰਾਂ ਅਤੇ ਪਹਿਲੀ ਵਾਰ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਬਜ਼ੁਰਗਾਂ ਨੂੰ ਇਸ ਨਾਲ ਆਰਥਿਕ ਰਾਹਤ ਮਿਲੇਗੀ।

18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਿਨੈਕਾਰਾਂ ਅਤੇ ਬਾਲਗ ਸ਼੍ਰੇਣੀ ਵਿਚ ਅਰਜ਼ੀ ਦੇਣ ਵਾਲੇ 15 ਤੋਂ 18 ਸਾਲ ਦੇ ਨਾਬਾਲਗਾਂ ਲਈ 36 ਸਫ਼ਿਆਂ ਵਾਲੇ ਨਵੇਂ ਜਾਂ ਰਿ-ਇਸ਼ੂ ਪਾਸਪੋਰਟ ਦੀ ਫ਼ੀਸ ਭਾਰਤ ਵਿਚ ਨਾਰਮਲ ਸ਼੍ਰੇਣੀ ਅਧੀਨ 2,500 ਰੁਪਏ ਅਤੇ ਤਤਕਾਲ ਸ਼੍ਰੇਣੀ ਅਧੀਨ 5,000 ਰੁਪਏ ਹੋਵੇਗੀ। ਵਿਦੇਸ਼ ਵਿਚ ਰਹਿਣ ਵਾਲੇ ਭਾਰਤੀ ਬਿਨੈਕਾਰਾਂ ਲਈ ਇਹ ਫ਼ੀਸ ਕ੍ਰਮਵਾਰ 125 ਅਮਰੀਕੀ ਡਾਲਰ ਅਤੇ 250 ਅਮਰੀਕੀ ਡਾਲਰ ਹੋਵੇਗੀ। 60 ਸਫ਼ਿਆਂ ਵਾਲੇ ਪਾਸਪੋਰਟ ਲਈ ਨਾਰਮਲ ਸ਼੍ਰੇਣੀ ਵਿਚ 3,500 ਰੁਪਏ ਅਤੇ ਤਤਕਾਲ ਸ਼੍ਰੇਣੀ ਵਿਚ 6,000 ਰੁਪਏ ਦੇਣੇ ਪੈਣਗੇ। ਵਿਦੇਸ਼ਾਂ ਵਿਚ ਇਹ ਫ਼ੀਸ ਕ੍ਰਮਵਾਰ 175 ਡਾਲਰ ਅਤੇ 300 ਡਾਲਰ ਹੋਵੇਗੀ।

36 ਸਫ਼ਿਆਂ ਵਾਲਾ ਪਾਸਪੋਰਟ ਗੁੰਮ ਜਾਂ ਖ਼ਰਾਬ ਹੋਣ ਦੀ ਸਥਿਤੀ ਵਿਚ ਉਸ ਦੇ ਮੁੜ ਬਣਵਾਉਣ ਲਈ ਭਾਰਤ ਵਿਚ ਨਾਰਮਲ ਸ਼੍ਰੇਣੀ ਹੇਠ 5,000 ਰੁਪਏ ਅਤੇ ਤਤਕਾਲ ਸ਼੍ਰੇਣੀ ਹੇਠ 7,500 ਰੁਪਏ ਫ਼ੀਸ ਦੇਣੀ ਪਵੇਗੀ। ਵਿਦੇਸ਼ਾਂ ਵਿਚ ਰਹਿਣ ਵਾਲੇ ਬਿਨੈਕਾਰਾਂ ਲਈ ਇਹ ਫ਼ੀਸ 250 ਡਾਲਰ ਅਤੇ 375 ਡਾਲਰ ਹੋਵੇਗੀ। 60 ਸਫ਼ਿਆਂ ਵਾਲੇ ਪਾਸਪੋਰਟ ਲਈ ਭਾਰਤ ਵਿਚ ਨਾਰਮਲ ਸ਼੍ਰੇਣੀ ਹੇਠ 6,000 ਰੁਪਏ ਅਤੇ ਤਤਕਾਲ ਸ਼੍ਰੇਣੀ ਹੇਠ 8,500 ਰੁਪਏ ਫ਼ੀਸ ਨਿਰਧਾਰਤ ਕੀਤੀ ਗਈ ਹੈ। ਵਿਦੇਸ਼ਾਂ ਵਿਚ ਇਹ ਫ਼ੀਸ ਕ੍ਰਮਵਾਰ 300 ਡਾਲਰ ਅਤੇ 425 ਡਾਲਰ ਹੋਵੇਗੀ।

18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ 36 ਸਫ਼ਿਆਂ ਵਾਲੇ ਨਵੇਂ ਜਾਂ ਰਿ-ਇਸ਼ੂ ਪਾਸਪੋਰਟ ਦੀ ਫ਼ੀਸ ਨਾਰਮਲ ਸ਼੍ਰੇਣੀ ਵਿਚ 1,750 ਰੁਪਏ ਅਤੇ ਤਤਕਾਲ ਸ਼੍ਰੇਣੀ ਵਿਚ 4,250 ਰੁਪਏ ਹੋਵੇਗੀ। ਵਿਦੇਸ਼ਾਂ ਵਿਚ ਇਹ ਫ਼ੀਸ ਕ੍ਰਮਵਾਰ 90 ਡਾਲਰ ਅਤੇ 215 ਡਾਲਰ ਰਹੇਗੀ। ਜੇਕਰ ਨਾਬਾਲਗ ਦਾ ਪਾਸਪੋਰਟ ਗੁੰਮ ਜਾਂ ਖ਼ਰਾਬ ਹੋ ਜਾਂਦਾ ਹੈ, ਤਾਂ ਨਵੇਂ ਲਈ ਭਾਰਤ ਵਿਚ 4,250 ਰੁਪਏ (ਨਾਰਮਲ) ਅਤੇ 6,750 ਰੁਪਏ (ਤਤਕਾਲ) ਫ਼ੀਸ ਦੇਣੀ ਪਵੇਗੀ। ਵਿਦੇਸ਼ਾਂ ਵਿਚ ਇਹ ਫ਼ੀਸ ਕ੍ਰਮਵਾਰ 215 ਡਾਲਰ ਅਤੇ 340 ਡਾਲਰ ਹੋਵੇਗੀ।

ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਲਈ ਜਾਰੀ ਕੀਤੇ ਜਾਣ ਵਾਲੇ ਐਮਰਜੈਂਸੀ ਸਰਟੀਫਿਕੇਟ ਦੀ ਫ਼ੀਸ 15 ਅਮਰੀਕੀ ਡਾਲਰ ਰੱਖੀ ਗਈ ਹੈ। ਇਸ ਲਈ ਤਤਕਾਲ ਸੇਵਾ ਉਪਲਬਧ ਨਹੀਂ ਹੋਵੇਗੀ।

ਸਰਟੀਫਿਕੇਟ ਆਫ਼ ਆਈਡੈਂਟਿਟੀ ਲਈ ਭਾਰਤ ਵਿਚ 1,000 ਰੁਪਏ ਅਤੇ ਵਿਦੇਸ਼ਾਂ 'ਚ 50 ਡਾਲਰ ਫ਼ੀਸ ਨਿਰਧਾਰਤ ਕੀਤੀ ਗਈ ਹੈ। ਇਸ 'ਤੇ ਵੀ ਤਤਕਾਲ ਸੇਵਾ ਨਹੀਂ ਮਿਲੇਗੀ।

ਪੁਲਿਸ ਕਲੀਅਰੈਂਸ ਸਰਟੀਫਿਕੇਟ, ਸਰੰਡਰ ਸਰਟੀਫਿਕੇਟ, ਗਲੋਬਲ ਐਂਟਰੀ ਪ੍ਰੋਗਰਾਮ ਤਸਦੀਕ ਅਤੇ ਹੋਰ ਪਾਸਪੋਰਟ ਸਬੰਧੀ ਸਰਟੀਫਿਕੇਟਾਂ ਲਈ ਭਾਰਤ ਵਿਚ 750 ਰੁਪਏ ਅਤੇ ਵਿਦੇਸ਼ਾਂ ਵਿਚ 40 ਡਾਲਰ ਫ਼ੀਸ ਤੈਅ ਕੀਤੀ ਗਈ ਹੈ। ਇਨ੍ਹਾਂ ਸੇਵਾਵਾਂ ਲਈ ਵੀ ਤਤਕਾਲ ਸ਼੍ਰੇਣੀ ਉਪਲਬਧ ਨਹੀਂ ਹੋਵੇਗੀ।


ਨਵੀਂ ਅਧਿਸੂਚਨਾ ਅਨੁਸਾਰ ਬਾਲਗਾਂ ਨੂੰ ਜਾਰੀ ਕੀਤੇ ਜਾਣ ਵਾਲੇ ਪਾਸਪੋਰਟ ਦੀ ਵੱਧ ਤੋਂ ਵੱਧ ਮਿਆਦ 10 ਸਾਲ ਹੀ ਰਹੇਗੀ। ਨਾਬਾਲਗਾਂ ਨੂੰ ਜਾਰੀ ਪਾਸਪੋਰਟ 5 ਸਾਲ ਜਾਂ ਫਿਰ ਉਨ੍ਹਾਂ ਦੇ 18 ਸਾਲ ਦੀ ਉਮਰ ਪੂਰੀ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਵੈਧ ਰਹੇਗਾ।

ਪਾਸਪੋਰਟ ਨਿਯਮ, 1980 ਨੂੰ ਸਮੇਂ-ਸਮੇਂ 'ਤੇ ਪ੍ਰਸ਼ਾਸਨਿਕ ਅਤੇ ਆਰਥਿਕ ਲੋੜਾਂ ਅਨੁਸਾਰ ਸੋਧਿਆ ਜਾਂਦਾ ਰਿਹਾ ਹੈ। ਇਸ ਤੋਂ ਪਹਿਲਾਂ ਫਰਵਰੀ 2025 ਵਿਚ ਵੀ ਨਿਯਮਾਂ ਵਿਚ ਸੋਧ ਕੀਤੀ ਗਈ ਸੀ। ਹੁਣ ਜਾਰੀ ਕੀਤੀ ਗਈ ਇਹ ਸੋਧ 1 ਜੁਲਾਈ 2026 ਤੋਂ ਲਾਗੂ ਹੋਵੇਗੀ ਅਤੇ ਉਸ ਮਿਤੀ ਤੋਂ ਬਾਅਦ ਕੀਤੀਆਂ ਜਾਣ ਵਾਲੀਆਂ ਸਾਰੀਆਂ ਪਾਸਪੋਰਟ ਅਰਜ਼ੀਆਂ 'ਤੇ ਨਵਾਂ ਫ਼ੀਸ ਢਾਂਚਾ ਲਾਗੂ ਕੀਤਾ ਜਾਵੇਗਾ।


## MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਮਨੀ ਲਾਂਡਰਿੰਗ ਮਾਮਲਾ: ਸੁਪਰੀਮ ਕੋਰਟ ਵੱਲੋਂ ਜੈਕਲੀਨ ਨੂੰ ਪਟੀਸ਼ਨ ਵਾਪਸ ਲੈਣ ਦੀ ਦਿੱਤੀ ਇਜਾਜ਼ਤ



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਵੀਰਵਾਰ ਨੂੰ ਅਦਾਕਾਰਾ ਜੈਕਲੀਨ ਫਰਨਾਂਡੀਜ਼ ਨੂੰ ਉਹ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ, ਜਿਸ ਵਿਚ ਉਸ ਨੇ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਵਿਚ ਆਪਣੇ ਖ਼ਿਲਾਫ਼ ਦੋਸ਼ ਤੈਅ ਕਰਨ ਦੇ ਦਿੱਲੀ ਦੀ ਇਕ ਅਦਾਲਤ ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਬੀ.ਵੀ. ਨਾਗਰਤਨਾ ਤੇ ਜਸਟਿਸ ਜੌਏਮਾਲਿਆ ਬਾਗਚੀ ਦੀ ਬੈਂਚ ਨੇ ਕਿਹਾ, "ਪਟੀਸ਼ਨਕਰਤਾ (ਅਦਾਕਾਰਾ) ਦੇ ਵਕੀਲ ਨੇ ਕਾਨੂੰਨ ਮੁਤਾਬਕ ਸਹੀ ਉਪਾਅ ਅਪਣਾਉਣ ਦੀ ਛੋਟ ਦੇ ਨਾਲ ਇਸ ਵਿਸ਼ੇਸ਼ ਇਜਾਜ਼ਤ ਪਟੀਸ਼ਨ ਨੂੰ ਵਾਪਸ ਲੈਣ ਦੀ ਇਜਾਜ਼ਤ ਮੰਗੀ ਹੈ।"

ਸਰਵਉੱਚ ਅਦਾਲਤ ਨੇ ਪਟੀਸ਼ਨਕਰਤਾ ਦੀ ਬੇਨਤੀ ਅਨੁਸਾਰ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ। ਦਿੱਲੀ ਦੀ ਇਕ ਅਦਾਲਤ ਨੇ 30 ਮਈ ਨੂੰ ਇਸ ਮਾਮਲੇ ਵਿਚ ਅਦਾਕਾਰਾ ਜੈਕਲੀਨ, ਕਥਿਤ ਠੱਗ ਸੁਕੇਸ਼ ਚੰਦਰਸ਼ੇਖਰ ਅਤੇ 15 ਹੋਰ ਲੋਕਾਂ ਖ਼ਿਲਾਫ਼ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਸੀ। ਜੈਕਲੀਨ ਨੇ ਇਸ ਹੁਕਮ ਦੇ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ।

# ਭਾਰਤੀ ਦੂਤਾਵਾਸ ਵੱਲੋਂ ਈਰਾਨ ਯਾਤਰਾ ਬਾਰੇ ਭਾਰਤੀਆਂ ਲਈ ਨਵੀਂ ਐਡਵਾਇਜ਼ਰੀ ਜਾਰੀ




**ਨਵੀ ਦਿੱਲੀ, (ਪੰਜਾਬ ਮੇਲ)-** ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਸਥਿਤ ਭਾਰਤੀ ਦੂਤਾਵਾਸ ਨੇ ਈਰਾਨ ਯਾਤਰਾ ਬਾਰੇ ਇੱਕ ਨਵੀਂ ਐਡਵਾਇਜ਼ਰੀ ਜਾਰੀ ਕੀਤੀ ਹੈ। ਦੂਤਾਵਾਸ ਨੇ ਕਿਹਾ ਕਿ ਭਾਵੇਂ ਈਰਾਨ ਵਿਚ ਸੁਰੱਖਿਆ ਸਥਿਤੀ ਵਿਚ ਸੁਧਾਰ ਹੋਇਆ ਹੈ, ਪਰ ਭਾਰਤੀ ਨਾਗਰਿਕਾਂ ਨੂੰ ਅਜੇ ਵੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣਾ ਚਾਹੀਦਾ ਹੈ। ਇਸ ਸਮੇਂ ਈਰਾਨ ਵਿਚ ਰਹਿਣ ਵਾਲੇ ਭਾਰਤੀ ਨਾਗਰਿਕਾਂ ਜਾਂ ਜਿਨ੍ਹਾਂ ਨੂੰ ਜ਼ਰੂਰੀ ਕੰਮ ਲਈ ਉੱਥੇ ਯਾਤਰਾ ਕਰਨੀ ਪੈਂਦੀ ਹੈ, ਨੂੰ ਬਹੁਤ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ। ਦੂਤਾਵਾਸ ਨੇ ਨਾਗਰਿਕਾਂ ਨੂੰ ਸਥਾਨਕ ਖ਼ਬਰਾਂ ਦੀ ਜਾਣਕਾਰੀ ਰੱਖਣ ਅਤੇ ਅਧਿਕਾਰੀਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਸਾਰੇ ਭਾਰਤੀਆਂ ਨੂੰ ਦੂਤਾਵਾਸ ਵਿਚ ਰਜਿਸਟ੍ਰੇਸ਼ਨ ਕਰਾਉਣ ਦੀ ਸਲਾਹ ਦਿੱਤੀ ਗਈ ਹੈ, ਤਾਂ ਜੋ ਲੋੜ ਪੈਣ 'ਤੇ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਦੂਤਾਵਾਸ ਨੇ ਕਿਸੇ ਵੀ ਐਮਰਜੈਂਸੀ ਲਈ ਹੈਲਪਲਾਈਨ ਨੰਬਰ (+989128109115, +98912-8109109, +989128109102, +989932179359) ਵੀ ਜਾਰੀ ਕੀਤੇ ਹਨ।

ਦੂਤਾਵਾਸ ਨੇ ਐਕਸ 'ਤੇ ਲਿਖਿਆ, "ਤਹਿਰਾਨ ਵਿਚ ਭਾਰਤ ਦਾ ਦੂਤਾਵਾਸ ਇਸਲਾਮਿਕ ਗਣਰਾਜ ਈਰਾਨ 'ਚ ਮੌਜੂਦਾ ਸੁਰੱਖਿਆ ਸਥਿਤੀ ਦੀ ਨੇੜਿਓਂ ਨਿਗਰਾਨੀ ਕਰ ਰਿਹਾ ਹੈ। ਹਾਲ ਹੀ ਵਿਚ ਸਕਾਰਾਤਮਕ ਵਿਕਾਸ ਅਤੇ ਸਮੁੱਚੀ ਸਥਿਤੀ ਵਿਚ ਸੁਧਾਰ ਦੇ ਮੱਦੇਨਜ਼ਰ, ਦੂਤਾਵਾਸ ਉਨ੍ਹਾਂ ਭਾਰਤੀ ਨਾਗਰਿਕਾਂ ਲਈ ਇਕ ਸੋਧੀ ਸਲਾਹ ਜਾਰੀ ਕਰਨਾ ਚਾਹੁੰਦਾ ਹੈ, ਜੋ ਈਰਾਨ ਦੀ ਯਾਤਰਾ ਕਰਨ ਬਾਰੇ ਵਿਚਾਰ ਕਰ ਰਹੇ ਹਨ। ਹਾਲ ਹੀ ਵਿਚ ਹੋਏ ਸੁਧਾਰਾਂ ਦੇ ਬਾਵਜੂਦ, ਭਾਰਤੀ ਨਾਗਰਿਕਾਂ ਨੂੰ ਅਗਲੇ ਨੋਟਿਸ ਤੱਕ ਈਰਾਨ ਦੀ ਸਾਰੀਆਂ ਗੈਰ-ਜ਼ਰੂਰੀ ਯਾਤਰਾਵਾਂ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ।"

ਇਹ ਕਦਮ ਅਮਰੀਕਾ ਅਤੇ ਈਰਾਨ ਵਿਚਕਾਰ ਹੋਏ ਸਮਝੌਤੇ ਤੋਂ ਬਾਅਦ ਚੁੱਕਿਆ ਗਿਆ ਹੈ। 17 ਜੂਨ ਨੂੰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਯੁੱਧ ਨੂੰ ਖਤਮ ਕਰਨ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਸਨ। ਇਸ ਸਮਝੌਤੇ ਵਿਚ ਗੱਲਬਾਤ ਨੂੰ ਸੁਚਾਰੂ ਬਣਾਉਣ ਲਈ 60 ਦਿਨਾਂ ਦੀ ਜੰਗਬੰਦੀ ਦੀ ਵਿਵਸਥਾ ਕੀਤੀ ਗਈ ਸੀ। ਭਾਰਤ ਨੇ ਇਸ ਸਮਝੌਤੇ ਦਾ ਸਵਾਗਤ ਕੀਤਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਗੱਲਬਾਤ ਹੀ ਸ਼ਾਂਤੀ ਦਾ ਇੱਕੋ ਇੱਕ ਰਸਤਾ ਹੈ। ਭਾਰਤ ਨੇ ਹਮੇਸ਼ਾ ਤਣਾਅ ਘਟਾਉਣ ਅਤੇ ਕੂਟਨੀਤੀ ਦਾ ਸਮਰਥਨ ਕੀਤਾ ਹੈ। ਇਸ ਨਾਲ ਖੇਤਰ ਵਿਚ ਵਪਾਰ ਅਤੇ ਸ਼ਾਂਤੀ ਬਹਾਲ ਹੋਣ ਦੀ ਉਮੀਦ ਹੈ।

# ਭਾਰਤ ਸਰਕਾਰ ਦੀ ਵੱਡੀ ਸਪੱਸ਼ਟੀਕਰਨ: ਸਿਰਫ਼ ਭਾਰਤੀ ਪਾਸਪੋਰਟ ਹੋਣਾ ਭਾਰਤੀ ਨਾਗਰਿਕਤਾ ਦਾ ਕਾਨੂੰਨੀ ਸਬੂਤ ਨਹੀਂ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਦੇ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਵੱਲੋਂ ਦਿੱਤੀ ਗਈ ਇੱਕ ਮਹੱਤਵਪੂਰਨ ਸਪੱਸ਼ਟੀਕਰਨ ਨੇ ਦੁਨੀਆਂ ਭਰ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ, ਖ਼ਾਸ ਕਰਕੇ ਐੱਨ.ਆਰ.ਆਈ. (ਨ ਰੈਜ਼ੀਡੈਂਟ ਇੰਡੀਅਨਜ਼) ਅਤੇ ਓ.ਸੀ.ਆਈ. (ਓਵਰਸੀਜ਼ ਸਿਟੀਜ਼ਨ ਆਫ ਇੰਡੀਆ) ਕਾਰਡਧਾਰਕਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀ ਪਾਸਪੋਰਟ ਸਿਰਫ਼ ਇੱਕ ਯਾਤਰਾ ਦਸਤਾਵੇਜ਼ ਹੈ, ਪਰ ਇਹ ਆਪਣੇ ਆਪ ਵਿਚ ਭਾਰਤੀ ਨਾਗਰਿਕਤਾ ਦਾ ਅੰਤਿਮ ਕਾਨੂੰਨੀ ਸਬੂਤ ਨਹੀਂ ਹੈ। ਇਹ ਸਪੱਸ਼ਟੀਕਰਨ 24 ਜੂਨ 2026 ਨੂੰ ਨਵੀਂ ਦਿੱਲੀ ਵਿਚ ਮਨਾਏ ਗਏ 14ਵੇਂ ਪਾਸਪੋਰਟ ਸੇਵਾ ਦਿਵਸ ਦੌਰਾਨ ਦਿੱਤਾ ਗਿਆ। ਸੀਨੀਅਰ ਐੱਮ.ਈ.ਏ. ਅਧਿਕਾਰੀਆਂ ਨੇ ਕਿਹਾ ਕਿ ਪਾਸਪੋਰਟ ਵਿਦੇਸ਼ ਯਾਤਰਾ ਦੌਰਾਨ ਧਾਰਕ ਦੀ ਪਛਾਣ ਅਤੇ ਰਾਸ਼ਟਰੀਅਤਾ ਦਰਸਾਉਂਦਾ ਹੈ, ਪਰ ਭਾਰਤੀ ਕਾਨੂੰਨਾਂ ਅਧੀਨ ਨਾਗਰਿਕਤਾ ਦਾ ਅੰਤਿਮ ਕਾਨੂੰਨੀ ਸਬੂਤ ਨਹੀਂ ਮੰਨਿਆ ਜਾ ਸਕਦਾ। ਇਹ ਟਿੱਪਣੀ ਉਸ ਵੇਲੇ ਸਾਹਮਣੇ ਆਈ, ਜਦੋਂ ਕੁਝ ਰਾਜਾਂ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਜਾਂਚ ਦੌਰਾਨ ਇਹ ਸਵਾਲ ਉੱਠਿਆ ਕਿ ਕੀ ਸਿਰਫ਼ ਭਾਰਤੀ ਪਾਸਪੋਰਟ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਵੋਟਰ ਸੂਚੀ ਵਿਚ ਸ਼ਾਮਲ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ। ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਨਾਗਰਿਕਤਾ ਦਾ ਫ਼ੈਸਲਾ ਸਿਰਫ਼ ਪਾਸਪੋਰਟ ਨਾਲ ਨਹੀਂ, ਸਗੋਂ ਹੋਰ ਕਾਨੂੰਨੀ ਰਿਕਾਰਡਾਂ ਅਤੇ ਸਰਕਾਰੀ ਦਸਤਾਵੇਜ਼ਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

# ਆਸਟ੍ਰੇਲੀਆ ’ਚ ਭਾਰਤੀ ਵਿਦਿਆਰਥਣ ਦੀ ਮੌਤ ਮਾਮਲੇ ’ਚ ਨਾਬਾਲਗ ਡਰਾਈਵਰ ’ਤੇ ਦੋਸ਼



**ਸਿਡਨੀ, (ਪੰਜਾਬ ਮੇਲ)-** ਪਰਥ ਦੇ ਬੈਂਟਲੀ ਇਲਾਕੇ ਵਿਚ ਇੱਕ ਸ਼ਾਪਿੰਗ ਸੈਂਟਰ ਦੇ ਕਾਰ ਪਾਰਕ ਵਿਚ ਵਾਪਰੇ ਦਰਦਨਾਕ ਹਾਦਸੇ ਵਿਚ ਨਵਾਂ ਮੋੜ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਭਾਰਤ ਤੋਂ ਆਈ 19 ਸਾਲਾ ਅੰਤਰਰਾਸ਼ਟਰੀ ਵਿਦਿਆਰਥਣ ਕੋਮਲਪ੍ਰੀਤ ਕੌਰ ਦੀ ਮਈ ਮਹੀਨੇ ਵਿਚ ਇੱਕ ਕਾਰ ਦੀ ਟੱਕਰ ਨਾਲ ਮੌਤ ਹੋ ਗਈ ਸੀ। ਹੁਣ ਇਸ ਘਟਨਾ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਇੱਕ ਕਿਸ਼ੋਰ ਡਰਾਈਵਰ ਵਿਰੁੱਧ ਦੋਸ਼ ਲਗਾਏ ਹਨ।

ਕੋਮਲਪ੍ਰੀਤ ਕੌਰ ਪੱਛਮੀ ਆਸਟ੍ਰੇਲੀਆ ਵਿਚ ਪੜ੍ਹਾਈ ਕਰ ਰਹੀ ਸੀ ਅਤੇ ਪਾਰਟ ਟਾਈਮ ਨੌਕਰੀ ਵੀ ਕਰਦੀ ਸੀ। ਪਰਿਵਾਰ ਅਤੇ ਦੋਸਤਾਂ ਮੁਤਾਬਕ ਉਹ ਭਵਿੱਖ ਲਈ ਵੱਡੇ ਸੁਪਨੇ ਲੈ ਕੇ ਆਸਟ੍ਰੇਲੀਆ ਆਈ ਸੀ। 17 ਮਈ ਦੀ ਰਾਤ ਬੈਂਟਲੀ ਪਲਾਜ਼ਾ ਦੇ ਕਾਰ ਪਾਰਕ ਵਿਚ ਉਹ ਇੱਕ ਕਾਰ ਦੀ ਲਪੇਟ ਵਿਚ ਆ ਗਈ। ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੁਖਦਾਈ ਘਟਨਾ ਤੋਂ ਬਾਅਦ ਭਾਈਚਾਰੇ ਵੱਲੋਂ ਸਹਿਯੋਗ ਕਰਦਿਆਂ ਉਸ ਦੀ ਦੇਹ ਭਾਰਤ ਭੇਜਣ ਲਈ ਹਜ਼ਾਰਾਂ ਡਾਲਰ ਫੰਡ ਇਕੱਠੇ ਕੀਤੇ ਗਏ। ਹੁਣ ਪੁਲਿਸ ਦੀ ਜਾਂਚ ਅੱਗੇ ਵਧਣ ਤੋਂ ਬਾਅਦ ਇੱਕ ਨਾਬਾਲਗ ਡਰਾਈਵਰ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਮਾਮਲਾ ਅਦਾਲਤ ਵਿਚ ਜਾਣ ਕਾਰਨ ਪੁਲਿਸ ਵੱਲੋਂ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

# ਲੰਡਨ ਅਦਾਲਤ ਵੱਲੋਂ ਨੀਰਵ ਮੋਦੀ ਨੂੰ 10.7 ਮਿਲੀਅਨ ਡਾਲਰ ਦਾ ਕਰਜ਼ਾ ਵਾਪਸ ਕਰਨ ਦਾ ਹੁਕਮ



**ਲੰਡਨ, (ਪੰਜਾਬ ਮੇਲ)-** ਪੰਜਾਬ ਨੈਸ਼ਨਲ ਬੈਂਕ (ਪੀ.ਐੱਨ.ਬੀ.) ਘੁਟਾਲੇ ਦੇ ਮੁੱਖ ਦੋਸ਼ੀ ਅਤੇ ਭਗੌੜੇ ਹੀਰਾ ਵਪਾਰੀ ਨੀਰਵ ਮੋਦੀ ਨੂੰ ਲੰਡਨ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਬੈਂਕ ਆਫ਼ ਇੰਡੀਆ ਦੇ ਹੱਕ ਵਿਚ ਫੈਸਲਾ ਸੁਣਾਉਂਦੇ ਹੋਏ, ਅਦਾਲਤ ਨੇ ਨੀਰਵ ਮੋਦੀ ਨੂੰ 10.7 ਮਿਲੀਅਨ ਡਾਲਰ (100 ਕਰੋੜ ਤੋਂ ਵੱਧ) ਦਾ ਕਰਜ਼ਾ ਵਾਪਸ ਕਰਨ ਦਾ ਹੁਕਮ ਦਿੱਤਾ। ਇਹ ਸਾਰੀ ਰਕਮ ਉਸ ਨਿੱਜੀ ਗਰੰਟੀ ਨਾਲ ਸਬੰਧਤ ਹੈ, ਜੋ ਨੀਰਵ ਮੋਦੀ ਨੇ ਬੈਂਕ ਨੂੰ ਦਿੱਤੀ ਸੀ, ਜਦੋਂ ਉਸਨੇ ਆਪਣੀ ਦੁਬਈ ਸਥਿਤ ਕੰਪਨੀ ਲਈ ਕਰਜ਼ਾ ਪ੍ਰਾਪਤ ਕੀਤਾ ਸੀ।

ਨੀਰਵ ਮੋਦੀ ਨੇ ਅਦਾਲਤ ਵਿਚ ਦਾਅਵਾ ਕੀਤਾ ਕਿ ਉਸਨੂੰ ਗਰੰਟੀ ਸੰਬੰਧੀ ਸਹੀ ਨੋਟਿਸ ਨਹੀਂ ਮਿਲਿਆ ਸੀ। ਇਸ ਲਈ, ਉਸਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਹਾਲਾਂਕਿ ਅਦਾਲਤ ਨੇ ਉਸਦੀ ਦਲੀਲ ਨੂੰ ਰੱਦ ਕਰ ਦਿੱਤਾ।

ਜੱਜ ਸਾਈਮਨ ਟਿੰਕਲਰ ਨੇ ਮਾਮਲੇ ਦੀ ਸੁਣਵਾਈ ਕਰਦੇ ਹੋਏ, 17 ਫਰਵਰੀ, 2018 ਨੂੰ ਨੀਰਵ ਮੋਦੀ ਦੇ ਇੱਕ ਈਮੇਲ ਨੂੰ ਮਹੱਤਵਪੂਰਨ ਸਬੂਤ ਵਜੋਂ ਮੰਨਿਆ। ਇਸ ਈਮੇਲ ਵਿਚ, ਨੀਰਵ ਮੋਦੀ ਨੇ ਸਵੀਕਾਰ ਕੀਤਾ ਕਿ ਪੀ.ਐੱਨ.ਬੀ. ਘੁਟਾਲੇ ਦੇ ਖੁਲਾਸੇ ਤੋਂ ਬਾਅਦ ਉਸਦੇ ਕਾਰੋਬਾਰ ’ਤੇ ਬਹੁਤ ਬੁਰਾ ਪ੍ਰਭਾਵ ਪਿਆ ਸੀ ਅਤੇ ਉਸਦੀਆਂ ਕੰਪਨੀਆਂ ਦਾ ਕੰਮਕਾਜ ਲਗਭਗ ਬੰਦ ਹੋ ਗਿਆ ਸੀ। ਉਸਨੇ ਇਹ ਵੀ ਸਵੀਕਾਰ ਕੀਤਾ ਕਿ ਉਸਨੂੰ ਆਪਣੇ ਬੈਂਕ ਕਰਜ਼ਿਆਂ ਦੀ ਅਦਾਇਗੀ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਦਾਲਤ ਨੇ ਕਿਹਾ ਕਿ ਇਹ ਈਮੇਲ ਸਪੱਸ਼ਟ ਤੌਰ ’ਤੇ ਦਰਸਾਉਂਦੀ ਹੈ ਕਿ ਨੀਰਵ ਮੋਦੀ ਆਪਣੀ ਵਿੱਤੀ ਸਥਿਤੀ ਅਤੇ ਬੈਂਕ ਦੀਆਂ ਮੰਗਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਇਸ ਲਈ, ਇਸ ਦਾਅਵੇ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਇਸ ਮਾਮਲੇ ਤੋਂ ਅਣਜਾਣ ਸੀ।

ਜੁਲਾਈ 2012 ਵਿਚ, ਬੈਂਕ ਆਫ਼ ਇੰਡੀਆ ਨੇ ਨੀਰਵ ਮੋਦੀ ਸਮੂਹ ਦੀ ਦੁਬਈ ਸਥਿਤ ਕੰਪਨੀ ਫਾਇਰਸਟਾਰ ਡਾਇਮੰਡ ਐੱਫ.ਜ਼ੈਡ.ਈ. ਨੂੰ ਕਰਜ਼ਾ ਦਿੱਤਾ। ਇਸ ਤੋਂ ਬਾਅਦ, ਅਗਸਤ 2013 ਵਿਚ, ਨੀਰਵ ਮੋਦੀ ਨੇ ਇੱਕ ਨਿੱਜੀ ਗਰੰਟੀ ’ਤੇ ਦਸਤਖਤ ਕੀਤੇ। 2018 ਵਿਚ ਪੀ.ਐੱਨ.ਬੀ. ਘੁਟਾਲੇ ਦੇ ਸਾਹਮਣੇ ਆਉਣ ਤੋਂ ਬਾਅਦ, ਬੈਂਕ ਨੇ ਕਰਜ਼ੇ ਦੀ ਵਸੂਲੀ ਲਈ ਨੋਟਿਸ ਜਾਰੀ ਕੀਤੇ, ਪਰ ਨੀਰਵ ਮੋਦੀ ਅਤੇ ਉਸਦੀ ਕੰਪਨੀ ਨੇ ਕੋਈ ਜਵਾਬ ਨਹੀਂ ਦਿੱਤਾ। ਹੁਣ, ਅਦਾਲਤ ਦੇ ਫੈਸਲੇ ਨਾਲ, ਬੈਂਕ ਨੇ ਇੱਕ ਵੱਡੀ ਕਾਨੂੰਨੀ ਸਫਲਤਾ ਪ੍ਰਾਪਤ ਕੀਤੀ ਹੈ।

# ਮਿਸੀਸਾਗਾ ’ਚ ਅਕਾਲੀ ਦਲ ਦੀ ਮੀਟਿੰਗ ਤੋਂ ਪਹਿਲਾਂ ਕਨਵੈਨਸ਼ਨ ਸੈਂਟਰ ਦੇ ਬਾਹਰ ਗੋਲੀਬਾਰੀ

**ਮਿਸੀਸਾਗਾ, (ਪੰਜਾਬ ਮੇਲ)-** ਕੈਨੇਡਾ ਦੌਰੇ ’ਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਦੀ ਮਿਸੀਸਾਗਾ ’ਚ ਹੋਣ ਵਾਲੀ ਆਖ਼ਰੀ ਮੀਟਿੰਗ ਉਸ ਵੇਲੇ ਰੱਦ ਕਰਨੀ ਪਈ, ਜਦੋਂ ਮੀਟਿੰਗ ਵਾਲੇ ਨੂਰ ਕਨਵੈਨਸ਼ਨ ਸੈਂਟਰ ਦੇ ਬਾਹਰ ਤੜਕੇ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਕੈਨੇਡੀਅਨ ਪੁਲਿਸ ਨੇ ਸਮਾਗਮ ਦੀ ਇਜਾਜ਼ਤ ਨਹੀਂ ਦਿੱਤੀ ਤੇ ਪਾਰਟੀ ਵਫ਼ਦ ਨੂੰ ਵਾਪਸ ਭੇਜ ਦਿੱਤਾ। ਜਾਣਕਾਰੀ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦਾ ਵਫ਼ਦ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰਵਾਸੀ ਪੰਜਾਬੀਆਂ ਨਾਲ ਸੰਪਰਕ ਮੁਹਿੰਮ ਤਹਿਤ ਕੈਨੇਡਾ ’ਚ ਵੱਖ-ਵੱਖ ਮੀਟਿੰਗਾਂ ਕਰ ਰਿਹਾ ਹੈ।

ਸ਼ਨੀਵਾਰ ਨੂੰ ਮਿਸੀਸਾਗਾ ਦੇ ਨੂਰ ਕਨਵੈਨਸ਼ਨ ਸੈਂਟਰ ’ਚ ਇਸ ਦੌਰੇ ਦੀ ਆਖ਼ਰੀ ਮੀਟਿੰਗ ਰੱਖੀ ਗਈ ਸੀ। ਜਦੋਂ ਵਫ਼ਦ ਸਮਾਗਮ ਵਾਲੀ ਥਾਂ ’ਤੇ ਪਹੁੰਚਿਆ, ਤਾਂ ਉੱਥੇ ਪੁਲਿਸ ਵੱਲੋਂ ਪੂਰੇ ਇਲਾਕੇ ਦੀ ਘੇਰਾਬੰਦੀ ਕੀਤੀ ਹੋਈ ਸੀ। ਕਨਵੈਨਸ਼ਨ ਸੈਂਟਰ ਦੇ ਸ਼ੀਸ਼ਿਆਂ ’ਤੇ ਗੋਲੀਆਂ ਦੇ ਨਿਸ਼ਾਨ ਵੀ ਦਿਖਾਈ ਦਿੱਤੇ। ਦੱਸਿਆ ਜਾ ਰਿਹਾ ਹੈ ਕਿ ਇਹ ਗੋਲੀਬਾਰੀ ਤੜਕੇ ਕਰੀਬ 2.30 ਵਜੇ ਹੋਈ ਸੀ। ਘਟਨਾ ਤੋਂ ਬਾਅਦ ਪੁਲਿਸ ਨੇ ਸੁਰੱਖਿਆ ਨੂੰ ਧਿਆਨ ’ਚ ਰੱਖਦਿਆਂ ਮੀਟਿੰਗ ਰੱਦ ਕਰ ਦਿੱਤੀ।

# ਆਸਟ੍ਰੇਲੀਆ ’ਚ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਜੁਰਮਾਨੇ ਦੁੱਗਣੇ ਕਰਨ ਦੀ ਤਿਆਰੀ

**ਮੈਲਬਰਨ, (ਪੰਜਾਬ ਮੇਲ)-** ਆਸਟ੍ਰੇਲੀਆ ਫੇਸਬੁੱਕ ਅਤੇ ਇੰਸਟਾਗ੍ਰਾਮ ਜਿਹੇ ਸੋਸ਼ਲ ਮੀਡੀਆ ਪਲੇਟਫਾਰਮਾਂ ਲਈ ਸੰਭਾਵੀ ਜੁਰਮਾਨੇ ਦੁੱਗਣੇ ਕਰਨ ਦੀ ਤਿਆਰੀ ’ਚ ਹੈ। ਇਹ ਪਲੇਟਫਾਰਮ ਆਸਟ੍ਰੇਲਿਆਈ ਬੱਚਿਆਂ ਨੂੰ ਸੋਸ਼ਲ ਮੀਡੀਆ ਖਾਤੇ ਬਣਾਉਣ ਤੋਂ ਰੋਕਣ ਵਿਚ ਨਾਕਾਮ ਰਹੇ ਹਨ। ਆਸਟ੍ਰੇਲੀਆ ਦੀ ਸੰਚਾਰ ਮੰਤਰੀ ਐਨਿਕਾ ਵੈੱਲਜ਼ ਨੇ ਸੋਮਵਾਰ ਨੂੰ ਕਿਹਾ ਕਿ 10 ਦਸੰਬਰ ਤੋਂ ਅਮਲ ਵਿਚ ਆਏ ਕਾਨੂੰਨਾਂ ਨੂੰ ਸਖ਼ਤ ਕਰਨ ਦੀ ਲੋੜ ਪਈ ਕਿਉਂਕਿ ਇਨ੍ਹਾਂ ਪਲੇਟਫਾਰਮਾਂ ਨੇ ਉਮਰ ਨਾਲ ਜੁੜੀਆਂ ਪਾਬੰਦੀਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਵੈੱਲਜ਼ ਨੇ ਆਸਟ੍ਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੂੰ ਕਿਹਾ, “ਅਸੀਂ ਸਾਰੇ ਇਸ ਗੱਲੋਂ ਸਹਿਮਤ ਹਾਂ ਕਿ ਇਹ ਸਕੀਮ ਹੁਣ ਦੇ ਮੁਕਾਬਲੇ ਬਿਹਤਰ ਤਰੀਕੇ ਨਾਲ ਕੰਮ ਕਰੇ, ਪਰ ਵੱਡੀਆਂ ਟੈੱਕ ਕੰਪਨੀਆਂ ਇਸ ਨੂੰ ਹਲਕੇ ਵਿਚ ਲੈ ਰਹੀਆਂ ਹਨ ਤੇ ਮਜ਼ਾਕ ਬਣਾਇਆ ਜਾ ਰਿਹਾ ਹੈ।” ਐਲਬਨੀਜ਼ ਸਰਕਾਰ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਉਹ ਲੋੜੀਂਦੀ ਪੇਸ਼ਕਦਮੀ ’ਚ ਨਾਕਾਮ ਪਲੇਟਫਾਰਮਾਂ ਨੂੰ ਲਾਏ ਜਾਣ ਵਾਲੇ ਵੱਧ ਤੋਂ ਵੱਧ 9.9 ਕਰੋੜ ਆਸਟ੍ਰੇਲੀਅਨ ਡਾਲਰ (6.8 ਕਰੋੜ ਅਮਰੀਕੀ ਡਾਲਰ) ਦੇ ਜੁਰਮਾਨੇ ਨੂੰ ਦੁੱਗਣਾ ਕਰਨ ਸਬੰਧੀ ਕਾਨੂੰਨ ਦਾ ਖਰੜਾ ਇਸ ਹਫ਼ਤੇ ਸੰਸਦ ਵਿਚ ਪੇਸ਼ ਕਰੇਗੀ।



# ਟਰੰਪ ਨੂੰ ਵੱਡਾ ਝਟਕਾ: ਫੈਡਰਲ ਜੱਜ ਵੱਲੋਂ ਮੇਲ-ਇਨ ਵੋਟਿੰਗ ਸੰਬੰਧੀ ਐਗਜ਼ਿਕਿਊਟਿਵ ਆਰਡਰ 'ਤੇ ਰੋਕ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੋਣ ਪ੍ਰਬੰਧ ਨਾਲ ਜੁੜੇ ਇੱਕ ਮਹੱਤਵਪੂਰਨ ਮਾਮਲੇ ਵਿਚ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਬੋਸਟਨ ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਉਸ ਐਗਜ਼ਿਕਿਊਟਿਵ ਆਰਡਰ ਦੇ ਦੋ ਅਹਿਮ ਹਿੱਸਿਆਂ 'ਤੇ ਰੋਕ ਲਾ ਦਿੱਤੀ ਹੈ, ਜਿਨ੍ਹਾਂ ਦਾ ਉਦੇਸ਼ ਮੇਲ-ਇਨ ਵੋਟਿੰਗ ਲਈ ਸਖ਼ਤ ਨਿਯਮ ਲਾਗੂ ਕਰਨਾ ਅਤੇ ਹਰ ਰਾਜ ਲਈ ਫੈਡਰਲ ਪੱਧਰ 'ਤੇ ਯੋਗ ਵੋਟਰਾਂ ਦੀ ਸੂਚੀ ਤਿਆਰ ਕਰਨਾ ਸੀ।

ਇਹ ਐਗਜ਼ਿਕਿਊਟਿਵ ਆਰਡਰ ਮਾਰਚ ਮਹੀਨੇ ਵਿਚ ਜਾਰੀ ਕੀਤਾ ਗਿਆ ਸੀ। ਇਸ ਅਧੀਨ ਹੋਮਲੈਂਡ ਸਕਿਓਰਿਟੀ ਸਕੱਤਰ ਨੂੰ ਸੋਸ਼ਲ ਸਕਿਓਰਿਟੀ ਪ੍ਰਸ਼ਾਸਨ ਦੇ ਡਾਟਾ ਦੀ ਮਦਦ ਨਾਲ ਹਰ ਰਾਜ ਦੇ ਯੋਗ ਅਮਰੀਕੀ ਨਾਗਰਿਕ ਵੋਟਰਾਂ ਦੀ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਨਾਲ ਹੀ, ਅਮਰੀਕੀ ਡਾਕ ਵਿਭਾਗ (ਯੂ.ਐੱਸ.ਪੀ.ਐੱਸ.) ਨੂੰ ਇਹ ਹੁਕਮ ਦਿੱਤਾ ਗਿਆ ਸੀ ਕਿ ਉਹ ਕੇਵਲ ਉਨ੍ਹਾਂ ਵਿਅਕਤੀਆਂ ਨੂੰ ਹੀ ਮੇਲ-ਇਨ ਜਾਂ ਐਬਸੈਂਟੀ ਬੈਲਟ ਭੇਜੇ, ਜੋ ਇਸ ਫੈਡਰਲ ਤੌਰ 'ਤੇ ਮਨਜ਼ੂਰਸ਼ੁਦਾ ਸੂਚੀ ਵਿਚ ਸ਼ਾਮਲ ਹੋਣ।

ਅਮਰੀਕੀ ਜ਼ਿਲ੍ਹਾ ਜੱਜ ਇੰਦਿਰਾ ਤਲਵਾਨੀ ਨੇ ਆਪਣੇ 37 ਸਫ਼ਿਆਂ ਦੇ ਫੈਸਲੇ ਵਿਚ ਕਿਹਾ ਕਿ ਨਾ ਤਾਂ ਕਾਂਗਰਸ ਅਤੇ ਨਾ ਹੀ ਰਾਸ਼ਟਰਪਤੀ ਕੋਲ ਰਾਜਾਂ ਦੀਆਂ ਵੋਟਰ ਸੂਚੀਆਂ ਬਣਾਉਣ ਜਾਂ ਵੋਟਰ ਯੋਗਤਾ ਤੈਅ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਸੰਵਿਧਾਨ ਅਤੇ ਮੌਜੂਦਾ ਫੈਡਰਲ ਕਾਨੂੰਨਾਂ ਅਨੁਸਾਰ ਇਹ ਅਧਿਕਾਰ ਰਾਜਾਂ ਕੋਲ ਹੀ ਰਹਿੰਦਾ ਹੈ।

ਜੱਜ ਤਲਵਾਨੀ ਨੇ ਕਿਹਾ ਕਿ ਫੈਡਰਲ ਸਰਕਾਰ ਕੋਲ ਐਸੀ ਕੋਈ ਸੰਪੂਰਨ ਅਤੇ ਸਹੀ ਨਾਗਰਿਕ ਸੂਚੀ ਤਿਆਰ ਕਰਨ ਦੀ ਸਮਰੱਥਾ ਨਹੀਂ ਹੈ, ਜਿਸ 'ਤੇ ਚੋਣ ਪ੍ਰਣਾਲੀ ਨਿਰਭਰ ਕਰ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਫੈਡਰਲ ਕਾਨੂੰਨ ਵਿਚ ਸਰਕਾਰ ਨੂੰ ਆਪਣਾ ਵੱਖਰਾ ਰਾਸ਼ਟਰੀ ਵੋਟਰ ਡਾਟਾਬੇਸ ਬਣਾਉਣ ਦਾ ਅਧਿਕਾਰ ਨਹੀਂ ਦਿੱਤਾ ਗਿਆ।

ਅਦਾਲਤ ਨੇ ਐਗਜ਼ੀਕਿਊਟਿਵ ਆਰਡਰ ਦੇ ਉਸ ਹਿੱਸੇ 'ਤੇ ਵੀ ਸਖ਼ਤ ਟਿੱਪਣੀ ਕੀਤੀ, ਜਿਸ ਵਿਚ ਅਟਾਰਨੀ ਜਨਰਲ ਨੂੰ ਉਨ੍ਹਾਂ ਰਾਜ ਅਤੇ ਸਥਾਨਕ ਚੋਣ ਅਧਿਕਾਰੀਆਂ ਖ਼ਿਲਾਫ਼ ਜਾਂਚ ਅਤੇ ਕਾਰਵਾਈ ਨੂੰ ਤਰਜੀਹ ਦੇਣ ਲਈ ਕਿਹਾ ਗਿਆ ਸੀ, ਜੋ ਫੈਡਰਲ ਸੂਚੀ ਦੀ ਵਰਤੋਂ ਤੋਂ ਬਿਨਾਂ ਚੋਣਾਂ ਕਰਵਾਉਣ। ਜੱਜ ਨੇ ਕਿਹਾ ਕਿ ਇਸ ਨਾਲ ਸਥਾਨਕ ਚੋਣ ਅਧਿਕਾਰੀਆਂ ਨੂੰ ਡਰਾਉਣ ਜਾਂ ਦਬਾਅ ਹੇਠ ਲਿਆਉਣ ਦੀ ਸਥਿਤੀ ਪੈਦਾ ਹੋ ਸਕਦੀ ਹੈ, ਜਿਸ ਨਾਲ ਚੋਣ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ।

ਇਸ ਤੋਂ ਇਲਾਵਾ ਅਦਾਲਤ ਨੇ ਇਹ ਵੀ ਕਿਹਾ ਕਿ ਅਮਰੀਕੀ ਡਾਕ ਵਿਭਾਗ ਨੂੰ ਮੇਲ-ਇਨ ਵੋਟਿੰਗ ਦੇ ਨਿਯਮ ਨਿਰਧਾਰਤ ਕਰਨ ਦਾ ਅਧਿਕਾਰ ਵੀ ਕਾਂਗਰਸ ਨੇ ਨਹੀਂ ਦਿੱਤਾ। ਇਸ ਲਈ ਐਗਜ਼ਿਕਿਊਟਿਵ ਆਰਡਰ ਵਿਚ ਯੂ.ਐੱਸ.ਪੀ.ਐੱਸ. ਨੂੰ ਦਿੱਤੇ ਗਏ ਨਿਰਦੇਸ਼ ਵੀ ਮੌਜੂਦਾ ਕਾਨੂੰਨੀ ਪ੍ਰਕਿਰਿਆ ਨਾਲ ਮੇਲ ਨਹੀਂ ਖਾਂਦੇ।


ਇਸ ਮਾਮਲੇ ਵਿਚ 23 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਉਨ੍ਹਾਂ ਦਾ ਦਲੀਲ ਸੀ ਕਿ ਰਾਜਾਂ ਦੇ ਚੋਣ ਪ੍ਰਬੰਧ ਵਿਚ ਫੈਡਰਲ ਦਖ਼ਲ ਸੰਵਿਧਾਨ ਦੇ ਖ਼ਿਲਾਫ਼ ਹੈ। ਜੱਜ ਤਲਵਾਨੀ ਨੇ ਰਾਜਾਂ ਦੀ ਇਸ ਦਲੀਲ ਨੂੰ ਸਵੀਕਾਰ ਕਰਦੇ ਹੋਏ ਐਗਜ਼ਿਕਿਊਟਿਵ ਆਰਡਰ ਦੇ ਵਿਵਾਦਤ ਪ੍ਰਬੰਧਾਂ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ।

## ਫਲੋਰੀਡਾ ਟਰੱਕ ਹਾਦਸਾ ਮਾਮਲਾ: ਟਰੱਕ ਡਰਾਈਵਰ ਹਰਜਿੰਦਰ ਸਿੰਘ ਮੁੜ ਅਦਾਲਤ 'ਚ ਪੇਸ਼

**ਫਲੋਰੀਡਾ, (ਪੰਜਾਬ ਮੇਲ)-** ਫਲੋਰੀਡਾ ਦੇ ਸੇਂਟ ਲੂਸੀ ਕਾਉਂਟੀ ਵਿਚ ਪਿਛਲੇ ਸਾਲ ਹੋਏ ਭਿਆਨਕ ਫਲੋਰੀਡਾ ਟਰਨਪਾਈਕ ਹਾਦਸੇ ਦੇ ਕੇਸ ਵਿਚ ਟਰੱਕ ਡਰਾਈਵਰ ਹਰਜਿੰਦਰ ਸਿੰਘ ਮੁੜ ਅਦਾਲਤ ਵਿਚ ਪੇਸ਼ ਹੋਇਆ। ਇਸ ਹਾਦਸੇ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਇਸ ਤੋਂ ਬਾਅਦ ਇਹ ਕੇਸ ਸਿਰਫ਼ ਇੱਕ ਸੜਕ ਦੁਰਘਟਨਾ ਦਾ ਮਾਮਲਾ ਨਹੀਂ ਰਿਹਾ, ਸਗੋਂ ਕਮਰਸ਼ੀਅਲ ਡਰਾਈਵਰ ਲਾਇਸੈਂਸਿੰਗ, ਇਮੀਗ੍ਰੇਸ਼ਨ ਸਟੇਟਸ, ਟਰੱਕਿੰਗ ਸੇਫਟੀ ਅਤੇ ਅੰਗਰੇਜ਼ੀ ਮੁਹਾਰਤ ਦੀਆਂ ਜ਼ਰੂਰਤਾਂ ਉੱਤੇ ਨੈਸ਼ਨਲ ਡਿਬੇਟ ਦਾ ਕਾਰਨ ਬਣ ਗਿਆ। ਸੀ.ਬੀ.ਐੱਸ.12/ ਡਬਲਯੂ.ਪੀ.ਈ.ਸੀ. ਦੀ ਰਿਪੋਰਟ ਮੁਤਾਬਕ ਹਰਜਿੰਦਰ ਸਿੰਘ 27 ਮਈ 2026 ਨੂੰ ਸੇਂਟ ਲੂਸੀ ਕਾਉਂਟੀ ਕੋਰਟਰੂਮ ਵਿਚ ਪੇਸ਼ ਹੋਇਆ। ਸੁਣਵਾਈ ਦੌਰਾਨ ਜੱਜ ਨੇ ਇੱਕ ਮੋਸ਼ਨ ਇਨਕਾਰ ਕਰ ਦਿੱਤੀ, ਜਿਸ ਵਿਚ ਕੇਸ ਨਾਲ ਜੁੜੇ ਇੱਕ ਅਟਾਰਨੀ ਦੀ ਨੋਟਿਸ ਆਫ ਅਪੀਅਰੈਂਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਹ ਸੁਣਵਾਈ ਉਸ ਵੇਲੇ ਹੋਈ, ਜਦੋਂ ਅਮਰੀਕੀ ਸੁਪਰੀਮ ਕੋਰਟ ਨੇ ਫਲੋਰੀਡਾ ਵੱਲੋਂ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਖ਼ਿਲਾਫ਼ ਕਮਰਸ਼ੀਅਲ ਡਰਾਈਵਰ ਲਾਇਸੈਂਸਿੰਗ ਪ੍ਰੈਕਟਿਸਿਸ ਨੂੰ ਲੈ ਕੇ ਦਾਇਰ ਮੁਕੱਦਮਾ ਸੁਣਨ ਤੋਂ ਇਨਕਾਰ ਕਰ ਦਿੱਤਾ ਸੀ।

## ਵੀਜ਼ਾ ਪ੍ਰਕ੍ਰਿਆ ਤੇਜ਼ ਕਰਨ ਲਈ ਏ.ਆਈ. ਦੀ ਵਰਤੋਂ ਕੀਤੀ ਜਾਵੇਗੀ : ਮੁਲਿਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਵੀਜ਼ਾ ਪ੍ਰਕਿਆ ਤੇਜ ਕਰਨ ਲਈ ਏ.ਆਈ. ਦੀ ਵਰਤੋਂ ਕਰੇਗਾ। ਹੋਮਲੈਂਡ ਸੁਰੱਖਿਆ ਸਕੱਤਰ ਮਾਰਕਵੇਨ ਮੁਲਿਨ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਅਮਰੀਕੀ ਵੀਜ਼ਾ ਪ੍ਰੋਸੈਸਿੰਗ ਅਤੇ ਕਾਨੂੰਨੀ ਇਮੀਗ੍ਰੇਸ਼ਨ ਸੇਵਾਵਾਂ ਵਿਚ ਸੁਧਾਰ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਇਕ ਯੋਜਨਾ ਬਣਾ ਰਿਹਾ ਹੈ, ਜਿਸ ਤਹਿਤ ਪ੍ਰਵਾਨਗੀਆਂ ਨੂੰ ਤੇਜ਼ ਕਰਨ, ਕਾਗਜ਼ੀ ਕਾਰਵਾਈ ਨੂੰ ਘਟਾਉਣ ਅਤੇ ਕੁਸ਼ਲਤਾ ਵਿਚ ਸੁਧਾਰ ਕਰਨ ਦੇ ਉਦੇਸ਼ ਨਾਲ ਇੱਕ ਨਵੀਂ ਮੋਬਾਈਲ ਐਪਲੀਕੇਸ਼ਨ ਸ਼ਾਮਲ ਕੀਤੀ ਜਾਵੇਗੀ। ਹੋਮਲੈਂਡ ਸੁਰੱਖਿਆ ਤੇ ਹਾਊਸ ਐਪਰੋਪ੍ਰੀਏਸ਼ਨ ਸਬ-ਕਮੇਟੀ ਦੇ ਸਾਹਮਣੇ ਪੇਸ਼ ਹੁੰਦੇ ਹੋਏ, ਮੁਲਿਨ ਨੇ ਕਿਹਾ ਕਿ ਹੋਮਲੈਂਡ ਸੁਰੱਖਿਆ ਵਿਭਾਗ ਸਖਤ ਸੁਰੱਖਿਆ ਜਾਂਚ ਨੂੰ ਕਾਇਮ ਰੱਖਦੇ ਹੋਏ ਕਾਨੂੰਨੀ ਪ੍ਰਵਾਸ ਨੂੰ ਤੇਜ਼ ਕਰਨ ਲਈ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਧੁਨਿਕ ਬਣਾ ਰਿਹਾ ਹੈ। ਉਨਾਂ ਕਿਹਾ ਕਿ ਪਹਿਲਾ ਏ.ਆਈ. ਸਮਰੱਥ ਪਲੇਟਫਾਰਮ 30 ਦਿਨਾਂ ਦੇ ਅੰਦਰ ਕਾਰਜਸ਼ੀਲ ਹੋ ਜਾਵੇਗਾ। ਮੁਲਿਨ ਨੇ ਕਿਹਾ ਕਿ ਸ਼ੁਰੂ ਵਿਚ



*ਹੋਮਲੈਂਡ ਸੁਰੱਖਿਆ ਸਕੱਤਰ ਮਾਰਕਵੇਨ ਮੁਲਿਨ।*

ਸਾਡਾ ਧਿਆਨ ਅਰਜ਼ੀਆਂ ਦੀ ਪ੍ਰਕਿਰਿਆ ਵਿਚ ਬੈਕਲਾਗ ਨੂੰ ਘਟਾਉਣ 'ਤੇ ਕੇਂਦਰਿਤ ਰਹੇਗਾ। ਮੁਲਿਨ ਨੇ ਕਿਹਾ ਕਿ ਵਿਭਾਗ ਆਪਣੀ ਅਰਜ਼ੀ ਪ੍ਰਕਿਰਿਆ ਨੂੰ ਵੀ ਮੁੜ ਤਿਆਰ ਕਰ ਰਿਹਾ ਹੈ, ਤਾਂ ਜੋ ਗਲਤੀਆਂ ਨੂੰ ਘੱਟ ਕੀਤਾ ਜਾ ਸਕੇ, ਜੋ ਅਕਸਰ ਵੀਜ਼ਾ ਪ੍ਰਵਾਨਗੀਆਂ ਵਿਚ ਦੇਰੀ ਦਾ ਕਾਰਨ ਬਣਦੀਆਂ ਹਨ। ਉਨਾਂ ਕਿਹਾ ਕਿ ਇਕ ਅਜਿਹੀ ਪ੍ਰਣਾਲੀ ਵਿਕਸਿਤ ਹੋਵੇਗੀ, ਜਿਸ ਤਹਿਤ ਓਦੋਂ ਤੱਕ ਕੋਈ ਵੀ ਦਰਖਾਸਤ ਜਮਾਂ ਨਹੀਂ ਹੋਵੇਗੀ, ਜਦੋਂ ਤੱਕ ਉਸ ਨੂੰ ਸਹੀ ਢੰਗ ਨਾਲ ਭਰ ਨਹੀਂ ਲਿਆ ਜਾਂਦਾ।

# ਅਮਰੀਕਾ ਵੀਜ਼ਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਵਿਚ ਏ.ਆਈ. ਲਿਆਉਣ ਦੀ ਤਿਆਰੀ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਵੀਜ਼ਾ ਪ੍ਰਕਿਰਿਆ ਅਤੇ ਕਾਨੂੰਨੀ ਇਮੀਗ੍ਰੇਸ਼ਨ ਸੇਵਾਵਾਂ ਨੂੰ ਤੇਜ਼ ਅਤੇ ਆਸਾਨ ਬਣਾਉਣ ਲਈ ਟਰੰਪ ਪ੍ਰਸ਼ਾਸਨ ਆਰਟੀਫ਼ਿਸ਼ਲ ਇੰਟੈਲੀਜੈਂਸ (ਏ.ਆਈ.) ਅਤੇ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਵੱਲ ਵੱਡਾ ਕਦਮ ਚੁੱਕਣ ਦੀ ਤਿਆਰੀ ਕਰ ਰਿਹਾ ਹੈ। ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦਾ ਕਹਿਣਾ ਹੈ ਕਿ ਨਵੀਂ ਡਿਜ਼ੀਟਲ ਪ੍ਰਣਾਲੀ ਦਾ ਉਦੇਸ਼ ਅਰਜ਼ੀਆਂ ਦਾ ਬੈਕਲਾਗ ਘਟਾਉਣਾ, ਕਾਗਜ਼ੀ ਕਾਰਵਾਈ ਨੂੰ ਘਟਾਉਣਾ ਅਤੇ ਛੋਟੀਆਂ ਗਲਤੀਆਂ ਕਾਰਨ ਹੋਣ ਵਾਲੀਆਂ ਦੇਰੀਆਂ ਨੂੰ ਖਤਮ ਕਰਨਾ ਹੈ।

ਹੋਮਲੈਂਡ ਸਕਿਓਰਿਟੀ ਸਕੱਤਰ ਮਾਰਕਵੇਨ ਮੁੱਲਿਨ ਨੇ ਹਾਊਸ ਅਪ੍ਰੋਪ੍ਰੀਏਸ਼ਨਜ਼ ਸਬਕਮੇਟੀ ਦੀ ਸੁਣਵਾਈ ਦੌਰਾਨ ਦੱਸਿਆ ਕਿ ਵਿਭਾਗ ਅਜਿਹੀ ਸਵੈਚਾਲਿਤ ਪ੍ਰਣਾਲੀ ਤਿਆਰ ਕਰ ਰਿਹਾ ਹੈ, ਜੋ ਇਮੀਗ੍ਰੇਸ਼ਨ ਅਰਜ਼ੀਆਂ ਦੀ

**■ ਬੈਕਲਾਗ ਘਟਾਉਣ ਲਈ ਡਿਜ਼ੀਟਲ ਪ੍ਰਣਾਲੀ ਦੀ ਕੀਤੀ ਜਾਵੇਗੀ ਵਰਤੋਂ**

ਸ਼ੁਰੂਆਤੀ ਜਾਂਚ ਆਪਣੇ ਆਪ ਕਰ ਸਕੇਗੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪਹਿਲਾ ਏ.ਆਈ. ਆਧਾਰਿਤ ਪਲੇਟਫਾਰਮ ਅਗਲੇ 30 ਦਿਨਾਂ ਵਿਚ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਦਾ ਪਹਿਲਾ ਪੜਾਅ DACA ਨਾਲ ਸੰਬੰਧਿਤ ਲੰਬਿਤ ਅਰਜ਼ੀਆਂ ਦੇ ਨਿਪਟਾਰੇ 'ਤੇ ਕੇਂਦਰਿਤ ਹੋਵੇਗਾ।

ਪਿਛਲੇ ਕਈ ਮਹੀਨਿਆਂ ਤੋਂ DACA ਅਰਜ਼ੀਆਂ ਦੇ ਨਵੀਨੀਕਰਨ ਵਿਚ ਹੋ ਰਹੀ ਦੇਰੀ ਕਾਰਨ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਹਨ। ਕਈ ਸੰਸਦ ਮੈਂਬਰਾਂ ਨੇ ਵੀ ਡੀ.ਐੱਚ.ਐੱਸ. ਅਤੇ ਯੂ.ਐੱਸ.ਸੀ.ਆਈ.ਐੱਸ. ਨੂੰ ਪੱਤਰ ਲਿਖ ਕੇ ਚਿੰਤਾ ਜ਼ਾਹਰ ਕੀਤੀ ਸੀ ਕਿ ਅਰਜ਼ੀਆਂ ਮਹੀਨਿਆਂ ਤੱਕ ਲੰਬਿਤ ਰਹਿਣ ਕਾਰਨ ਰੁਜ਼ਗਾਰ ਅਧਿਕਾਰ ਅਤੇ ਪਰਿਵਾਰਾਂ ਦੀ ਆਰਥਿਕ ਸਥਿਤੀ ਪ੍ਰਭਾਵਿਤ ਹੋ ਰਹੀ ਹੈ।

## ਈਰਾਨ ਅਤੇ ਯੂ.ਏ.ਈ. ਵਿਚਾਲੇ 1 ਜੁਲਾਈ ਤੋਂ ਮੁੜ ਸ਼ੁਰੂ ਹੋਵੇਗੀ ਹਵਾਈ ਯਾਤਰਾ

**ਤਹਿਰਾਨ, (ਪੰਜਾਬ ਮੇਲ)-** ਈਰਾਨ ਅਤੇ ਸੰਯੁਕਤ ਅਰਬ ਅਮੀਰਾਤ ਦੇ ਹਵਾਬਾਜ਼ੀ ਅਧਿਕਾਰੀਆਂ ਨੇ ਤਹਿਰਾਨ-ਦੁਬਈ ਰੂਟ 'ਤੇ ਉਡਾਣਾਂ ਨੂੰ ਮੁੜ ਸ਼ੁਰੂ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਸੇਵਾ ਦੋਵਾਂ ਦੇਸ਼ਾਂ ਵਿਚਕਾਰ 1 ਜੁਲਾਈ ਤੋਂ ਮੁੜ ਸ਼ੁਰੂ ਹੋਵੇਗੀ। ਈਰਾਨੀ ਸਮਾਚਾਰ ਏਜੰਸੀ ਆਈ.ਐੱਸ.ਐੱਨ.ਏ. ਨੇ ਦੱਸਿਆ ਕਿ ਈਰਾਨ ਦੇ ਸਿਵਲ ਏਵੀਏਸ਼ਨ ਸੰਗਠਨ ਦੇ ਬੁਲਾਰੇ ਮਾਜਿਦ ਅਖਾਵਾਨ ਨੇ ਜਾਣਕਾਰੀ ਦਿੱਤੀ ਕਿ ਦੋਵਾਂ ਦੇਸ਼ਾਂ ਨੇ ਤਹਿਰਾਨ ਤੋਂ ਦੁਬਈ ਲਈ ਉਡਾਣਾਂ ਨੂੰ ਮੁੜ ਸ਼ੁਰੂ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਗੌਰਤਲਬ ਹੈ ਕਿ ਈਰਾਨੀ ਹਵਾਬਾਜ਼ੀ ਅਧਿਕਾਰੀਆਂ ਨੇ ਇਜ਼ਰਾਈਲ ਨਾਲ ਵਧਦੇ ਤਣਾਅ ਕਾਰਨ ਜੂਨ ਦੇ ਸ਼ੁਰੂ ਵਿਚ ਦੇਸ਼ ਦੇ ਪੱਛਮੀ ਹਿੱਸੇ 'ਤੇ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਇਸ ਤੋਂ ਬਾਅਦ, ਈਰਾਨ ਨੇ ਪਿਛਲੇ ਮੰਗਲਵਾਰ ਦੇਸ਼ ਦੇ ਪੱਛਮੀ ਹਿੱਸੇ 'ਤੇ ਹਵਾਈ ਯਾਤਰਾ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ।

# ਟਰੰਪ ਵੱਲੋਂ ਸਾਬਕਾ ਓਕਲਾਹੋਮਾ ਸਟੇਟ ਟਰੂਪਰ ਲਾਂਸ ਸ਼ਰੌਇਰ ICE ਡਾਇਰੈਕਟਰ ਵਜੋਂ ਨਾਮਜ਼ਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਾਲੀ ਯੂ.ਐੱਸ.ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਦੀ ਅਗਵਾਈ ਨੂੰ ਲੈ ਕੇ ਵੱਡਾ ਐਲਾਨ ਕੀਤਾ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਓਕਲਾਹੋਮਾ ਦੇ ਸਾਬਕਾ ਸਟੇਟ ਟਰੂਪਰ ਅਤੇ ਸਾਬਕਾ ਅਮਰੀਕੀ ਮਰੀਨ ਲਾਂਸ ਸ਼ਰੌਇਰ ਨੂੰ ICE ਦੇ ਨਵੇਂ ਡਾਇਰੈਕਟਰ ਵਜੋਂ ਨਾਮਜ਼ਦ ਕੀਤਾ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਕਿਹਾ ਕਿ ਲਾਂਸ ਸ਼ਰੌਇਰ ਕੋਲ ਓਕਲਾਹੋਮਾ ਵਿਚ 29 ਸਾਲਾਂ ਤੋਂ ਵੱਧ ਕਾਨੂੰਨ ਲਾਗੂ ਕਰਨ ਦਾ ਤਜ਼ਰਬਾ ਹੈ ਅਤੇ ਉਹ ਇੱਕ ਯੋਗ ਤੇ ਤਜ਼ਰਬੇਕਾਰ ਅਧਿਕਾਰੀ ਹਨ। ਉਨ੍ਹਾਂ ਨੇ ਅਮਰੀਕੀ ਸੈਨੇਟ ਨੂੰ ਅਪੀਲ ਕੀਤੀ ਕਿ ਸ਼ਰੌਇਰ ਦੀ ਨਿਯੁਕਤੀ ਨੂੰ ਜਲਦੀ ਮਨਜ਼ੂਰੀ ਦਿੱਤੀ ਜਾਵੇ।

ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਕਿਹਾ ਕਿ ਸ਼ਰੌਇਰ ਪਹਿਲਾਂ ਅਮਰੀਕੀ ਮਰੀਨ ਵਿਚ ਸੇਵਾ ਨਿਭਾ ਚੁੱਕੇ ਹਨ ਅਤੇ ਓਕਲਾਹੋਮਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਵਿਚ ਵੀ ਉੱਚ ਅਹੁਦਿਆਂ 'ਤੇ ਕੰਮ ਕਰ ਚੁੱਕੇ ਹਨ। ਉਨ੍ਹਾਂ ਨੇ ਵਿਸ਼ੇਸ਼ ਕਾਰਵਾਈਆਂ, ਐਮਰਜੈਂਸੀ ਹਾਲਾਤਾਂ, ਭੀੜ ਕੰਟਰੋਲ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨਾਲ ਸਬੰਧਤ ਮੁਹਿੰਮਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਹੋਮਲੈਂਡ ਸਕਿਓਰਿਟੀ ਵਿਭਾਗ ਦੇ ਸਕੱਤਰ ਮਾਰਕਵੇਨ ਮੁਲਿਨ ਨੇ ਵੀ ਸ਼ਰੌਇਰ ਦੀ ਨਾਮਜ਼ਦਗੀ ਦਾ ਸਮਰਥਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੈਦਾਨੀ ਤਜ਼ਰਬਾ ICE ਦੇ ਅਧਿਕਾਰੀਆਂ ਲਈ ਲਾਭਦਾਇਕ ਸਾਬਤ ਹੋਵੇਗਾ। ਉਹ ਇਸ ਤੋਂ ਪਹਿਲਾਂ ਮੁਲਿਨ ਦੇ ਸੀਨੀਅਰ ਸਲਾਹਕਾਰ ਵਜੋਂ ਵੀ ਕੰਮ ਕਰ ਰਹੇ ਸਨ।

ਸ਼ਰੌਇਰ ਨੇ 287(ਜੀ) ਪ੍ਰੋਗਰਾਮ ਤਹਿਤ ਰਾਜ ਅਤੇ ਸਥਾਨਕ ਪੁਲਿਸ ਏਜੰਸੀਆਂ ਨਾਲ ਮਿਲ ਕੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਿਚ ਵੀ ਕੰਮ ਕੀਤਾ ਹੈ। ਇਸ ਪ੍ਰੋਗਰਾਮ ਅਧੀਨ ਸੰਘੀ ਨਿਗਰਾਨੀ ਹੇਠ ਸਥਾਨਕ ਪੁਲਿਸ ਨੂੰ ਕੁਝ ਸੀਮਤ ਇਮੀਗ੍ਰੇਸ਼ਨ ਅਧਿਕਾਰ ਦਿੱਤੇ ਜਾਂਦੇ ਹਨ। ਇਸ ਦੇ ਸਮਰਥਕ ਇਸਨੂੰ ਜਨਤਕ ਸੁਰੱਖਿਆ ਲਈ ਲਾਭਦਾਇਕ ਮੰਨਦੇ ਹਨ, ਜਦਕਿ ਵਿਰੋਧੀ ਇਸਨੂੰ ਪ੍ਰਵਾਸੀ ਭਾਈਚਾਰਿਆਂ ਵਿਚ ਡਰ ਅਤੇ ਅਣਭਰੋਸਾ ਵਧਾਉਣ ਵਾਲਾ ਦੱਸਦੇ ਹਨ।

ਜੇਕਰ ਅਮਰੀਕੀ ਸੈਨੇਟ ਸ਼ਰੌਇਰ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੰਦੀ ਹੈ, ਤਾਂ ਉਹ ਉਸ ਏਜੰਸੀ ਦੀ ਕਮਾਨ ਸੰਭਾਲਣਗੇ, ਜੋ ਇਸ ਵੇਲੇ ਗੈਰ-ਕਾਨੂੰਨੀ ਇਮੀਗ੍ਰੇਸ਼ਨ, ਗ੍ਰਿਫ਼ਤਾਰੀਆਂ, ਨਜ਼ਰਬੰਦੀ ਅਤੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਵਿਚ ਕੇਂਦਰੀ ਭੂਮਿਕਾ ਨਿਭਾ ਰਹੀ ਹੈ। ਟਰੰਪ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਅਤੇ ਅਪਰਾਧਿਕ ਪਿਛੋਕੜ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਭੇਜਣ ਨੂੰ ਆਪਣੀ ਮੁੱਖ ਤਰਜੀਹ ਬਣਾਇਆ ਹੋਇਆ ਹੈ।

ਗੌਰਤਲਬ ਹੈ ਕਿ ICE ਨੂੰ ਸਾਲ 2017 ਤੋਂ ਬਾਅਦ ਕੋਈ ਸੈਨੇਟ ਵੱਲੋਂ ਪੁਸ਼ਟੀਸ਼ੁਦਾ ਡਾਇਰੈਕਟਰ ਨਹੀਂ ਮਿਲਿਆ। ਇਸ ਦੌਰਾਨ ਏਜੰਸੀ ਦੀ ਅਗਵਾਈ ਕਾਰਜਕਾਰੀ ਡਾਇਰੈਕਟਰਾਂ ਰਾਹੀਂ ਚੱਲਦੀ ਰਹੀ ਹੈ।


Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh



Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਦੇ ਜਨਮ ਆਧਾਰਿਤ ਸਿਟੀਜ਼ਨਸ਼ਿਪ ਬਾਰੇ ਹੁਕਮ ਰੱਦ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਕਾਰਜਕਾਰੀ ਹੁਕਮ ਨੂੰ ਰੱਦ ਕਰ ਦਿੱਤਾ ਹੈ, ਜਿਸ ਰਾਹੀਂ ਉਨ੍ਹਾਂ ਨੇ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਅਮਰੀਕੀ ਨਾਗਰਿਕਤਾ 'ਤੇ ਪਾਬੰਦੀਆਂ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਅਦਾਲਤ ਨੇ ਆਪਣੇ ਫੈਸਲੇ ਵਿਚ ਸੰਵਿਧਾਨ ਦੀ 14ਵੀਂ ਸੋਧ ਦੀ ਪੁਰਾਣੀ ਵਿਆਖਿਆ ਨੂੰ ਸਹੀ ਠਹਿਰਾਇਆ ਹੈ, ਜਿਸ ਅਨੁਸਾਰ ਅਮਰੀਕੀ ਧਰਤੀ 'ਤੇ ਜਨਮ ਲੈਣ ਵਾਲੇ ਲਗਭਗ ਹਰ ਬੱਚੇ ਨੂੰ ਨਾਗਰਿਕਤਾ ਦਾ ਅਧਿਕਾਰ ਮਿਲਦਾ ਹੈ।

ਰਾਸ਼ਟਰਪਤੀ ਟਰੰਪ ਨੇ ਜਨਵਰੀ 2025 ਵਿਚ ਅਹੁਦਾ ਸੰਭਾਲਣ ਦੇ ਪਹਿਲੇ ਹੀ ਦਿਨ ਇਸ ਹੁਕਮ 'ਤੇ ਦਸਤਖ਼ਤ ਕੀਤੇ ਸਨ। ਇਸ ਨਿਯਮ ਅਨੁਸਾਰ, ਨਾਗਰਿਕਤਾ ਸਿਰਫ਼ ਉਨ੍ਹਾਂ ਬੱਚਿਆਂ ਨੂੰ ਹੀ ਮਿਲ ਸਕਦੀ ਸੀ, ਜਿਨ੍ਹਾਂ ਦੇ ਮਾਪਿਆਂ ਵਿਚੋਂ ਘੱਟੋ-ਘੱਟ ਕੋਈ ਇੱਕ ਅਮਰੀਕੀ ਨਾਗਰਿਕ ਹੋਵੇ ਜਾਂ ਉੱਥੋਂ ਦਾ ਸਥਾਈ ਨਿਵਾਸੀ (ਗ੍ਰੀਨ ਕਾਰਡ ਹੋਲਡਰ) ਹੋਵੇ। ਇਸ ਦਾ ਮੁੱਖ ਨਿਸ਼ਾਨਾ ਉਨ੍ਹਾਂ ਬੱਚਿਆਂ ਨੂੰ ਨਾਗਰਿਕਤਾ ਤੋਂ ਵਾਂਝੇ ਕਰਨਾ ਸੀ, ਜਿਨ੍ਹਾਂ ਦੇ ਮਾਪੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਸਨ ਜਾਂ ਸਿਰਫ ਅਸਥਾਈ ਵੀਜ਼ੇ 'ਤੇ ਆਏ ਸਨ।

ਅਦਾਲਤ ਦੇ ਇਸ ਫੈਸਲੇ ਨਾਲ ਹਰ ਸਾਲ ਅਮਰੀਕਾ ਵਿਚ ਪੈਦਾ ਹੋਣ ਵਾਲੇ ਲਗਭਗ 2.5 ਲੱਖ ਬੱਚਿਆਂ ਦੀ ਨਾਗਰਿਕਤਾ ਸੁਰੱਖਿਅਤ ਹੋ ਗਈ ਹੈ। ਜੇਕਰ ਇਹ ਹੁਕਮ ਲਾਗੂ ਹੋ ਜਾਂਦਾ, ਤਾਂ ਲੱਖਾਂ ਪਰਿਵਾਰਾਂ ਨੂੰ ਆਪਣੇ ਨਵਜੰਮੇ ਬੱਚਿਆਂ ਦੀ ਨਾਗਰਿਕਤਾ ਸਾਬਤ ਕਰਨ ਲਈ ਦਰ-ਦਰ ਭਟਕਣਾ ਪੈਣਾ ਸੀ। ਸੁਪਰੀਮ ਕੋਰਟ ਨੇ 6-3 ਦੇ ਬਹੁਮਤ ਨਾਲ ਇਹ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਪਿਛਲੇ 150 ਤੋਂ ਵੱਧ ਸਾਲਾਂ ਤੋਂ ਇਹੀ ਨਿਯਮ ਚੱਲ ਰਿਹਾ ਹੈ ਕਿ ਮਾਪਿਆਂ ਦੀ ਕਾਨੂੰਨੀ ਸਥਿਤੀ ਜੋ ਵੀ ਹੋਵੇ, ਅਮਰੀਕਾ ਵਿਚ ਜਨਮ ਲੈਂਦੇ ਹੀ ਬੱਚਾ ਉੱਥੋਂ ਦਾ ਨਾਗਰਿਕ ਬਣ ਜਾਂਦਾ ਹੈ। ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਸੀ ਕਿ ਮੌਜੂਦਾ ਨਿਯਮਾਂ ਦੀ ਦੁਰਵਰਤੋਂ ਹੋ ਰਹੀ ਹੈ, ਪਰ ਅਦਾਲਤ ਨੇ ਸੰਵਿਧਾਨਕ ਹੱਕਾਂ ਨੂੰ ਸਰਵਉੱਚ ਮੰਨਦੇ ਹੋਏ ਇਸ ਪਾਬੰਦੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ।

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਲਦ ਕਰਨਗੇ ਭਾਰਤ ਦਾ ਦੌਰਾ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਲਦ ਹੀ ਭਾਰਤ ਦਾ ਦੌਰਾ ਕਰਨਗੇ। ਭਾਰਤ ਵਿਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਇਸ ਸਟੇਟ ਵਿਜ਼ਿਟ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਰਾਜਦੂਤ ਅਨੁਸਾਰ ਇਸ ਉੱਚ-ਪੱਧਰੀ ਦੌਰੇ ਦੀਆਂ ਮੁੱਢਲੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ।

ਰਾਜਦੂਤ ਗੋਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਰਾਂਸ ਵਿਚ ਆਪਣੀ ਦੁਵੱਲੀ ਗੱਲਬਾਤ ਦੌਰਾਨ ਰਾਸ਼ਟਰਪਤੀ ਟਰੰਪ ਨੂੰ ਭਾਰਤ ਆਉਣ ਦਾ ਰਸਮੀ ਸੱਦਾ ਦਿੱਤਾ ਸੀ। ਹਾਲਾਂਕਿ ਇਹ ਦੌਰਾ ਨਵੰਬਰ ਵਿਚ ਹੋਣ ਵਾਲੀਆਂ ਅਮਰੀਕੀ ਮਿਡ-ਟਰਮ ਚੋਣਾਂ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਨਹੀਂ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਰਾਸ਼ਟਰਪਤੀ ਅਗਲੇ ਸਾਲ ਦੀ ਸ਼ੁਰੂਆਤ ਵਿਚ ਭਾਰਤ ਆ ਸਕਦੇ ਹਨ।

ਜਿੱਥੇ ਟਰੰਪ ਦੇ ਭਾਰਤ ਆਉਣ ਦੀਆਂ ਤਿਆਰੀਆਂ ਹਨ, ਉੱਥੇ ਹੀ ਪ੍ਰਧਾਨ ਮੰਤਰੀ ਮੋਦੀ ਵੀ ਦਸੰਬਰ 2026 ਵਿਚ ਜੀ-20 ਸੰਮੇਲਨ ਵਿਚ ਸ਼ਾਮਲ ਹੋਣ ਲਈ ਅਮਰੀਕਾ ਜਾ ਸਕਦੇ ਹਨ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਵਾਸ਼ਿੰਗਟਨ ਆਉਣ ਦਾ ਰਸਮੀ ਸੱਦਾ ਦਿੱਤਾ ਹੈ। ਰਾਜਦੂਤ ਨੇ ਦੱਸਿਆ ਕਿ ਦੋਵਾਂ ਆਗੂਆਂ ਦੇ ਸਬੰਧ ਬੇਹੱਦ ਕਰੀਬੀ ਹਨ, ਜੋ ਡਿਪਲੋਮੇਸੀ ਲਈ ਬਹੁਤ ਮਹੱਤਵਪੂਰਨ ਹਨ।

ਸਿਰਫ਼ ਦੌਰੇ ਹੀ ਨਹੀਂ, ਸਗੋਂ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਬੰਧ ਵੀ ਮਜ਼ਬੂਤ ਹੋਣ ਜਾ ਰਹੇ ਹਨ। ਪਿਛਲੇ 18 ਮਹੀਨਿਆਂ ਤੋਂ ਚੱਲ ਰਹੀ ਗੰਭੀਰ ਗੱਲਬਾਤ ਤੋਂ ਬਾਅਦ ਭਾਰਤ-ਅਮਰੀਕਾ ਦੁਵੱਲਾ ਵਪਾਰ ਸਮਝੌਤਾ ਹੁਣ ਅੰਤਿਮ ਪੜਾਅ 'ਤੇ ਹੈ ਅਤੇ ਜਲਦ ਹੀ ਇਸ ਨੂੰ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ।

ਰਾਜਦੂਤ ਗੋਰ ਅਨੁਸਾਰ ਰਾਸ਼ਟਰਪਤੀ ਟਰੰਪ ਆਪਣੇ ਪਿਛਲੇ ਭਾਰਤ ਦੌਰੇ ਨੂੰ ਆਪਣੀਆਂ ਸਭ ਤੋਂ ਯਾਦਗਾਰ ਫੇਰੀਆਂ ਵਿਚੋਂ ਇੱਕ ਮੰਨਦੇ ਹਨ ਅਤੇ ਉਹ ਅਕਸਰ ਇਸ ਬਾਰੇ ਚਰਚਾ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਆਉਣ ਵਾਲੇ ਦੋ ਹਫ਼ਤਿਆਂ ਵਿਚ ਫਿਲੀਪੀਨਜ਼ ਵਿਚ ਕੁਆਡ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਇੱਕ ਮਹੱਤਵਪੂਰਨ ਮੀਟਿੰਗ ਵੀ ਹੋਣ ਜਾ ਰਹੀ ਹੈ।

# ਅਮਰੀਕਾ 'ਚ ਸਰਕਾਰੀ ਸਿਹਤ ਬੀਮਾ ਯੋਜਨਾ 'ਮੈਡੀਕੇਡ' ਦੇ ਨਵੇਂ ਨਿਯਮਾਂ ਨੂੰ ਲੈ ਕੇ ਵਿਵਾਦ ਹੋਇਆ ਡੂੰਘਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਸਰਕਾਰੀ ਸਿਹਤ ਬੀਮਾ ਯੋਜਨਾ 'ਮੈਡੀਕੇਡ' ਦੇ ਨਵੇਂ ਨਿਯਮਾਂ ਨੂੰ ਲੈ ਕੇ ਵਿਵਾਦ ਡੂੰਘਾ ਹੋ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਲਾਗੂ ਕੀਤੀਆਂ ਗਈਆਂ ਸਖ਼ਤ ਸ਼ਰਤਾਂ ਦੇ ਵਿਰੋਧ ਵਿਚ ਅਮਰੀਕਾ ਦੇ 25 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਨੇ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਹੈ। ਇਨ੍ਹਾਂ ਰਾਜਾਂ ਦਾ ਦੋਸ਼ ਹੈ ਕਿ ਨਵੇਂ ਨਿਯਮਾਂ ਕਾਰਨ ਲੱਖਾਂ ਲੋੜਵੰਦ ਲੋਕਾਂ, ਖਾਸ ਕਰਕੇ ਕੈਂਸਰ ਮਰੀਜ਼ਾਂ ਅਤੇ ਦਿਵਿਆਂਗਾਂ ਲਈ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਲੈਣਾ ਬੇਹੱਦ ਮੁਸ਼ਕਲ ਹੋ ਜਾਵੇਗਾ।

ਟਰੰਪ ਪ੍ਰਸ਼ਾਸਨ ਦੇ ਨਵੇਂ ਨਿਯਮਾਂ ਅਨੁਸਾਰ 1 ਜਨਵਰੀ ਤੋਂ 19 ਤੋਂ 64 ਸਾਲ ਦੀ ਉਮਰ ਦੇ ਉਨ੍ਹਾਂ ਲੋਕਾਂ ਨੂੰ, ਜੋ ਮੈਡੀਕੇਡ ਯੋਜਨਾ ਦਾ ਲਾਭ ਲੈ ਰਹੇ ਹਨ, ਹਰ ਮਹੀਨੇ ਘੱਟੋ-ਘੱਟ 80 ਘੰਟੇ ਕੰਮ ਕਰਨਾ, ਭਾਈਚਾਰਕ ਸੇਵਾ ਕਰਨੀ ਜਾਂ ਘੱਟੋ-ਘੱਟ ਅੱਧੇ ਸਮੇਂ ਲਈ ਪੜ੍ਹਾਈ ਕਰਨਾ ਲਾਜ਼ਮੀ ਹੋਵੇਗਾ।

## 25 ਰਾਜਾਂ ਵੱਲੋਂ ਮੁਕੱਦਮਾ ਦਾਇਰ

ਹਾਲਾਂਕਿ ਗੰਭੀਰ ਰੂਪ ਵਿਚ ਬਿਮਾਰ ਅਤੇ ਨਸ਼ਾ ਮੁਕਤੀ ਪ੍ਰੋਗਰਾਮਾਂ ਵਿਚ ਸ਼ਾਮਲ ਲੋਕਾਂ ਨੂੰ ਕੁਝ ਛੋਟਾਂ ਦਿੱਤੀਆਂ ਗਈਆਂ ਹਨ, ਪਰ ਇਨ੍ਹਾਂ ਦੀ ਪਰਿਭਾਸ਼ਾ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ।

ਅਦਾਲਤ ਵਿਚ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪ੍ਰਸ਼ਾਸਨ ਨੇ 'ਗੰਭੀਰ ਸਿਹਤ ਸਥਿਤੀ' ਦੀ ਪਰਿਭਾਸ਼ਾ ਇੰਨੀ ਸਖ਼ਤ ਕਰ ਦਿੱਤੀ ਹੈ ਕਿ ਹੁਣ ਮਰੀਜ਼ਾਂ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਦੀ ਬਿਮਾਰੀ ਉਨ੍ਹਾਂ ਦੇ ਕੰਮ ਕਰਨ ਜਾਂ ਪੜ੍ਹਾਈ ਕਰਨ ਦੀ ਸਮਰੱਥਾ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਨਿਊਯਾਰਕ ਦੀ ਅਟਾਰਨੀ ਜਨਰਲ ਲੇਟੀਸ਼ੀਆ ਜੇਮਸ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਇਸ ਨਾਲ ਕੈਂਸਰ ਅਤੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਜ਼ਾਰਾਂ ਲੋਕ ਬੇਲੋੜੀ ਕਾਗਜ਼ੀ ਕਾਰਵਾਈ ਵਿਚ ਫਸ ਜਾਣਗੇ ਅਤੇ ਉਨ੍ਹਾਂ ਦਾ ਬੀਮਾ ਖੁੱਸ ਸਕਦਾ ਹੈ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਨੇ ਆਪਣੇ ਫੈਸਲੇ ਦਾ ਬਚਾਅ ਕਰਦੇ ਹੋਏ ਕਿਹਾ ਹੈ ਕਿ ਇਹ ਨਿਯਮ ਸਰਕਾਰੀ ਯੋਜਨਾਵਾਂ ਦੀ ਹੋ ਰਹੀ ਦੁਰਵਰਤੋਂ ਨੂੰ ਰੋਕਣ ਲਈ ਬਣਾਏ ਗਏ ਹਨ। ਸਰਕਾਰ ਦਾ ਤਰਕ ਹੈ ਕਿ ਇਸ ਨਾਲ ਸਿਰਫ਼ ਉਨ੍ਹਾਂ ਲੋਕਾਂ ਤੱਕ ਹੀ ਲਾਭ ਪਹੁੰਚੇਗਾ, ਜੋ ਅਸਲ ਵਿਚ ਇਸ ਦੇ ਹੱਕਦਾਰ ਹਨ। ਹਾਲਾਂਕਿ ਸਿਹਤ ਵਿਭਾਗ ਨੇ ਅਜੇ ਤੱਕ ਇਸ ਤਾਜ਼ਾ ਮੁਕੱਦਮੇ 'ਤੇ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਰਾਜਾਂ ਦਾ ਕਹਿਣਾ ਹੈ ਕਿ 'ਸੈਂਟਰਸ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼' (ਸੀ.ਐੱਮ.ਐੱਸ.) ਨੇ ਅਚਾਨਕ ਨਿਯਮ ਬਦਲ ਦਿੱਤੇ ਹਨ, ਜਿਸ ਨਾਲ ਉਨ੍ਹਾਂ ਨੂੰ ਆਪਣੀ ਸਿਸਟਮ ਅਪਡੇਟ ਕਰਨ ਵਿਚ ਭਾਰੀ ਮੁਸ਼ਕਲ ਆ ਰਹੀ ਹੈ। ਨਾਲ ਹੀ ਇਹ ਵੀ ਸਪੱਸ਼ਟ ਨਹੀਂ ਹੈ ਕਿ ਮਰੀਜ਼ ਆਪਣੀ ਗੰਭੀਰ ਬਿਮਾਰੀ ਦਾ ਸਬੂਤ ਕਿਸ ਤਰ੍ਹਾਂ ਦੇਣਗੇ।

ਸਫਾ 1 ਦਾ ਬਾਕੀ

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਇੱਕ...

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਿੱਖ ਭਾਵਨਾਵਾਂ ਅਨੁਸਾਰ ਸੋਧ ਕਰਦੀ ਹੈ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸੰਭਵ ਸਹਿਯੋਗ ਦੇਣ ਲਈ ਤਿਆਰ ਹੈ।

ਸੁਣਵਾਈ ਦੌਰਾਨ ਪੰਜ ਸਿੰਘ ਸਾਹਿਬਾਨ ਨੇ ਕਾਨੂੰਨ ਦੀਆਂ ਕਈ ਧਾਰਾਵਾਂ 'ਤੇ ਇਤਰਾਜ਼ ਜਤਾਏ। ਉਨ੍ਹਾਂ ਕਿਹਾ ਕਿ ਪ੍ਰਕਾਸ਼ਿਤ ਬੀੜਾਂ 'ਤੇ ਯੂਨੀਕ ਨੰਬਰ ਲਗਾਉਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦਾ ਅਧਿਕਾਰ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਕੋਲ ਹੈ ਅਤੇ ਸਰਕਾਰ ਇਸ ਸਬੰਧੀ ਸਿਰਫ਼ ਸੁਝਾਅ ਦੇ ਸਕਦੀ ਹੈ, ਕਾਨੂੰਨ ਨਹੀਂ ਬਣਾ ਸਕਦੀ। ਇਸ ਤੋਂ ਇਲਾਵਾ ਕਾਨੂੰਨ ਵਿਚ 'ਬੀੜ' ਦੀ ਥਾਂ 'ਸਰੂਪ' ਸ਼ਬਦ ਦੀ ਵਰਤੋਂ ਨੂੰ ਵੀ ਪੰਥਕ ਰਵਾਇਤਾਂ ਦੇ ਉਲਟ ਦੱਸਿਆ ਗਿਆ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੁਣਵਾਈ ਦੌਰਾਨ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਹਿਲਾਂ ਭੇਜੇ ਗਏ ਇਤਰਾਜ਼ ਉਹ ਸਰਕਾਰ ਤੱਕ ਪਹੁੰਚਾ ਚੁੱਕੇ ਸਨ ਅਤੇ ਕਾਨੂੰਨ ਵਿਚ ਸੋਧ ਕਰਨ ਦਾ ਅਧਿਕਾਰ ਸਰਕਾਰ ਅਤੇ ਵਿਧਾਨ ਸਭਾ ਕੋਲ ਹੈ। ਕਾਂਗਰਸੀ ਆਗੂ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਇਹ ਐਕਟ ਕਾਹਲੀ ਵਿਚ ਪਾਸ ਕੀਤਾ ਗਿਆ ਅਤੇ ਵਿਧਾਇਕਾਂ ਨੂੰ ਇਸ 'ਤੇ ਪੂਰੀ ਚਰਚਾ ਦਾ ਮੌਕਾ ਨਹੀਂ ਮਿਲਿਆ।

ਇਸ ਦੌਰਾਨ ਸਾਲ 2017 ਦੇ ਮੌੜ ਬੰਬ ਧਮਾਕੇ ਦਾ ਮੁੱਦਾ ਵੀ ਸੁਣਵਾਈ ਵਿਚ ਉੱਠਿਆ ਅਤੇ ਇਸ ਮਾਮਲੇ ਵਿਚ ਕਾਰਵਾਈ ਨੂੰ ਲੈ ਕੇ ਸਵਾਲ ਕੀਤੇ ਗਏ। ਸੁਣਵਾਈ ਦੀ ਸ਼ੁਰੂਆਤ ਅਤੇ ਸਮਾਪਤੀ ਗੁਰਬਾਣੀ ਦੇ ਜਾਪ ਅਤੇ ਅਰਦਾਸ ਨਾਲ ਹੋਈ, ਜਿਸ ਵਿਚ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨੇ ਸ਼ਮੂਲੀਅਤ ਕੀਤੀ।

ਇਕੱਤਰਤਾ ਦੇ ਅੰਤ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਹਦਾਇਤ ਦਿੱਤੀ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਬਾਹਰ ਜਾ ਕੇ ਕਿਸੇ ਵੀ ਤਰ੍ਹਾਂ ਦੀ ਸਿਆਸੀ ਦੂਸ਼ਣਬਾਜ਼ੀ ਜਾਂ ਆਪਸੀ ਦੋਸ਼ਾਰੋਪਣ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਕਿਸੇ ਪਾਰਟੀ ਦੀ ਜਿੱਤ ਜਾਂ ਹਾਰ ਦਾ ਨਹੀਂ, ਸਗੋਂ ਗੁਰੂ ਸਾਹਿਬ ਦੇ ਸਤਿਕਾਰ ਨਾਲ ਜੁੜਿਆ ਸਾਂਝਾ ਮਾਮਲਾ ਹੈ ਅਤੇ ਸਾਰਿਆਂ ਨੂੰ ਮਿਲ ਕੇ ਇਸ ਦਾ ਹੱਲ ਕੱਢਣਾ ਚਾਹੀਦਾ ਹੈ।

ਸਫਾ 1 ਦਾ ਬਾਕੀ

## ਗੌਰਵ ਯਾਦਵ ਦਾ ਪੰਜਾਬ ਦਾ ਰੈਗੂਲਰ ਡੀ.ਜੀ.ਪੀ. ਬਣਨਾ...

ਕਮਿਸ਼ਨ ਨੂੰ ਭੇਜੀ ਸੂਚੀ 'ਚ ਬੈਚ ਦੇ ਸਭ ਤੋਂ ਸੀਨੀਅਰ ਅਫ਼ਸਰ ਸ਼ਰਦ ਸੱਤਿਆ ਚੌਹਾਨ ਪਹਿਲੇ ਨੰਬਰ 'ਤੇ, ਜਦੋਂਕਿ ਹਰਪ੍ਰੀਤ ਸਿੰਘ ਸਿੱਧੂ ਦੂਜੇ, ਗੌਰਵ ਯਾਦਵ ਤੀਜੇ ਅਤੇ ਕੁਲਦੀਪ ਸਿੰਘ ਚੌਥੇ ਨੰਬਰ 'ਤੇ ਸਨ। ਇਸ ਸੂਚੀ 'ਚ 1993 ਬੈਚ ਦੇ ਤਿੰਨ ਅਤੇ 1994 ਬੈਚ ਦੇ ਸੱਤ ਅਧਿਕਾਰੀ ਸ਼ਾਮਲ ਹਨ। ਮੌਜੂਦਾ ਕਾਰਜਕਾਰੀ ਡੀ.ਜੀ.ਪੀ. ਗੌਰਵ ਯਾਦਵ 1992 ਬੈਚ ਦੇ ਅਧਿਕਾਰੀ ਹਨ, ਜੋ 1992 ਬੈਚ ਦੇ ਚਾਰ ਅਧਿਕਾਰੀਆਂ 'ਚੋਂ ਸੀਨੀਅਰਤਾ 'ਚ ਤੀਜੇ ਸਥਾਨ 'ਤੇ ਹਨ। ਨਵੇਂ ਨਿਯੁਕਤ ਹੋਣ ਵਾਲੇ ਰੈਗੂਲਰ ਡੀ.ਜੀ.ਪੀ. ਦਾ ਕਾਰਜਕਾਲ ਦੋ ਸਾਲ ਦਾ ਹੋਵੇਗਾ।

ਦੱਸਣਯੋਗ ਹੈ ਕਿ ਇਮਪੈਨਲਮੈਂਟ ਕਮੇਟੀ ਵਿਚ ਯੂ.ਪੀ.ਐੱਸ.ਸੀ. ਦੇ ਚੇਅਰਮੈਨ, ਕੇਂਦਰੀ ਗ੍ਰਹਿ ਸਕੱਤਰ (ਜਾਂ ਕੇਂਦਰ ਦੇ ਵਿਸ਼ੇਸ਼ ਸਕੱਤਰ ਦੇ ਰੈਂਕ ਤੋਂ ਘੱਟ ਨਾ ਹੋਣ ਵਾਲਾ ਨਾਮਜ਼ਦ), ਗ੍ਰਹਿ ਮੰਤਰਾਲੇ ਦੁਆਰਾ ਨਾਮਜ਼ਦ ਕੇਂਦਰੀ ਪੁਲਿਸ ਸੰਗਠਨ ਦਾ ਮੁਖੀ ਸ਼ਾਮਲ ਹੁੰਦਾ ਹੈ ਅਤੇ ਸਬੰਧਤ ਰਾਜ ਦੇ ਮੁੱਖ ਸਕੱਤਰ ਅਤੇ ਵਧੀਕ ਮੁੱਖ ਸਕੱਤਰ (ਗ੍ਰਹਿ) ਸ਼ਾਮਲ ਸਨ।

ਸਫਾ 1 ਦਾ ਬਾਕੀ

## ਪੰਜਾਬ ਵਿਧਾਨ ਸਭਾ ਕਮੇਟੀ ਵੱਲੋਂ ਨਕੋਦਰ ਕਾਂਡ ਦੀ ਜਾਂਚ...

ਪੰਜਾਬ ਵਿਧਾਨ ਸਭਾ ਕਮੇਟੀ ਨੇ ਉਪਰੋਕਤ ਮਾਮਲੇ ਦੇ ਮੁਤੱਲਕ ਜਲੰਧਰ ਦੇ ਤਤਕਾਲੀ ਐਕਟਿੰਗ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਦੇ ਬਿਆਨ ਕਲਮਬੰਦ ਕੀਤੇ ਹਨ, ਜਦੋਂਕਿ ਸਾਬਕਾ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਤੋਂ ਜਸਟਿਸ ਗੁਰਨਾਮ ਸਿੰਘ ਦੀ ਜਾਂਚ ਰਿਪੋਰਟ ਬਾਰੇ ਜਾਣਕਾਰੀ ਹਾਸਲ ਕੀਤੀ। ਰਮੇਸ਼ਇੰਦਰ ਸਿੰਘ ਨੇ ਕਮੇਟੀ ਨੂੰ ਦੱਸਿਆ ਕਿ ਉਨ੍ਹਾਂ ਕੋਲ ਜਾਂਚ ਰਿਪੋਰਟ ਦਾ ਕੋਈ ਵੱਖਰਾ ਰਿਕਾਰਡ ਨਹੀਂ ਹੈ।

ਦੱਸਣਯੋਗ ਹੈ ਕਿ 2 ਫਰਵਰੀ 1986 ਨੂੰ ਸ਼ਰਾਰਤੀ ਅਨਸਰਾਂ ਨੇ ਨਕੋਦਰ ਦੇ ਗੁਰਦੁਆਰਾ ਸ੍ਰੀ ਅਰਜਨ ਦੇਵ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ ਕਰ ਕੇ ਬੇਅਦਬੀ ਕੀਤੀ ਸੀ। ਉਸ ਮਗਰੋਂ ਜਦੋਂ ਚਾਰ ਫਰਵਰੀ 1986 ਨੂੰ ਸਿੱਖ ਸ਼ਰਧਾਲੂ ਰੋਸ ਜ਼ਾਹਰ ਕਰਨ ਲਈ ਸ਼ਾਂਤਮਈ ਢੰਗ ਨਾਲ ਮਾਰਚ ਕਰ ਰਹੇ ਸਨ, ਤਾਂ ਪੁਲਿਸ ਨੇ ਬਿਨਾਂ ਕਿਸੇ ਚਿਤਾਵਨੀ ਦੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਨਾਲ ਚਾਰ ਸਿੱਖ ਨੌਜਵਾਨ ਫ਼ੌਤ ਹੋ ਗਏ ਸਨ। ਇਸ ਮਾਮਲੇ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ 'ਚ ਕਮਿਸ਼ਨ ਬਣਾਇਆ ਗਿਆ, ਜਿਸ ਨੇ ਪੁਲਿਸ ਫਾਇਰਿੰਗ ਨੂੰ ਗੈਰ-ਕਾਨੂੰਨੀ ਦੱਸਿਆ ਸੀ।

ਜਸਟਿਸ ਗੁਰਨਾਮ ਸਿੰਘ ਦੀ ਜਾਂਚ ਰਿਪੋਰਟ ਦਾ ਦੂਸਰਾ ਹਿੱਸਾ ਜਿਸ 'ਚ ਦੋਸ਼ੀ ਅਫਸਰਾਂ ਆਦਿ ਦੇ ਬਿਆਨ ਦਰਜ ਹਨ, ਸਰਕਾਰੀ ਰਿਕਾਰਡ 'ਚੋਂ ਗੁੰਮ ਹੈ। ਵਿਧਾਨ ਸਭਾ ਕਮੇਟੀ ਦੇ ਚੇਅਰਮੈਨ ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਰਮੇਸ਼ਇੰਦਰ ਸਿੰਘ ਤੋਂ ਜਾਂਚ ਕਮਿਸ਼ਨ ਦੀ ਰਿਪੋਰਟ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਸਾਬਕਾ ਆਈ.ਏ.ਐੱਸ. ਅਧਿਕਾਰੀ ਜਸਟਿਸ ਗੁਰਨਾਮ ਸਿੰਘ ਦੇ ਭਾਣਜੇ ਹਨ। ਨਿੱਜਰ ਨੇ ਦੱਸਿਆ ਕਿ ਪੁਰਾਣਾ ਰਿਕਾਰਡ ਹਾਸਲ ਕਰਨ ਲਈ ਗ੍ਰਹਿ ਵਿਭਾਗ ਨੂੰ ਵੀ ਲਿਖਿਆ ਹੈ। ਉਹ ਕੋਸ਼ਿਸ਼ ਕਰ ਰਹੇ ਹਨ ਕਿ ਇਸ ਦਾ ਨਿਬੇੜਾ ਜਲਦ ਕਰ ਦਿੱਤਾ ਜਾਵੇ।

ਸਫਾ 1 ਦਾ ਬਾਕੀ

## ਵਿਵਾਦਤ ਵੀਡੀਓ ਮਾਮਲਾ: ਸ਼੍ਰੋਮਣੀ ਕਮੇਟੀ ਵੱਲੋਂ 5 ਜੁਲਾਈ...

ਸਿੱਖ ਆਗੂਆਂ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ, ਬਾਬਾ ਹਾਕਮ ਸਿੰਘ, ਰੇਸ਼ਮ ਸਿੰਘ ਬਰਨਾਲਾ ਤੇ ਬਾਬਾ ਜਗਜੀਤ ਸਿੰਘ ਲੋਪੋਂ ਵਾਲਿਆਂ ਸਮੇਤ ਹੋਰ ਮਹਾਂਪੁਰਖਾਂ ਨੂੰ ਮਿਲ ਕੇ ਸੱਦਾ ਪੱਤਰ ਸੌਂਪੇ।

ਇਸ ਦੌਰਾਨ ਜਿੱਥੇ ਮੌਜੂਦਾ ਸਮੇਂ ਪੰਥਕ ਸੰਸਥਾਵਾਂ ਨੂੰ ਦਰਪੇਸ਼ ਚੁਣੌਤੀਆਂ ਤੇ ਸਿੱਖ ਮਸਲਿਆਂ ਸਬੰਧੀ ਡੂੰਘੀ ਅਤੇ ਸਾਰਥਕ ਵਿਚਾਰ-ਚਰਚਾ ਕੀਤੀ ਗਈ, ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ 'ਗੁਰੂ ਦੋਖੀ' ਅਤੇ 'ਖਾਲਸਾ ਪੰਥ ਵਿਰੋਧੀ' ਐਲਾਨੇ ਜਾਣ ਦੇ ਸੰਬੰਧ 'ਚ ਪੈਦਾ ਹੋਈ ਮੌਜੂਦਾ ਸਥਿਤੀ ਬਾਰੇ 5 ਜੁਲਾਈ ਨੂੰ ਬੁਲਾਏ ਵਿਸ਼ਾਲ ਪੰਥਕ ਇਕੱਠ 'ਚ ਭਰਵੀਂ ਸ਼ਮੂਲੀਅਤ ਦੀ ਅਪੀਲ ਕੀਤੀ ਗਈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਹੁਕਮਨਾਮੇ ਦੇ ਸੰਦੇਸ਼ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਦੇ ਹਰ ਪਿੰਡ ਅਤੇ ਘਰ-ਘਰ ਤੱਕ ਪਹੁੰਚਾਇਆ ਜਾ ਰਿਹਾ ਹੈ, ਤਾਂ ਜੋ ਸੰਗਤ ਨੂੰ ਮੌਜੂਦਾ ਸਰਕਾਰ ਦੇ ਪੰਥ ਵਿਰੋਧੀ ਚਿਹਰੇ ਤੋਂ ਜਾਣੂ ਕਰਵਾਇਆ ਜਾ ਸਕੇ।

ਇਸੇ ਕੜੀ ਦੇ ਤਹਿਤ ਹੁਣ ਸਮੁੱਚੇ ਪੰਥ ਦੀ ਰਾਏ ਅਤੇ ਅਗਲੀ ਰਣਨੀਤੀ ਤੈਅ ਕਰਨ ਲਈ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਇੱਕ ਵਿਸ਼ਾਲ ਪੰਥਕ ਇਕੱਤਰਤਾ ਸੱਦੀ ਗਈ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਹਰ ਸਿੱਖ ਲਈ ਸਿਰਮੌਰ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਅਤੇ ਪੰਥ ਵਿਰੋਧੀ ਤਾਕਤਾਂ ਦੀ ਪਹਿਚਾਣ ਕਰਨੀ ਅਤੇ ਇਕਜੁੱਟਤਾ ਨਾਲ ਟਾਕਰਾ ਕਰਨਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ 5 ਜੁਲਾਈ ਦਾ ਪੰਥਕ ਇਕੱਠ ਕੌਮ ਦੀ ਇੱਕਜੁੱਟਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੋਵੇਗਾ। ਇਸੇ ਦੌਰਾਨ ਜਥੇਦਾਰ ਗਿਆਨੀ ਟੇਕ ਸਿੰਘ ਨੇ ਸਿੱਖ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪੋ-ਆਪਣੇ ਖੇਤਰਾਂ ਵਿਚੋਂ ਵੱਧ ਤੋਂ ਵੱਧ ਸੰਗਤ ਨੂੰ ਨਾਲ ਲੈ ਕੇ 5 ਜੁਲਾਈ ਨੂੰ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪਹੁੰਚਣ, ਤਾਂ ਜੋ ਕੌਮ ਵਿਰੋਧੀ ਅਨਸਰਾਂ ਨੂੰ ਕਰਾਰਾ ਜਵਾਬ ਦਿੱਤਾ ਜਾ ਸਕੇ। ਇਸ ਦੌਰਾਨ ਮੌਜੂਦ ਸੰਤ ਸਮਾਜ ਦੇ ਮਹਾਂਪੁਰਸ਼ਾਂ ਨੇ ਸ਼੍ਰੋਮਣੀ ਕਮੇਟੀ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਆਦੇਸ਼ 'ਤੇ ਪਹਿਰਾ ਦੇਣਾ ਉਨ੍ਹਾਂ ਦਾ ਮੁੱਢਲਾ ਫਰਜ਼ ਹੈ। ਉਨ੍ਹਾਂ ਨੇ 5 ਜੁਲਾਈ ਦੀ ਪੰਥਕ ਇਕੱਤਰਤਾ ਵਿਚ ਵੱਡੀ ਗਿਣਤੀ ਵਿਚ ਸਾਧੂ-ਸੰਤਾਂ ਵੱਲੋਂ ਸੰਗਤ ਸਮੇਤ ਸ਼ਮੂਲੀਅਤ ਕਰਨ ਦਾ ਪੂਰਨ ਵਿਸ਼ਵਾਸ ਦਿਵਾਇਆ।

ਸਫਾ 1 ਦਾ ਬਾਕੀ

## ਸ੍ਰੀ ਹਜ਼ੂਰ ਸਾਹਿਬ ਐਕਟ ਮਾਮਲਾ : ਮਹਾਰਾਸ਼ਟਰ ਸਰਕਾਰ...

ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਨਵੇਂ ਬੋਰਡ ਦੇ ਗਠਨ ਵਿਚ ਕੁਝ ਸਮਾਂ ਲੱਗ ਸਕਦਾ ਹੈ ਪਰ ਮਹਾਰਾਸ਼ਟਰ ਸਰਕਾਰ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਕੰਪਲੈਕਸ ਦੇ ਵਿਆਪਕ ਵਿਕਾਸ ਅਤੇ ਸੁੰਦਰੀਕਰਨ ਦੀ ਆਪਣੀ ਯੋਜਨਾ ਨੂੰ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਯੋਜਨਾ ਨੂੰ ਕਾਸ਼ੀ ਵਿਸ਼ਵਨਾਥ ਕੋਰੀਡੋਰ ਅਤੇ ਉਜੈਨ ਦੇ ਮਹਾਕਾਲ ਦੀ ਤਰਜ਼ 'ਤੇ ਵਿਕਸਤ ਕੀਤਾ ਜਾਵੇ। ਇਹ ਕਮੇਟੀ ਉਸ ਸਮੇਂ ਬਣਾਈ ਗਈ ਹੈ, ਜਦੋਂ ਪੰਜਾਬ ਅਤੇ ਦਿੱਲੀ ਦੇ ਭਾਜਪਾ ਆਗੂਆਂ ਨੇ ਮਹਾਰਾਸ਼ਟਰ ਸਰਕਾਰ ਦੇ ਉਸ ਵਿਵਾਦਤ ਫ਼ੈਸਲੇ 'ਤੇ ਇਤਰਾਜ਼ ਜਤਾਇਆ ਸੀ, ਜਿਸ ਤਹਿਤ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ, 1956 ਨੂੰ ਰੱਦ ਕਰਕੇ ਉਸ ਦੀ ਥਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ ਲਿਆਉਣ ਦਾ ਪ੍ਰਸਤਾਵ ਰੱਖਿਆ ਗਿਆ ਸੀ। ਮਹਾਰਾਸ਼ਟਰ ਸਰਕਾਰ ਦੇ ਇਸ ਕਦਮ ਨਾਲ ਸਿੱਖ ਭਾਈਚਾਰੇ ਵਿਚ ਚਿੰਤਾ ਪੈਦਾ ਹੋ ਗਈ ਸੀ। ਵਿਰੋਧ ਵਧਣ ਤੋਂ ਬਾਅਦ ਸਰਕਾਰ ਨੇ ਵਿਵਾਦਤ ਖਰੜੇ ਨੂੰ ਫ਼ਿਲਹਾਲ ਰੋਕ ਦਿੱਤਾ ਅਤੇ ਇਸ ਮੁੱਦੇ 'ਤੇ ਵਿਸਥਾਰ ਨਾਲ ਚਰਚਾ ਕਰਨ ਲਈ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ ਸੀ। ਹਾਲ ਹੀ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸੇਵਾਦਾਰਾਂ ਅਤੇ ਪ੍ਰਬੰਧਕਾਂ ਨੇ ਵੀ ਧਾਰਮਿਕ ਖ਼ੁਦਮੁਖ਼ਤਿਆਰੀ 'ਤੇ ਜ਼ੋਰ ਦਿੰਦਿਆਂ ਇੱਕ ਗੁਰਮਤਾ ਪਾਸ ਕੀਤਾ ਸੀ, ਜਿਸ ਵਿਚ ਮਹਾਰਾਸ਼ਟਰ ਸਰਕਾਰ ਦੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ ਸੀ। ਇਹ ਗੁਰਮਤਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਹਾਜ਼ਰੀ ਵਿਚ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਵੱਲੋਂ ਪੜ੍ਹ ਕੇ ਸੁਣਾਇਆ ਗਿਆ ਸੀ।

# ਅਮਰੀਕਾ ਵੱਲੋਂ ਵਿਦੇਸ਼ੀ ਧੋਖੇਬਾਜ਼ਾਂ ਖ਼ਿਲਾਫ਼ ਵੱਡੀ ਕਾਰਵਾਈ; ਸਟੇਟ ਡਿਪਾਰਟਮੈਂਟ ਵੱਲੋਂ ਕਈ ਵੀਜ਼ੇ ਰੱਦ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਡਿਪਾਰਟਮੈਂਟ ਆਫ ਸਟੇਟ ਨੇ ਵਿਦੇਸ਼ੀ ਧੋਖੇਬਾਜ਼ਾਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਕਈ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਰੱਦ ਕਰਨ ਦਾ ਐਲਾਨ ਕੀਤਾ ਹੈ। ਸਟੇਟ ਡਿਪਾਰਟਮੈਂਟ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਅਮਰੀਕੀ ਲੋਕਾਂ ਨੂੰ ਵਿਦੇਸ਼ੀ ਧੋਖੇਬਾਜ਼ਾਂ ਤੋਂ ਬਚਾਉਣ ਲਈ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਅਜਿਹੇ ਲੋਕ ਅਮਰੀਕਾ ਵਿਚ ਯਾਤਰਾ ਨਾ ਕਰ ਸਕਣ।

ਸਟੇਟ ਡਿਪਾਰਟਮੈਂਟ ਨੇ ਸਾਫ਼ ਕਿਹਾ ਕਿ ਮਿਹਨਤੀ ਅਮਰੀਕੀਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਧੋਖੇਬਾਜ਼ਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਡਿਪਾਰਟਮੈਂਟ ਦੇ ਮੁਤਾਬਕ ਜਿਹੜੇ ਵਿਦੇਸ਼ੀ ਨਾਗਰਿਕਾਂ ਨੇ ਅਮਰੀਕੀ ਨਿਵੇਸ਼ਕਾਂ ਨੂੰ ਠੱਗਿਆ, ਟੈਕਸਦਾਤਾ ਦੁਆਰਾ ਫੰਡ ਕੀਤੇ ਪ੍ਰੋਗਰਾਮਾਂ ਨੂੰ ਲੁੱਟਿਆ ਜਾਂ ਯੂ.ਐੱਸ. ਵੀਜ਼ਾ ਪ੍ਰਣਾਲੀ ਦਾ ਦੁਰਉਪਯੋਗ ਕੀਤਾ, ਉਨ੍ਹਾਂ ਖ਼ਿਲਾਫ਼ ਵੀਜ਼ਾ ਰੱਦ ਕਰਨ ਦੀ ਕਾਰਵਾਈ ਕੀਤੀ ਗਈ ਹੈ।

ਰਿਪੋਰਟਾਂ ਮੁਤਾਬਕ ਪਹਿਲੇ ਕੇਸ ਵਿਚ ਇੱਕ ਵਿਦੇਸ਼ੀ ਨਾਗਰਿਕ ਨੇ ਨਿਵੇਸ਼ ਸਲਾਹਕਾਰ ਬਣ ਕੇ ਲੋਕਾਂ ਦੇ ਲੱਖਾਂ ਡਾਲਰ ਹੜਪੇ। ਇਹ ਪੈਸਾ ਉਨ੍ਹਾਂ ਲੋਕਾਂ ਤੋਂ ਲਿਆ ਗਿਆ, ਜੋ ਆਪਣੇ ਕਾਰੋਬਾਰ ਅਤੇ ਨਿੱਜੀ ਬਚਤ ਵਧਾਉਣਾ ਚਾਹੁੰਦੇ ਸਨ। ਸਟੇਟ ਡਿਪਾਰਟਮੈਂਟ ਨੇ ਕਿਹਾ ਕਿ ਅਜਿਹੀ ਧੋਖਾਧੜੀ ਸਿਰਫ਼ ਲੋਕਾਂ ਨੂੰ ਵਿੱਤੀ ਨੁਕਸਾਨ ਨਹੀਂ ਦਿੰਦੀ, ਸਗੋਂ ਬਜ਼ਾਰ ਅਤੇ ਵਿੱਤੀ ਪ੍ਰਣਾਲੀ ਉੱਤੇ ਲੋਕਾਂ ਦੇ ਭਰੋਸੇ ਨੂੰ ਵੀ ਨੁਕਸਾਨ ਪਹੁੰਚਾਉਂਦੀ




ਹੈ। ਇਸ ਕੇਸ ਵਿਚ ਵੀਜ਼ਾ ਰੱਦ ਕੀਤਾ ਗਿਆ।

ਦੂਜੇ ਕੇਸ ਵਿਚ ਇੱਕ ਵਿਦੇਸ਼ੀ ਨਾਗਰਿਕ ਨੇ ਦਾਅਵਾ ਕੀਤਾ ਕਿ ਉਹ ਕਮਜ਼ੋਰ ਮਰੀਜ਼ਾਂ ਨੂੰ ਹੈਲਥਕੇਅਰ ਐਕਸੈਸ ਕਰਵਾਉਣ ਲਈ ਜਾਇਜ਼ ਕਾਰੋਬਾਰ ਚਲਾ ਰਿਹਾ ਸੀ। ਪਰ ਸਟੇਟ ਡਿਪਾਰਟਮੈਂਟ ਦੇ ਮੁਤਾਬਕ ਇਹ ਵਿਅਕਤੀ ਵੱਡੇ ਮੈਡੀਕੇਡ ਘੁਟਾਲੇ ਵਿਚ ਸ਼ਾਮਲ ਸੀ, ਜਿਸ ਵਿਚ 5 ਮਿਲੀਅਨ ਡਾਲਰ ਤੋਂ ਵੱਧ ਜਾਅਲੀ ਸੇਵਾਵਾਂ ਦੀ ਬਿਲਿੰਗ ਕੀਤੀ ਗਈ। ਇਸਦਾ ਮਤਲਬ ਹੈ ਕਿ ਟੈਕਸ-ਪੇਅਰ ਫੰਡਿਡ ਹੈਲਥਕੇਅਰ ਪ੍ਰੋਗਰਾਮ ਵਿਚ ਝੂਠੇ ਦਾਅਵਿਆਂ ਰਾਹੀਂ ਲੋਕਾਂ ਦੇ ਪੈਸੇ ਨੂੰ ਨੁਕਸਾਨ ਪਹੁੰਚਾਇਆ ਗਿਆ। ਇਸ ਕੇਸ ਵਿਚ ਵੀ ਵੀਜ਼ਾ ਰੱਦ ਕੀਤਾ ਗਿਆ।

ਤੀਸਰੇ ਕੇਸ ਵਿਚ ਇੱਕ ਵਿਦੇਸ਼ੀ ਨਾਗਰਿਕ ਉੱਤੇ ਕੰਪਨੀ ਦਾ ਮਾਲੀਆ ਫਰਜ਼ੀ ਦਿਖਾਉਣ, ਨਿਵੇਸ਼ਕਾਂ ਨੂੰ ਗੁੰਮਰਾਹ ਕਰਨ ਅਤੇ ਜਾਅਲੀ ਪੱਤਰਾਂ ਰਾਹੀਂ ਵੀਜ਼ਾ ਸੁਰੱਖਿਅਤ ਕਰਨ ਦੇ ਦੋਸ਼ ਹਨ। ਸਟੇਟ ਡਿਪਾਰਟਮੈਂਟ ਦੇ ਮੁਤਾਬਕ ਇਸ ਵਿਅਕਤੀ ਨੇ ਗਾਹਕਾਂ ਤੋਂ ਲੱਖਾਂ ਡਾਲਰ ਲਏ ਅਤੇ ਫਿਰ ਉਹੀ ਝੂਠੇ ਦਾਅਵਿਆਂ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਵਿਚ ਵਰਤੇ। ਇਸ ਕੇਸ ਵਿਚ ਸਕਿਓਰਿਟੀਜ਼ ਫਰਾਡ, ਵਾਇਰ ਫਰਾਡ, ਵੀਜ਼ਾ ਫਰਾਡ ਅਤੇ ਗੰਭੀਰ ਪਛਾਣ ਚੋਰੀ ਵਰਗੇ ਗੰਭੀਰ ਦੋਸ਼ ਦੱਸੇ ਗਏ ਹਨ।

ਸਟੇਟ ਡਿਪਾਰਟਮੈਂਟ ਨੇ ਇਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਨਾਮ ਜਾਂ ਕੌਮੀਅਤਾਂ ਨੂੰ ਜਾਰੀ ਨਹੀਂ ਕੀਤੀਆਂ। ਡਿਪਾਰਟਮੈਂਟ ਦਾ ਫੋਕਸ ਇਹ ਦਿਖਾਉਣ ਉੱਤੇ ਹੈ ਕਿ ਜਿਹੜੇ ਵਿਦੇਸ਼ੀ ਨਾਗਰਿਕ ਅਮਰੀਕੀ ਨਾਗਰਿਕਾਂ ਨਾਲ ਧੋਖਾਧੜੀ ਕਰਦੇ ਹਨ, ਜਨਤਕ ਫੰਡਾਂ ਦੀ ਦੁਰਵਰਤੋਂ ਕਰਦੇ ਹਨ ਜਾਂ ਵੀਜ਼ਾ ਪ੍ਰਣਾਲੀ ਨਾਲ ਫਰਾਡ ਕਰਦੇ ਹਨ, ਉਨ੍ਹਾਂ ਲਈ ਅਮਰੀਕਾ ਵਿਚ ਪ੍ਰਵੇਸ਼ ਜਾਂ ਯਾਤਰਾ ਦਾ ਰਸਤਾ ਬੰਦ ਕੀਤਾ ਜਾ ਸਕਦਾ ਹੈ।

ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਵਿਆਪਕ ਧੋਖਾਧੜੀ ਵਿਰੋਧੀ ਨੀਤੀ ਦਾ ਹਿੱਸਾ ਦੱਸੀ ਜਾ ਰਹੀ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਸਿਸਟਮ ਦਾ ਦੁਰਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਖ਼ਾਸ ਕਰਕੇ ਜਿੱਥੇ ਫਰਾਡ ਨਾਲ ਅਮਰੀਕੀ ਟੈਕਸਦਾਤਾ, ਨਿਵੇਸ਼ਕ ਜਾਂ ਜਨਤਕ ਲਾਭ ਪ੍ਰੋਗਰਾਮ ਨੂੰ ਨੁਕਸਾਨ ਹੋਇਆ ਹੋਵੇ।

ਇਮੀਗ੍ਰੇਸ਼ਨ ਮਾਹਿਰਾਂ ਦੇ ਮੁਤਾਬਕ ਵੀਜ਼ਾ ਰੱਦ ਹੋਣਾ ਬਹੁਤ ਗੰਭੀਰ ਮਾਮਲਾ ਹੈ। ਵੀਜ਼ਾ ਰੱਦ ਹੋਣ ਤੋਂ ਬਾਅਦ ਵਿਅਕਤੀ ਅਮਰੀਕਾ ਟਰੈਵਲ ਨਹੀਂ ਕਰ ਸਕਦਾ। ਜੇ ਵਿਅਕਤੀ ਅਮਰੀਕਾ ਤੋਂ ਬਾਹਰ ਹੈ, ਤਾਂ ਉਹ ਵੀਜ਼ਾ ਵਰਤ ਕੇ ਅਮਰੀਕਾ ਨਹੀਂ ਆ ਸਕੇਗਾ। ਜੇ ਵਿਅਕਤੀ ਪਹਿਲਾਂ ਹੀ ਅਮਰੀਕਾ ਵਿਚ ਹੈ, ਤਾਂ ਇਮੀਗ੍ਰੇਸ਼ਨ ਦੇ ਨਤੀਜੇ ਵੱਖਰੇ ਤੱਥ ਉੱਤੇ ਨਿਰਭਰ ਕਰ ਸਕਦੇ ਹਨ ਅਤੇ ਡੀ.ਐੱਚ.ਐੱਸ. ਜਾਂ ਇਮੀਗ੍ਰੇਸ਼ਨ ਕੋਰਟ ਦੀ ਕਾਰਵਾਈ ਵੀ ਹੋ ਸਕਦੀ ਹੈ।

ਇਸ ਕੇਸ ਵਿਚ ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਵੀਜ਼ਾ ਰੱਦ ਕਰਨਾ ਅਪਰਾਧਿਕ ਸਜ਼ਾ ਦੇ ਬਰਾਬਰ ਨਹੀਂ ਹੁੰਦੀ। ਕੁਝ ਕੇਸਾਂ ਵਿੱਚ ਇਲਜ਼ਾਮ ਜਾਂ ਦੋਸ਼ ਹੁੰਦੇ ਹਨ, ਕੁਝ ਵਿਚ conviction ਹੋ ਸਕਦੀ ਹੈ। ਇਸ ਲਈ ਹਰ ਕੇਸ ਦਾ ਕਾਨੂੰਨੀ ਨਤੀਜੇ ਅਦਾਲਤੀ ਰਿਕਾਰਡ ਅਤੇ ਸਬੂਤ 'ਤੇ ਨਿਰਭਰ ਕਰਦਾ ਹੈ। ਪਰ ਸਟੇਟ ਡਿਪਾਰਟਮੈਂਟ ਵੀਜ਼ਾ ਨੂੰ ਯਾਤਰਾ ਵਿਸ਼ੇਸ਼ ਅਧਿਕਾਰ ਮੰਨਦਾ ਹੈ ਅਤੇ ਫਰਾਡ ਜਾਂ ਗੰਭੀਰ ਅਪਰਾਧਿਕ ਵਿਵਹਾਰ ਸਾਹਮਣੇ ਆਉਣ ਉੱਤੇ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

ਇਸ ਕਾਰਵਾਈ ਦਾ ਸੁਨੇਹਾ ਸਾਫ਼ ਹੈ ਕਿ ਅਮਰੀਕੀ ਸਰਕਾਰ ਹੁਣ ਵਿੱਤੀ ਧੋਖਾਧੜੀ, ਸਿਹਤ ਸੰਭਾਲ ਅਤੇ ਵੀਜ਼ਾ ਫਰਾਡ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਨਾਲ ਜੋੜ ਕੇ ਦੇਖ ਰਹੀ ਹੈ।

ਪਹਿਲਾਂ ਜਿੱਥੇ ਫਰਾਡ ਕੇਸ ਸਿਰਫ਼ ਕ੍ਰਿਮੀਨਲ ਜਾਂ ਸਿਵਲ ਮੈਟਰ ਵਜੋਂ ਦੇਖਿਆ ਜਾਂਦਾ ਸੀ, ਹੁਣ ਉਸਦਾ ਅਸਰ ਵੀਜ਼ਾ ਸਟੇਟਸ, ਯੂ.ਐੱਸ. ਐਂਟਰੀ ਅਤੇ ਭਵਿੱਖ ਦੇ ਇਮੀਗ੍ਰੇਸ਼ਨ ਲਾਭਾਂ ਉੱਤੇ ਵੀ ਪੈ ਸਕਦਾ ਹੈ।

ਪੰਜਾਬੀ ਅਤੇ ਦੱਖਣ ਏਸ਼ੀਆਈ ਭਾਈਚਾਰੇ ਲਈ ਇਹ ਖਬਰ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਬਹੁਤ ਸਾਰੇ ਲੋਕ ਵਪਾਰਕ ਵੀਜ਼ਾ, ਵਿਜ਼ਟਰ ਵੀਜ਼ਾ, ਵਿਦਿਆਰਥੀ ਵੀਜ਼ਾ ਜਾਂ ਰੁਜ਼ਗਾਰ ਵੀਜ਼ਾ ਉੱਤੇ ਅਮਰੀਕਾ ਆਉਂਦੇ ਹਨ। ਕਿਸੇ ਵੀ ਵੀਜ਼ਾ ਅਰਜ਼ੀ ਵਿਚ ਝੂਠੇ ਦਸਤਾਵੇਜ਼, ਜਾਅਲੀ ਕਾਰੋਬਾਰੀ ਦਾਅਵੇ, ਜਾਅਲੀ ਪੱਤਰ ਜਾਂ ਗਲਤ ਬਿਆਨੀ ਬਹੁਤ ਵੱਡਾ ਜ਼ੋਖਮ ਬਣ ਸਕਦੇ ਹਨ।

# ਸੁਪਰੀਮ ਕੋਰਟ ਦੇ ਨਵੇਂ ਫ਼ੈਸਲੇ ਨਾਲ ਗ੍ਰੀਨ ਕਾਰਡ ਹੋਲਡਰਾਂ ਲਈ ਵਿਦੇਸ਼ ਯਾਤਰਾ 'ਚ ਜ਼ੋਖਮ ਵਧਿਆ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਸੁਪਰੀਮ ਕੋਰਟ ਨੇ 23 ਜੂਨ 2026 ਨੂੰ ਬਲੈਂਚੇ ਬਨਾਮ ਲਾਉ ਮਾਮਲੇ ਵਿਚ 6-3 ਦੇ ਬਹੁਮਤੀ ਫ਼ੈਸਲੇ ਨਾਲ ਇੱਕ ਅਹਿਮ ਸਪੱਸ਼ਟੀਕਰਨ ਦਿੱਤਾ ਹੈ, ਜਿਸ ਦਾ ਸਿੱਧਾ ਅਸਰ ਗ੍ਰੀਨ ਕਾਰਡ ਹੋਲਡਰਾਂ (ਕਾਨੂੰਨੀ ਸਥਾਈ ਨਿਵਾਸੀ - ਐੱਲ.ਪੀ.ਆਰ.) ਉੱਤੇ ਪੈ ਸਕਦਾ ਹੈ। ਇਸ ਫ਼ੈਸਲੇ ਤੋਂ ਬਾਅਦ ਵਿਦੇਸ਼ ਤੋਂ ਵਾਪਸ ਆਉਣ ਵਾਲੇ ਕੁਝ ਗ੍ਰੀਨ ਕਾਰਡ ਹੋਲਡਰਾਂ ਨੂੰ ਸਰਹੱਦ 'ਤੇ "ਦਾਖਲੇ ਲਈ ਬਿਨੈਕਾਰ" ਯਾਨੀ ਦੁਬਾਰਾ ਦਾਖਲੇ ਲਈ ਅਰਜ਼ੀਕਾਰ ਮੰਨਿਆ ਜਾ ਸਕੇਗਾ, ਭਾਵੇਂ ਉਨ੍ਹਾਂ ਖ਼ਿਲਾਫ਼ ਅਜੇ ਅੰਤਿਮ ਅਦਾਲਤੀ ਫ਼ੈਸਲਾ ਨਾ ਆਇਆ ਹੋਵੇ।

ਸੁਪਰੀਮ ਕੋਰਟ ਨੇ ਕਿਹਾ ਕਿ ਬਾਰਡਰ ਅਧਿਕਾਰੀਆਂ ਨੂੰ ਹੁਣ ਇਹ ਸਾਬਤ ਕਰਨ ਲਈ "ਸਪੱਸ਼ਟ ਅਤੇ ਠੋਸ ਸਬੂਤ" ਦੀ ਲੋੜ ਨਹੀਂ ਕਿ ਗ੍ਰੀਨ ਕਾਰਡ ਹੋਲਡਰ ਨੇ **Crime Involving Moral Turpitude** (ਸੀ.ਆਈ.ਐੱਮ.ਟੀ.) ਕੀਤਾ ਹੈ। ਜੇਕਰ ਸਰਕਾਰ ਨੂੰ ਲੱਗਦਾ ਹੈ ਕਿ ਵਿਅਕਤੀ ਅਜਿਹੇ ਅਪਰਾਧ ਨਾਲ ਜੁੜਿਆ ਹੋ ਸਕਦਾ ਹੈ, ਤਾਂ ਬਾਰਡਰ ਅਧਿਕਾਰੀ ਉਸ ਨੂੰ "ਦਾਖਲੇ ਲਈ ਬਿਨੈਕਾਰ" ਵਜੋਂ ਟ੍ਰੀਟ ਕਰ ਸਕਦੇ ਹਨ।

ਅਦਾਲਤ ਨੇ ਦੋ-ਪੜਾਅ ਵਾਲਾ ਢਾਂਚਾ ਵੀ ਸਪੱਸ਼ਟ ਕੀਤਾ ਹੈ। ਪਹਿਲੇ ਪੜਾਅ ਵਿਚ ਬਾਰਡਰ 'ਤੇ ਅਧਿਕਾਰੀ ਤੁਰੰਤ ਫ਼ੈਸਲਾ ਕਰ ਸਕਦੇ ਹਨ ਕਿ ਵਿਅਕਤੀ ਨੂੰ ਆਮ ਗ੍ਰੀਨ ਕਾਰਡ ਹੋਲਡਰ ਵਜੋਂ ਦਾਖ਼ਲ ਕਰਨਾ ਹੈ ਜਾਂ "ਦਾਖਲੇ ਲਈ ਬਿਨੈਕਾਰ" ਵਜੋਂ ਮੰਨਣਾ ਹੈ। ਦੂਜੇ ਪੜਾਅ ਵਿਚ, ਜੇ ਸਰਕਾਰ ਉਸ ਵਿਅਕਤੀ ਨੂੰ ਦੇਸ਼ ਤੋਂ ਕੱਢਣਾ ਚਾਹੁੰਦੀ ਹੈ, ਤਾਂ ਇਮੀਗ੍ਰੇਸ਼ਨ ਅਦਾਲਤ ਵਿਚ ਇਹ ਸਾਬਤ ਕਰਨਾ ਲਾਜ਼ਮੀ ਹੋਵੇਗਾ ਕਿ ਉਸ ਵਿਅਕਤੀ ਨੂੰ ਵਾਸਤਵ ਵਿਚ ਸੀ.ਆਈ.ਐੱਮ.ਟੀ. ਵਾਲੇ ਅਪਰਾਧ ਵਿਚ ਦੋਸ਼ੀ ਠਹਿਰਾਇਆ ਗਿਆ ਸੀ ਜਾਂ ਉਸ ਨੇ ਉਹ ਅਪਰਾਧ ਮੰਨਿਆ ਸੀ। ਸੁਪਰੀਮ ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇ ਕੋਈ ਗ੍ਰੀਨ ਕਾਰਡ ਹੋਲਡਰ ਵਿਦੇਸ਼ ਤੋਂ ਵਾਪਸ ਆਉਣ ਤੋਂ ਬਾਅਦ ਕਿਸੇ ਅਜਿਹੇ ਅਪਰਾਧ ਵਿਚ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਵੀ ਉਸ ਦੀ ਪਹਿਲਾਂ ਹੋਈ ਐਂਟਰੀ ਨੂੰ "ਦਾਖਲੇ ਲਈ ਬਿਨੈਕਾਰ" ਵਾਲੇ ਨਿਯਮਾਂ ਅਧੀਨ ਵੇਖਿਆ ਜਾ ਸਕਦਾ ਹੈ।

ਇਸ ਫ਼ੈਸਲੇ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਗ੍ਰੀਨ ਕਾਰਡ ਹੋਲਡਰਾਂ 'ਤੇ ਪੈ ਸਕਦਾ ਹੈ, ਜਿਨ੍ਹਾਂ ਖ਼ਿਲਾਫ਼ ਕੋਈ ਫੌਜਦਾਰੀ ਕੇਸ ਲੰਬਿਤ ਹੈ ਜਾਂ ਜਿਨ੍ਹਾਂ 'ਤੇ ਅਜਿਹੇ ਦੋਸ਼ ਹਨ, ਜੋ ਭਵਿੱਖ ਵਿੱਚ **Crime Involving Moral Turpitude** ਦੇ ਦਾਇਰੇ ਵਿਚ ਆ ਸਕਦੇ ਹਨ। ਅਜਿਹੇ ਲੋਕਾਂ ਨੂੰ ਅਮਰੀਕਾ ਵਾਪਸੀ ਸਮੇਂ ਵਧੇਰੇ ਪੁੱਛਗਿੱਛ, ਪੈਰੋਲ 'ਤੇ ਦਾਖਲਾ ਜਾਂ ਇਮੀਗ੍ਰੇਸ਼ਨ ਹਿਰਾਸਤ ਅਤੇ ਹਟਾਉਣ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਗ੍ਰੀਨ ਕਾਰਡ ਹੋਲਡਰਾਂ ਲਈ ਵਿਦੇਸ਼ ਯਾਤਰਾ ਕਰਨ ਤੋਂ ਪਹਿਲਾਂ ਆਪਣੀ ਇਮੀਗ੍ਰੇਸ਼ਨ ਅਤੇ ਫੌਜਦਾਰੀ ਸਥਿਤੀ ਦੀ ਪੂਰੀ ਜਾਂਚ ਕਰਵਾਉਣਾ ਪਹਿਲਾਂ ਨਾਲੋਂ ਕਾਫ਼ੀ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ।




# ਟਰੰਪ ਦੀ ਤਸਵੀਰ ਵਾਲੇ ਨਵੇਂ ਅਮਰੀਕੀ ਪਾਸਪੋਰਟ ਨੇ ਛੇੜੀ ਚਰਚਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਾਂਝਾ ਕੀਤਾ ਗਿਆ ਨਵਾਂ ਯਾਦਗਾਰੀ ਅਮਰੀਕੀ ਪਾਸਪੋਰਟ ਡਿਜ਼ਾਈਨ ਹੁਣ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਪਾਸਪੋਰਟ ਅਮਰੀਕਾ ਦੀ 250ਵੀਂ ਆਜ਼ਾਦੀ ਵਰ੍ਹੇਗੰਢ, ਯਾਨੀ ਅਮਰੀਕਾ 250 ਸੈਲੀਬ੍ਰੇਸ਼ਨ ਲਈ ਤਿਆਰ ਕੀਤਾ ਗਿਆ ਲਿਮਟਿਡ-ਐਡੀਸ਼ਨ ਡਿਜ਼ਾਇਨ ਦੱਸਿਆ ਜਾ ਰਿਹਾ ਹੈ। ਪਰ ਇਸ ਦੀ ਚਰਚਾ ਪਾਸਪੋਰਟ ਦੇ ਡਿਜ਼ਾਈਨ ਨਾਲੋਂ ਵੱਧ ਟਰੰਪ ਦੀ ਇਕ ਲਾਈਨ ਕਰਕੇ ਹੋ ਰਹੀ ਹੈ, ਜਿਸ ਵਿਚ ਉਨ੍ਹਾਂ ਨੇ ਲਿਖਿਆ – "**Welcome, but be good.**"

ਟਰੰਪ ਨੇ ਟਰੁੱਥ ਸੋਸ਼ਲ ਉੱਤੇ ਇਸ ਨਵੇਂ ਪਾਸਪੋਰਟ ਦੀ ਤਸਵੀਰ ਸ਼ੇਅਰ ਕੀਤੀ। ਤਸਵੀਰ ਵਿਚ ਉਨ੍ਹਾਂ ਦੀ ਆਪਣੀ ਸਟਾਈਲਿਸ਼ਡ ਪੋਰਟਰੇਟ ਦਿਖਾਈ ਦਿੰਦੀ ਹੈ। ਟਰੰਪ ਰੈਜ਼ੋਲਿਊਟ ਡੈਸਕ ਦੇ ਪਿੱਛੇ ਖੜ੍ਹੇ ਜਾਂ ਝੁਕੇ ਹੋਏ ਦਿਖਾਈ ਦਿੰਦੇ ਹਨ ਅਤੇ ਬੈਕਗਰਾਊਂਡ ਵਿਚ ਆਜ਼ਾਦੀ ਦਾ ਘੋਸ਼ਣਾ ਪੱਤਰ ਨਾਲ ਜੁੜਿਆ ਟੈਕਸਟ ਨਜ਼ਰ ਆਉਂਦਾ ਹੈ। ਹੇਠਾਂ ਟਰੰਪ ਦੇ ਦਸਤਖਤ ਵੀ ਦਿਖਾਏ ਗਏ ਹਨ। ਡਿਜ਼ਾਈਨ ਨੂੰ ਅਮਰੀਕਾ ਦੀ 250ਵੀਂ ਵਰ੍ਹੇਗੰਢ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ।

ਪਰ ਜਿਵੇਂ ਹੀ ਇਹ ਤਸਵੀਰ ਜਨਤਕ ਹੋਈ, ਸੋਸ਼ਲ ਮੀਡੀਆ ਉੱਤੇ ਲੋਕਾਂ ਨੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ। ਸਭ ਤੋਂ ਵੱਡਾ ਸਵਾਲ ਇਹ ਸੀ ਕਿ ਅਮਰੀਕੀ ਪਾਸਪੋਰਟ ਅਸਲ ਵਿਚ ਕਿਸ ਲਈ ਹੁੰਦਾ ਹੈ। ਪਾਸਪੋਰਟ ਅਮਰੀਕੀ ਨਾਗਰਿਕਾਂ ਨੂੰ ਅੰਤਰਰਾਸ਼ਟਰੀ ਯਾਤਰਾ ਲਈ ਜਾਰੀ ਹੁੰਦਾ ਹੈ। ਇਹ ਵਿਦੇਸ਼ੀ ਸੈਲਾਨੀਆਂ ਨੂੰ ਅਮਰੀਕਾ ਵਿਚ ਸਵਾਗਤ ਕਰਨ ਵਾਲਾ ਵੀਜ਼ਾ ਜਾਂ ਐਂਟਰੀ ਪਰਮਿਟ ਨਹੀਂ ਹੁੰਦਾ। ਇਸ ਲਈ ਆਲੋਚਕਾਂ ਨੇ ਕਿਹਾ ਕਿ "**Welcome, but be good**" ਵਾਲੀ ਲਾਈਨ ਪਾਸਪੋਰਟ ਦੇ ਮੂਲ ਉਦੇਸ਼ ਨਾਲ ਮੇਲ ਨਹੀਂ ਕਰਦੀ।

### ■ "Welcome, but be good" ਵਾਲੇ ਦਾਅਵੇ 'ਤੇ ਉੱਠੇ ਸਵਾਲ

ਕਈ ਲੋਕਾਂ ਨੇ ਆਨਲਾਈਨ ਟਿੱਪਣੀ ਕੀਤਾ ਕਿ ਅਮਰੀਕੀ ਪਾਸਪੋਰਟ ਤਾਂ ਅਮਰੀਕੀ ਲੋਕ ਆਪਣੇ ਵਿਦੇਸ਼ ਯਾਤਰਾ ਲਈ ਵਰਤਦੇ ਹਨ, ਫਿਰ "**Welcome**" ਕਿਸ ਨੂੰ ਕੀਤਾ ਜਾ ਰਿਹਾ ਹੈ? ਕੁਝ ਆਲੋਚਕਾਂ ਨੇ ਇਸਨੂੰ ਉਲਝਣ ਵਾਲਾ ਅਤੇ ਸਵੈ-ਪ੍ਰਚਾਰਕ ਡਿਜ਼ਾਈਨ ਕਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਦੀ 250ਵੀਂ ਵਰ੍ਹੇਗੰਢ ਵਰਗੇ ਇਤਿਹਾਸਕ ਮੌਕੇ ਨੂੰ ਕਿਸੇ ਇੱਕ ਮੌਜੂਦਾ ਰਾਸ਼ਟਰਪਤੀ ਨਾਲ ਜੋੜਨਾ ਵਿਵਾਦ ਪੈਦਾ ਕਰ ਸਕਦਾ ਹੈ।

ਸਟੇਟ ਡਿਪਾਰਟਮੈਂਟ ਦੇ ਅਧਿਕਾਰਤ ਵੇਰਵੇ ਮੁਤਾਬਕ ਇਹ ਯਾਦਗਾਰੀ ਪਾਸਪੋਰਟ 6 ਜੁਲਾਈ 2026 ਤੋਂ ਵਾਸ਼ਿੰਗਟਨ ਪਾਸਪੋਰਟ ਏਜੰਸੀ ਵਿਚ ਸੀਮਤ ਸਪਲਾਈ ਤੱਕ ਜਾਰੀ ਕੀਤਾ ਜਾਣਾ ਹੈ। ਇਹ ਹਰ ਪਾਸਪੋਰਟ ਬਿਨੈਕਾਰ ਨੂੰ ਆਟੋਮੈਟਿਕ ਤੌਰ ਉੱਤੇ ਨਹੀਂ ਮਿਲੇਗਾ। ਜਿਹੜੇ ਲੋਕ ਆਨਲਾਈਨ ਅਪਲਾਈ ਕਰਨਗੇ, ਮੇਲ ਰਾਹੀਂ ਅਪਲਾਈ ਕਰਨਗੇ, ਅਮਰੀਕੀ ਅੰਬੈਸੀ ਜਾਂ ਵਿਦੇਸ਼ ਕੌਂਸਲੇਟ ਰਾਹੀਂ ਅਪਲਾਈ ਕਰਨਗੇ, ਜਾਂ ਵਾਸ਼ਿੰਗਟਨ ਤੋਂ ਇਲਾਵਾ ਕਿਸੇ ਹੋਰ ਪਾਸਪੋਰਟ ਏਜੰਸੀ ਵਿਚ ਅਪਲਾਈ ਕਰਨਗੇ, ਉਨ੍ਹਾਂ ਨੂੰ ਇਹ ਸਪੈਸ਼ਲ ਡਿਜ਼ਾਈਨ ਨਹੀਂ ਮਿਲੇਗਾ।

ਰਿਪੋਰਟਾਂ ਮੁਤਾਬਕ ਇਹ ਲਿਮਟਿਡ-ਐਡੀਸ਼ਨ ਪਾਸਪੋਰਟ ਵਾਸ਼ਿੰਗਟਨ ਪਾਸਪੋਰਟ ਏਜੰਸੀ ਵਿਚ ਵਿਅਕਤੀਗਤ ਤੌਰ 'ਤੇ ਬਿਨੈਕਾਰਾਂ ਲਈ ਉਪਲਬਧ ਹੋਵੇਗਾ, ਜਦ ਤੱਕ ਸਪਲਾਈ ਖਤਮ ਨਹੀਂ ਹੋ ਜਾਂਦੀਆਂ। ਕੁਝ ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਲਗਭਗ 40,000 ਪਾਸਪੋਰਟ ਇਸ ਵਿਸ਼ੇਸ਼ ਐਡੀਸ਼ਨ ਵਿਚ ਰੀਲੀਜ਼ ਕੀਤੇ ਜਾ ਸਕਦੇ ਹਨ। ਸਟੇਟ ਡਿਪਾਰਟਮੈਂਟ ਨੇ ਇਸ ਨੂੰ ਅਮਰੀਕਾ 250 ਜਸ਼ਨ ਦਾ ਯਾਦਗਾਰੀ ਹਿੱਸਾ ਦੱਸਿਆ ਹੈ।

ਇਸ ਪਾਸਪੋਰਟ ਦੇ ਡਿਜ਼ਾਈਨ ਨੂੰ ਲੈ ਕੇ ਇਕ ਹੋਰ ਉਲਝਣ ਇਹ ਵੀ ਹੈ ਕਿ ਟਰੰਪ ਨੇ ਜਿਹੜਾ ਤਸਵੀਰ ਸਾਂਝੀ ਕੀਤੀ ਹੈ, ਕੀ ਉਹ ਅੰਤਿਮ ਅਧਿਕਾਰਤ ਪਾਸਪੋਰਟ ਸੰਸਕਰਣ ਹੈ ਜਾਂ **early mock-up**। ਕੁਝ ਰਿਪੋਰਟਾਂ ਕਹਿੰਦੀਆਂ ਹਨ ਕਿ ਪਹਿਲਾਂ ਸਟੇਟ ਡਿਪਾਰਟਮੈਂਟ ਵੱਲੋਂ ਦਿਖਾਈ ਗਈ ਰੈਂਡਰਿੰਗ ਵਿਚ ਟਰੰਪ ਦੀ ਵੱਖਰੀ ਪੋਰਟਰੇਟ ਸੀ, ਜਦਕਿ ਟਰੁੱਥ ਸੋਸ਼ਲ ਉੱਤੇ ਸ਼ੇਅਰ ਕੀਤੀ ਤਸਵੀਰ ਵਿਚ ਹੋਰ ਤਸਵੀਰ ਦਿਖਾਈ ਦਿੰਦੀ ਹੈ। ਇਸ ਲਈ ਫਾਈਨਲ ਪ੍ਰਿੰਟਿਡ ਡਿਜ਼ਾਈਨ ਬਾਰੇ ਅਜੇ ਵੀ ਪੂਰੀ ਸਪੱਸ਼ਟਤਾ ਨਹੀਂ ਹੈ। ਆਲੋਚਕ ਕਹਿ ਰਹੇ ਹਨ ਕਿ ਅਮਰੀਕੀ ਪਾਸਪੋਰਟ ਇੱਕ ਰਾਸ਼ਟਰੀ ਦਸਤਾਵੇਜ਼ ਹੈ, ਕਿਸੇ ਸਿਆਸੀ ਮੁਹਿੰਮ ਜਾਂ ਨਿੱਜੀ ਬ੍ਰਾਂਡਿੰਗ ਦਾ ਹਿੱਸਾ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੀ ਫਾਊਂਡਿੰਗ ਫਿਲਾਸਫੀ ਰਾਜਸ਼ਾਹੀ ਨੂੰ ਰੱਦ ਕਰਨ ਉੱਤੇ ਆਧਾਰਿਤ ਸੀ, ਇਸ ਲਈ ਪਾਸਪੋਰਟ ਉੱਤੇ ਮੌਜੂਦਾ ਰਾਸ਼ਟਰਪਤੀ ਦੀ ਤਸਵੀਰ ਲਗਾਉਣਾ ਕਈ ਲੋਕਾਂ ਨੂੰ ਅਣਉਚਿਤ ਲੱਗ ਰਿਹਾ ਹੈ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਗੰਨ ਰਾਈਟਸ ਹੋਰ ਮਜ਼ਬੂਤ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੁਪਰੀਮ ਕੋਰਟ ਨੇ ਦੂਜੇ ਸੰਵਿਧਾਨਕ ਸੋਧ ਤਹਿਤ ਹਥਿਆਰ ਰੱਖਣ ਅਤੇ ਨਾਲ ਲਿਜਾਣ ਦੇ ਅਧਿਕਾਰਾਂ ਨੂੰ ਹੋਰ ਮਜ਼ਬੂਤ ਕਰਨ ਵਾਲੇ ਦੋ ਅਹਿਮ ਫ਼ੈਸਲੇ ਸੁਣਾਏ ਹਨ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਫ਼ੈਸਲੇ ਭਵਿੱਖ ਵਿਚ ਗੰਨ ਕੰਟਰੋਲ ਕਾਨੂੰਨਾਂ ਲਈ ਹੋਰ ਸਖ਼ਤ ਕਾਨੂੰਨੀ ਕਸੌਟੀ ਤੈਅ ਕਰਨਗੇ ਅਤੇ ਰਾਜਾਂ ਲਈ ਨਵੇਂ ਗੰਨ ਕਾਨੂੰਨ ਬਣਾਉਣਾ ਪਹਿਲਾਂ ਨਾਲੋਂ ਵੱਧ ਮੁਸ਼ਕਲ ਹੋ ਸਕਦਾ ਹੈ।

6-3 ਦੇ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਹਵਾਈ ਰਾਜ ਦਾ ਉਹ ਕਾਨੂੰਨ ਰੱਦ ਕਰ ਦਿੱਤਾ, ਜਿਸ ਅਨੁਸਾਰ ਕਿਸੇ ਦੁਕਾਨ, ਹੋਟਲ, ਰੈਸਟੋਰੈਂਟ ਜਾਂ ਜਨਤਕ ਤੌਰ 'ਤੇ ਖੁੱਲ੍ਹੀ ਨਿੱਜੀ ਜਾਇਦਾਦ 'ਤੇ ਹੈਂਡਗੰਨ ਲੈ ਕੇ ਜਾਣ ਤੋਂ ਪਹਿਲਾਂ ਮਾਲਕ ਦੀ ਸਪੱਸ਼ਟ ਇਜਾਜ਼ਤ ਲੈਣੀ ਲਾਜ਼ਮੀ ਸੀ। ਬਹੁਮਤ ਵਾਲੇ ਜੱਜਾਂ ਨੇ ਕਿਹਾ ਕਿ ਇਹ ਸ਼ਰਤ ਦੂਜੇ ਸੰਵਿਧਾਨਕ ਸੋਧ ਦੇ ਅਧਿਕਾਰਾਂ ਨਾਲ ਮੇਲ ਨਹੀਂ ਖਾਂਦੀ।

ਇਸ ਤੋਂ ਇੱਕ ਹਫ਼ਤਾ ਪਹਿਲਾਂ ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਇੱਕ ਹੋਰ ਫ਼ੈਸਲੇ ਵਿਚ 1968 ਦੇ ਸੰਘੀ ਕਾਨੂੰਨ ਦੀ ਸੀਮਤ ਵਿਆਖਿਆ ਕੀਤੀ, ਜਿਸ ਤਹਿਤ ਕੁਝ ਨਸ਼ੀਲੇ ਪਦਾਰਥ ਵਰਤਣ ਵਾਲਿਆਂ ਨੂੰ ਹਥਿਆਰ ਰੱਖਣ ਤੋਂ ਰੋਕਿਆ ਜਾਂਦਾ ਸੀ। ਅਦਾਲਤ ਨੇ ਕਿਹਾ ਕਿ ਕੇਵਲ ਮਾਰੀਜੁਆਨਾ ਵਰਤਣ ਦੇ ਆਧਾਰ 'ਤੇ ਹਰ ਵਿਅਕਤੀ ਤੋਂ ਹਥਿਆਰ ਰੱਖਣ ਦਾ ਅਧਿਕਾਰ ਨਹੀਂ ਖੋਹਿਆ ਜਾ ਸਕਦਾ। ਇਸ ਫ਼ੈਸਲੇ ਨਾਲ ਲੱਖਾਂ ਅਮਰੀਕੀ ਪ੍ਰਭਾਵਿਤ ਹੋ ਸਕਦੇ ਹਨ, ਜੋ ਮਾਰੀਜੁਆਨਾ ਦੀ ਵਰਤੋਂ ਕਰਦੇ ਹਨ ਅਤੇ ਕਾਨੂੰਨੀ ਤੌਰ 'ਤੇ ਗੰਨ ਵੀ ਰੱਖਦੇ ਹਨ।

### ■ ਹੋਰ ਹਥਿਆਰਾਂ ਨਾਲ ਜੁੜੇ ਕੇਸ ਸੁਣਨ ਦੇ ਸੰਕੇਤ

ਇਹ ਦੋਵੇਂ ਫ਼ੈਸਲੇ 2022 ਦੇ ਇਤਿਹਾਸਕ ਬਰੂਏਨ ਫ਼ੈਸਲੇ ਵਿਚ ਬਣਾਏ ਗਏ ਕਾਨੂੰਨੀ ਮਾਪਦੰਡ 'ਤੇ ਆਧਾਰਿਤ ਹਨ। ਉਸ ਫ਼ੈਸਲੇ ਅਨੁਸਾਰ ਕੋਈ ਵੀ ਗੰਨ ਕੰਟਰੋਲ ਕਾਨੂੰਨ ਤਦ ਹੀ ਸੰਵਿਧਾਨਕ ਮੰਨਿਆ ਜਾਵੇਗਾ, ਜੇਕਰ ਉਹ ਅਮਰੀਕਾ ਦੀ ਇਤਿਹਾਸਕ ਹਥਿਆਰ ਨਿਯਮਾਂਵਲੀ ਦੀ ਪ੍ਰੰਪਰਾ ਨਾਲ ਮੇਲ ਖਾਂਦਾ ਹੋਵੇ। ਸਿਰਫ਼ ਇਹ ਦਲੀਲ ਕਿ ਕਾਨੂੰਨ ਜਨਤਕ ਸੁਰੱਖਿਆ ਲਈ ਹੈ, ਹੁਣ ਕਾਫ਼ੀ ਨਹੀਂ ਮੰਨੀ ਜਾਵੇਗੀ।

ਗੰਨ ਅਧਿਕਾਰਾਂ ਦੇ ਸਮਰਥਕ ਹੁਣ ਉਮੀਦ ਕਰ ਰਹੇ ਹਨ ਕਿ ਸੁਪਰੀਮ ਕੋਰਟ ਆਪਣੇ ਅਗਲੇ ਕਾਰਜਕਾਲ ਵਿਚ ਏ.ਆਰ.-15 ਅਸਾਲਟ-ਸਟਾਈਲ ਰਾਈਫ਼ਲਾਂ, ਵੱਡੀ ਸਮਰੱਥਾ ਵਾਲੀਆਂ ਮੈਗਜ਼ੀਨਾਂ ਅਤੇ 21 ਸਾਲ ਤੋਂ ਘੱਟ ਉਮਰ ਦੇ ਬਾਲਗਾਂ ਨੂੰ ਹੈਂਡਗੰਨ ਵੇਚਣ 'ਤੇ ਲੱਗੀਆਂ ਪਾਬੰਦੀਆਂ ਨਾਲ ਸੰਬੰਧਿਤ ਕੇਸ ਵੀ ਸੁਣੇਗੀ। ਇਹ ਅਪੀਲਾਂ ਇਸ ਸਮੇਂ ਅਦਾਲਤ ਦੇ ਵਿਚਾਰਅਧੀਨ ਹਨ ਅਤੇ ਜਲਦੀ ਹੀ ਇਹ ਤੈਅ ਹੋ ਸਕਦਾ ਹੈ ਕਿ ਉਨ੍ਹਾਂ ਦੀ ਸੁਣਵਾਈ ਹੋਵੇਗੀ ਜਾਂ ਨਹੀਂ।

ਗੰਨ ਰਾਈਟਸ ਸੰਸਥਾ **Gun Owners of America** ਨਾਲ ਜੁੜੇ ਵਕੀਲ ਸਟੀਫਨ ਸਟੈਂਬੂਲੀਹ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸੁਪਰੀਮ ਕੋਰਟ ਏ.ਆਰ.-15 ਰਾਈਫ਼ਲਾਂ ਅਤੇ ਮੈਗਜ਼ੀਨ ਪਾਬੰਦੀਆਂ ਬਾਰੇ ਵੀ ਸਪੱਸ਼ਟ ਫ਼ੈਸਲਾ ਦੇਵੇ ਅਤੇ ਹੇਠਲੀਆਂ ਅਦਾਲਤਾਂ ਨੂੰ ਆਪਣੇ ਪੁਰਾਣੇ ਫ਼ੈਸਲਿਆਂ ਦੀ ਪਾਲਣਾ ਕਰਨ ਲਈ ਮਜਬੂਰ ਕਰੇ।

ਦੂਜੇ ਪਾਸੇ, ਪੇਪਰਡਾਈਨ ਯੂਨੀਵਰਸਿਟੀ ਦੇ ਕਾਨੂੰਨ ਪ੍ਰੋਫੈਸਰ ਜੈਕਬ ਚਾਰਲਜ਼ ਨੇ ਕਿਹਾ ਕਿ ਸੁਪਰੀਮ ਕੋਰਟ ਹੁਣ ਲਗਭਗ ਹਰ ਨਵੇਂ ਗੰਨ ਕਾਨੂੰਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੀ ਹੈ ਅਤੇ ਉਸ ਨੇ ਅਜਿਹਾ ਕਾਨੂੰਨੀ ਮਾਪਦੰਡ ਤਿਆਰ ਕਰ ਦਿੱਤਾ ਹੈ, ਜਿਸ ਕਾਰਨ ਰਾਜਾਂ ਲਈ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਨਵੇਂ ਹਥਿਆਰ ਕਾਨੂੰਨ ਬਣਾਉਣਾ ਬਹੁਤ ਔਖਾ ਹੋ ਗਿਆ ਹੈ।

ਲਿਬਰਲ ਜਸਟਿਸ ਕੇਤਾਂਜੀ ਬਰਾਊਨ ਜੈਕਸਨ ਨੇ ਆਪਣੇ ਅਸਹਿਮਤੀ ਭਰੇ ਫ਼ੈਸਲੇ ਵਿਚ ਕਿਹਾ ਕਿ ਬਹੁਮਤ ਨੇ ਬਰੂਏਨ ਮਾਪਦੰਡ ਦੀ ਅਜਿਹੀ ਵਿਆਖਿਆ ਕੀਤੀ ਹੈ, ਜਿਸ ਨਾਲ ਅਦਾਲਤਾਂ ਵਿਧਾਨ ਸਭਾਵਾਂ ਦੇ ਫ਼ੈਸਲਿਆਂ ਨੂੰ ਆਸਾਨੀ ਨਾਲ ਰੱਦ ਕਰ ਸਕਦੀਆਂ ਹਨ ਅਤੇ ਜਨਤਕ ਸੁਰੱਖਿਆ ਨਾਲੋਂ ਗੰਨ ਅਧਿਕਾਰਾਂ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ।

ਕਾਨੂੰਨੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਸੁਪਰੀਮ ਕੋਰਟ ਅਗਲੇ ਕਾਰਜਕਾਲ ਵਿਚ ਏ.ਆਰ.-15 ਰਾਈਫ਼ਲਾਂ, ਵੱਡੀ ਸਮਰੱਥਾ ਵਾਲੀਆਂ ਮੈਗਜ਼ੀਨਾਂ ਅਤੇ ਹੋਰ ਗੰਨ ਪਾਬੰਦੀਆਂ ਨਾਲ ਜੁੜੇ ਕੇਸਾਂ ਦੀ ਸੁਣਵਾਈ ਕਰਦੀ ਹੈ, ਤਾਂ ਅਮਰੀਕਾ ਦੇ ਗੰਨ ਕਾਨੂੰਨਾਂ ਵਿਚ ਆਉਣ ਵਾਲੇ ਸਮੇਂ ਦੌਰਾਨ ਹੋਰ ਵੱਡੇ ਬਦਲਾਅ ਦੇਖਣ ਨੂੰ ਮਿਲ ਸਕਦੇ ਹਨ।




# ਕੈਨੇਡਾ ਤੇ ਨਿਊਜ਼ੀਲੈਂਡ 'ਸ਼ਰਨ' ਮੰਗਣ ਵਾਲਿਆਂ ਦੀਆਂ ਅਰਜ਼ੀਆਂ ਧੜਾਧੜ ਕਰ ਰਹੇ ਨੇ ਰੱਦ!

**ਓਨਟਾਰੀਓ, (ਪੰਜਾਬ ਮੇਲ)-** ਕੈਨੇਡਾ ਅਤੇ ਨਿਊਜ਼ੀਲੈਂਡ ਵਿਚ ਸਿਆਸੀ ਸ਼ਰਨ ਲੈਣ ਦੇ ਚਾਹਵਾਨ ਭਾਰਤੀਆਂ, ਪੰਜਾਬੀਆਂ ਅਤੇ ਗਲਤ ਤਰੀਕੇ ਨਾਲ ਉੱਥੇ ਪੱਕੇ ਹੋਣ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਬਹੁਤ ਬੁਰੀ ਖ਼ਬਰ ਹੈ। ਦੋਵਾਂ ਦੇਸ਼ਾਂ ਦੇ ਇਮੀਗ੍ਰੇਸ਼ਨ ਵਿਭਾਗਾਂ ਨੇ ਫਰਜ਼ੀ ਅਤੇ ਮਨਘੜਤ ਕਹਾਣੀਆਂ ਦੇ ਆਧਾਰ 'ਤੇ ਦਿੱਤੀਆਂ ਗਈਆਂ ਸ਼ਰਨ ਦੀਆਂ ਅਰਜ਼ੀਆਂ ਨੂੰ ਵੱਡੇ ਪੱਧਰ 'ਤੇ ਰੱਦ ਕਰਨਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਦੀ ਇਸ ਕਾਰਵਾਈ ਵਿਰੁੱਧ ਕੋਈ ਅਪੀਲ ਵੀ ਨਹੀਂ ਕੀਤੀ ਜਾ ਸਕਦੀ। ਸਰੋਤਾਂ ਅਨੁਸਾਰ ਅਧਿਕਾਰੀ ਉਨ੍ਹਾਂ ਅਰਜ਼ੀਆਂ ਨੂੰ ਤੁਰੰਤ ਰੱਦ ਕਰ ਰਹੇ ਹਨ, ਜਿਨ੍ਹਾਂ ਵਿਚ "ਮਨਘੜਤ ਅੱਤਿਆਚਾਰ" ਜਾਂ "ਧਾਰਮਿਕ ਸ਼ੋਸ਼ਣ" ਦੇ ਅਜਿਹੇ ਸਬੂਤ ਦਿੱਤੇ ਗਏ ਸਨ, ਜਿਨ੍ਹਾਂ ਦਾ ਕੋਈ ਭਰੋਸੇਯੋਗ ਅਧਾਰ ਨਹੀਂ ਹੈ। ਇਹ ਕਾਰਵਾਈ ਉਨ੍ਹਾਂ ਏਜੰਟਾਂ ਅਤੇ ਕੰਸਲਟੈਂਟਾਂ ਦੇ ਫਲਦੇ-ਫੁੱਲਦੇ ਨੈੱਟਵਰਕ ਲਈ ਵੀ ਵੱਡਾ ਝਟਕਾ ਹੈ, ਜੋ ਨੌਜਵਾਨਾਂ ਤੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਨੂੰ ਝੂਠੀਆਂ ਕਹਾਣੀਆਂ ਘੜ ਕੇ ਵਿਦੇਸ਼ ਭੇਜਣ ਵਿਚ ਮਦਦ ਕਰਦੇ ਹਨ।



# ਕੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਵਜੋਂ ਮੁੜ ਉਭਰੇਗਾ?





ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA

ਦੇਸ਼ ਵਿਚ ਐਮਰਜੈਂਸੀ ਦੀ 51ਵੀਂ ਵਰ੍ਹੇਗੰਢ ਦੇ ਮੌਕੇ ’ਤੇ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਾਸੀਆਂ ਨਾਲ ਐਮਰਜੈਂਸੀ ਸਮੇਂ ਦੌਰਾਨ ਹੋਈਆਂ ਜ਼ਿਆਦਤੀਆਂ ਨੂੰ ਸਾਂਝਾ ਨਹੀਂ ਕੀਤਾ। ਯਾਦ ਰਹੇ ਪੰਜਾਬੀਆਂ ਨੇ ਐਮਰਜੈਂਸੀ ਦੇ ਦੌਰ ’ਚ ਸਭ ਤੋਂ ਵੱਧ ਕਸ਼ਟ ਭੋਗਿਆ ਸੀ। ਦੇਸ਼ ਭਰ ’ਚ ਵਿਰੋਧੀ ਧਿਰਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਨੂੰ ਖ਼ੂਬ ਪ੍ਰਚਾਰਿਆ ਅਤੇ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ। ਪਰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੇਤਾ ਸਿਰਫ਼ ਇੱਕ ਬਿਆਨ ਦੇ ਕੇ ਚੁੱਪੀ ਸਾਧੀ ਬੈਠੇ ਰਹੇ। ਆਖ਼ਿਰ ਕਿਉਂ?

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਇਹ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਬਲਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਦੇ ਹੱਕਾਂ ਦੀ ਰਾਖੀ ਲਈ ਹੋਂਦ ਵਿਚ ਆਈ ਇੱਕ ਅਜਿਹੀ ਲਹਿਰ ਸੀ, ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਮਾਜਿਕ ਅਤੇ ਸੂਬਾਈ ਹੱਕਾਂ ਦੀ ਲੜਾਈ ਵਿਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਦੇ ਇਹ ਪੰਜਾਬ ਖੇਤਰ ਦੀ ਤਰਜ਼ਮਾਨੀ ਕਰਨ ਵਾਲੀ ਪੰਜਾਬ ਦੀ ਵੱਡੀ ਸਿਆਸੀ ਧਿਰ ਸੀ। ਪਰ ਅੱਜ ਇਹ ਪਾਰਟੀ ਬਿਖਰੀ ਹੋਈ ਹੈ। ਫੁਟ ਦਾ ਸ਼ਿਕਾਰ ਹੈ। ਕੀ ਇਹ ਸਵਾਰਥ ਸਿੱਧੀ ਦਾ ਨਤੀਜਾ ਨਹੀਂ ਹੈ?

ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਜਥੇਬੰਦੀ ਪੰਜਾਬ ਵਿਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਮੁੜ ਉਭਰ ਸਕੇਗੀ? ਪੰਜਾਬ ਦੇ ਮੌਜੂਦਾ ਹਾਲਾਤ, ਕੇਂਦਰੀ ਪਾਰਟੀਆਂ ਦੀਆਂ ਚਾਲਾਂ ਅਤੇ ਅਕਾਲੀ ਦਲ ਦੀ ਅੰਦਰੂਨੀ ਫੁੱਟ ਨੂੰ ਵੇਖਦਿਆਂ ਇਹ ਸਵਾਲ ਬਹੁਤ ਗੰਭੀਰ ਹੋ ਗਿਆ ਹੈ।

ਅਕਾਲੀ ਦਲ ਦੀ ਪਛਾਣ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਡਟਣ ਵਾਲੀ ਪਾਰਟੀ ਵਜੋਂ ਰਹੀ ਹੈ। ਜਦੋਂ 1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਗਾਈ, ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਅਤੇ ਪ੍ਰੈੱਸ ’ਤੇ ਪਾਬੰਦੀਆਂ ਲਗਾ ਦਿੱਤੀਆਂ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ, ਜਿਸ ਨੇ ਸਭ ਤੋਂ ਵੱਡੇ ਪੱਧਰ ’ਤੇ ਇਸ ਤਾਨਾਸ਼ਾਹੀ ਦਾ ਵਿਰੋਧ ਕੀਤਾ। ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਵੱਡੇ ਅਕਾਲੀ ਆਗੂਆਂ, ਵਰਕਰਾਂ ਨੇ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਦਿੱਤੀਆਂ। ਜਾਪਦਾ ਹੈ ਇਨ੍ਹਾਂ ਕੁਰਬਾਨੀਆਂ ਨੂੰ ਨੇਤਾਵਾਂ ਪੈਰਾਂ ’ਚ ਰੋਲ ਕੇ ਰੱਖ ਦਿੱਤਾ ਹੈ!

ਅਕਾਲੀ ਦਲ ਦੇ ਮੌਜੂਦਾ ਕਿਰਦਾਰ ਵੱਲ ਝਾਤ ਮਾਰਦਿਆਂ ਤਾਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਾਰਟੀ ਆਪਣੇ ਹੀ ਸ਼ਾਨਦਾਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੀ ਹੈ। ਇੱਥੇ ਤਿੰਨ ਅਜਿਹੀਆਂ ਵੱਡੀਆਂ ਗੱਲਾਂ ਹਨ, ਜਿਨ੍ਹਾਂ ’ਤੇ ਅਕਾਲੀ ਦਲ ਦੀ ਚੁੱਪੀ ਪੰਜਾਬੀਆਂ ਦੇ ਹਿਰਦੇ ਵਲੂੰਧਰਦੀ ਹੈ:

ਪਹਿਲੀ ਇਹ ਕਿ ਐਮਰਜੈਂਸੀ ਦੀਆਂ ਜ਼ਿਆਦਤੀਆਂ ਨੂੰ ਇਹ ਪਾਰਟੀ ਭੁੱਲ ਚੁੱਕੀ ਹੈ। ਜਿਸ ਤਾਨਾਸ਼ਾਹੀ ਖ਼ਿਲਾਫ਼ ਅਕਾਲੀ ਦਲ ਨੇ ਸਭ ਤੋਂ ਵੱਡਾ ਮੋਰਚਾ ਲਾਇਆ ਸੀ, ਅੱਜ ਦੀ ਲੀਡਰਸ਼ਿਪ ਐਮਰਜੈਂਸੀ ਦੌਰਾਨ ਹੋਈਆਂ ਉਨ੍ਹਾਂ ਭਿਆਨਕ ਜ਼ਿਆਦਤੀਆਂ ਅਤੇ ਆਪਣੇ ਆਗੂਆਂ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਸਾਰ ਬੈਠੀ ਹੈ।

ਦੂਜਾ ਇਹ ਪਾਰਟੀ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਅਨੰਦਪੁਰ ਮਤੇ ਤੋਂ ਕਿਨਾਰਾ ਕਰੀ ਬੈਠੀ ਹੈ। ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਰਾਜਾਂ ਨੂੰ ਵੱਧ ਸਵੈ-ਖ਼ੁਦਮੁਖਤਿਆਰੀ (ਅਧਿਕਾਰ) ਦਿਵਾਉਣ ਲਈ ਅਕਾਲੀ ਦਲ ਨੇ ਇਤਿਹਾਸਕ ‘ਅਨੰਦਪੁਰ ਸਾਹਿਬ ਦਾ ਮਤਾ’ ਪਾਸ ਕੀਤਾ ਸੀ। ਪਰ ਅੱਜ ਅਕਾਲੀ ਦਲ ਇਸ ਮਤੇ ਨੂੰ ਅੱਗੇ ਲਿਆਉਣ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਿਆ ਹੈ ਅਤੇ ਕੇਂਦਰੀਕਰਨ ਦੀ ਸਿਆਸਤ ਅੱਗੇ ਗੋਡੇ ਟੇਕ ਚੁੱਕਾ ਹੈ।

ਤੀਜਾ ਇਸ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਹੋਰ ਮੰਗਾਂ ਪ੍ਰਤੀ ਇਹ ਮੋਰਚਾ ਲਾਉਣ ਦੇ ਆਪਣੇ ਸੁਭਾਅ ਨੂੰ ਭੁੱਲ ਚੁੱਕੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ, ਚੰਡੀਗੜ੍ਹ ਦੀ ਵਾਪਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਪੰਜਾਬ ਦੇ ਹੋਂਦ ਦੀ ਲੜਾਈ ਹਨ। ਅਤੀਤ ਵਿਚ ਇਨ੍ਹਾਂ ਮੁਦਿਆਂ ’ਤੇ ਜੇਲ੍ਹਾਂ ਭਰਨ ਵਾਲਾ ਅਕਾਲੀ ਦਲ ਅੱਜ ਇਨ੍ਹਾਂ ਗੰਭੀਰ ਮਸਲਿਆਂ ’ਤੇ ਮੁੜ ਕੋਈ ਮੋਰਚਾ ਲਾਉਣ ਜਾਂ ਸੰਘਰਸ਼ ਵਿੱਢਣ ਦੀ ਹਿੰਮਤ ਨਹੀਂ ਦਿਖਾ ਰਿਹਾ। ਯਾਦ ਰਹੇ ਇਹ ਅਕਾਲੀ ਦਲ ਹੀ ਸੀ, ਜਿਸਨੇ ਪੰਜਾਬੀ ਸੂਬੇ ਦਾ ਇਤਿਹਾਸਿਕ ਮੋਰਚਾ ਲਗਾਇਆ। ਵੱਡੀਆਂ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਲੋਕਾਂ ਦਾ ਦਿਲ ਜਿੱਤਿਆ। ਪਰ ਅੱਜ ਅਕਾਲੀ ਦਲ ਕੀ ਪੰਜਾਬ ਦੀ ਵੱਡੀ ਸਿਆਸੀ ਧਿਰ ਵਜੋਂ ਆਪਣੀ ਹੋਂਦ ਗੁਆ ਰਹੀ ਹੈ?

ਅਕਾਲੀ ਦਲ ਦੇ ਪਤਨ ਅਤੇ ਮੌਜੂਦਾ ਸੰਕਟ ਦਾ ਇੱਕ ਵੱਡਾ ਕਾਰਨ ਧਾਰਮਿਕ ਸੰਸਥਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਨਾ ਮੰਨਿਆ ਜਾ ਰਿਹਾ ਹੈ। ਅੱਜ ਜਦੋਂ ਪਾਰਟੀ ਸਿਆਸੀ ਤੌਰ ’ਤੇ ਹਾਸ਼ੀਏ ’ਤੇ ਹੈ, ਤਾਂ ਇਸ ’ਤੇ ਲਗਾਤਾਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਮੁੜ ਸਿੱਖ ਜਜ਼ਬਾਤ ਅਤੇ ਧਾਰਮਿਕ ਮੰਚਾਂ ਦਾ ਸਹਾਰਾ ਲੈ ਰਹੀ ਹੈ। ਹੁਣੇ ਜਿਹੇ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ‘ਪੰਥ ਦੋਖੀ’ ਕਰਾਰ ਦਿੱਤੇ ਜਾਣ ਦਾ ਜੋ ਹੁਕਮਨਾਮਾ ਸਾਹਮਣੇ ਆਇਆ ਹੈ, ਉਸ ਪਿੱਛੇ ਵੀ ਅਕਾਲੀ ਦਲ ਦੀ ਬੈਕ ਸਟੇਜ ਸਿਆਸਤ ਹੋਣ ਦੇ ਗੰਭੀਰ ਦੋਸ਼ ਲੱਗ ਰਹੇ ਹਨ।

ਪੰਜਾਬ ਦੀ ਸਿਆਸੀ ਕਚਹਿਰੀ ਵਿਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਇਸ ਹੁਕਮਨਾਮੇ ਦੀ ਖੁੱਲ੍ਹ ਕੇ ਪਿੱਠ ਪੂਰ ਰਿਹਾ ਹੈ, ਤਾਂ ਜੋ ਮੌਜੂਦਾ ‘ਆਪ’ ਸਰਕਾਰ ਦੇ ਖ਼ਿਲਾਫ਼ ਪੰਥਕ ਸਫ਼ਾਂ ਵਿਚ ਗੁੱਸਾ ਪੈਦਾ ਕੀਤਾ ਜਾ ਸਕੇ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਅਜਿਹੀ ਧਾਰਮਿਕ ਪੈਂਤੜੇਬਾਜ਼ੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕੇਗੀ? ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਪਾਰਟੀਆਂ ਨੇ ਸਰਵਉੱਚ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਜਾਂ ਜੱਥੇਬੰਦਕ ਲਾਹੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਸੰਸਥਾਵਾਂ ਦੀ ਮਰਿਆਦਾ ਨੂੰ ਵੀ ਢਾਹ ਲੱਗੀ ਹੈ ਅਤੇ ਲੋਕਾਂ ਵਿਚ ਉਸ ਪਾਰਟੀ ਦਾ ਅਕਸ ਹੋਰ ਖ਼ਰਾਬ ਹੋਇਆ ਹੈ।

ਅੱਜ ਦੀ ਰਾਜਨੀਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਨੇਤਾ ਲੋਕ ਆਪਣੀ ਨੈਤਿਕਤਾ ਪੂਰੀ ਤਰ੍ਹਾਂ ਗੁਆ ਚੁੱਕੇ ਹਨ। ਅਸਲ ਮਾਇਨਿਆਂ ਵਿਚ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਉਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਕ ਹੁੰਦਾ ਹੈ। ਇੱਕ ਸੁਚੱਜੇ ਲੋਕਤੰਤਰ ਵਿਚ ਪਾਰਟੀਆਂ ਦੀਆਂ ਨੀਤੀਆਂ ਬੜੀਆਂ ਸਪੱਸ਼ਟ ਹੁੰਦੀਆਂ ਨੇ ਅਤੇ ਜਿਹੜੇ ਵਰਕਰ ਜਾਂ ਆਗੂ ਇਸ ਦੇ ਮੈਂਬਰ ਬਣਦੇ ਨੇ, ਉਹ ਉਨ੍ਹਾਂ ਨੀਤੀਆਂ ਦੀ ਪਹਿਰੇਦਾਰੀ ਲਈ ਆਪਣਾ ਜੀਵਨ ਲਗਾ ਦਿੰਦੇ ਹਨ। ਪਰ ਹੁਣ ਸਮਾਂ ਬਿਲਕੁਲ ਬਦਲ ਚੁੱਕਾ ਹੈ। ਅੱਜ ਸਿਧਾਂਤ ਅਤੇ ਵਫ਼ਾਦਾਰੀ ਮਹਿਜ਼ ਕਿਤਾਬੀ ਗੱਲਾਂ ਰਹਿ ਗਈਆਂ ਹਨ। ਅਕਾਲੀ ਦਲ ਵੀ ਇਸ ਦੁਖਾਂਤ ਦਾ ਸ਼ਿਕਾਰ ਹੈ!

ਜਿੱਥੇ ਵੀ ਕਿਸੇ ਨੇਤਾ ਨੂੰ ਸੱਤਾ ਜਾਂ ਕੁਰਸੀ ਦੀ ਚਮਕ ਦਿਸਦੀ ਹੈ, ਉਹ ਉਸੇ ਹਿਸਾਬ ਦੇ ਨਾਲ ਬਿਨਾਂ ਕਿਸੇ ਸ਼ਰਮ ਦੇ ਆਪਣੀ ਪਾਰਟੀ ਬਦਲ ਲੈਂਦਾ ਹੈ। ਪੰਜਾਬ ਵਿਚ ਅੱਜ ‘ਆਇਆ ਰਾਮ, ਗਿਆ ਰਾਮ’ ਦੀ ਇਹ ਸਿਆਸਤ ਸਿਖਰਾਂ ’ਤੇ ਹੈ। ਨੇਤਾ ਇੱਕ ਪਾਰਟੀ ਛੱਡ ਕੇ ਦੂਜੀ ਵਿਚ ਛਾਲਾਂ ਮਾਰ ਰਹੇ ਹਨ। ਇਸ ਮੌਕਾਪ੍ਰਸਤੀ ਨੇ ਆਮ ਜਨਤਾ ਦਾ ਸਿਆਸੀ ਜਮਾਤ ਤੋਂ ਭਰੋਸਾ ਹੀ ਉਠਾ ਦਿੱਤਾ ਹੈ ਅਤੇ ਅਕਾਲੀ ਦਲ ਵੀ ਇਸ ਅੰਦਰੂਨੀ ਟੁੱਟ-ਭੱਜ ਅਤੇ ਮੌਕਾਪ੍ਰਸਤੀ ਤੋਂ ਅਛੂਤਾ ਨਹੀਂ ਰਿਹਾ।

ਇਸ ਸਿਆਸੀ ਖਿੱਚੋਤਾਣ ਦੇ ਦਰਮਿਆਨ ਪੰਜਾਬ ਦੇ ਅਸਲ ਬੁਨਿਆਦੀ ਮਸਲੇ ਹਾਸ਼ੀਏ ’ਤੇ ਚਲੇ ਗਏ ਹਨ। ਅੱਜ ਪੰਜਾਬ ਵਿਚ ਬੇਰੋਜ਼ਗਾਰੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ, ਜਿਸ ਕਾਰਨ ਸਾਡੀ ਸਭ ਤੋਂ ਵੱਡੀ ਤਾਕਤ-ਸਾਡੀ ਨੌਜਵਾਨੀ-ਭਵਿੱਖ ਦੇ ਧੁੰਦਲੇਪਣ ਤੋਂ ਡਰਦੀ ਹੋਈ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ। ਪੰਜਾਬ ਦੇ ਘਰ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਇਕੱਲੇ ਰਹਿ ਗਏ ਹਨ। ਦੂਜੇ ਪਾਸੇ, ਜਿਹੜੀ ਨੌਜਵਾਨੀ ਇੱਥੇ ਰਹਿ ਗਈ ਹੈ, ਉਸ ਨੂੰ ਨਸ਼ਿਆਂ ਦਾ ਪ੍ਰਕੋਪ ਲਗਾਤਾਰ ਆਪਣੀ ਗ੍ਰਿਫ਼ਤ ਵਿਚ ਲੈ ਰਿਹਾ ਹੈ। ਨਸ਼ਿਆਂ ਦਾ ਇਹ ਕੋਹੜ ਪੰਜਾਬ ਦੀਆਂ ਜੜ੍ਹਾਂ ਨੂੰ ਰੋਜ਼ਾਨਾ ਖੋਖਲਾ ਕਰ ਰਿਹਾ ਹੈ। ਆਮ ਪੰਜਾਬੀ ਅੱਜ ਇਹ ਸਵਾਲ ਪੁੱਛ ਰਿਹਾ ਹੈ ਕਿ ਕੀ ਅਕਾਲੀ ਦਲ ਕੋਲ ਇਨ੍ਹਾਂ ਭਖਦੇ ਮਸਲਿਆਂ ਲਈ ਕੋਈ ਠੋਸ ਅਤੇ ਸਪੱਸ਼ਟ ਏਜੰਡਾ ਹੈ, ਜਾਂ ਫਿਰ ਉਹ ਸਿਰਫ਼ ਧਾਰਮਿਕ ਫ਼ਤਵਿਆਂ ਦੇ ਓਹਲੇ ਆਪਣੀ ਸਿਆਸੀ ਹੋਂਦ ਬਚਾਉਣ ਦੀ ਤਾਕ ਵਿਚ ਹੈ?

ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਰਤੀ ਜਨਤਾ ਪਾਰਟੀ ਨਾਲ ਲੰਮੀ ਸਿਆਸੀ ਭਾਈਵਾਲੀ ਕਾਰਨ ਹੋਇਆ ਹੈ। ਭਾਜਪਾ ਵੱਲੋਂ ਦੇਸ਼ ਭਰ ਵਿਚ ‘ਸਾਮ, ਦਾਮ, ਦੰਡ, ਭੇਦ’ ਦੀ ਨੀਤੀ ਤਹਿਤ ਖੇਤਰੀ ਪਾਰਟੀਆਂ ਨੂੰ ਹੌਲੀ-ਹੌਲੀ ਖ਼ਤਮ ਜਾਂ ਕਮਜ਼ੋਰ ਕਰਨ ਦੀ ਖੇਡ ਖੇਡੀ ਜਾ ਰਹੀ ਹੈ ਅਤੇ ਅਕਾਲੀ ਦਲ ਵੀ ਇਸੇ ਦਾ ਸ਼ਿਕਾਰ ਹੋਇਆ ਹੈ। ਕੀ ਅਕਾਲੀ ਦਲ ਦੀ ਲੀਡਰਸ਼ਿਪ ਇਹ ਸਮਝ ਨਹੀਂ ਰਹੀ?

ਕੇਂਦਰ ਵੱਲੋਂ ਸੂਬਾਈ ਤਾਕਤਾਂ ਨੂੰ ਦਬਾਉਣ ਦੀ ਇਹ ਖੇਡ ਨਵੀਂ ਨਹੀਂ ਹੈ। ਕਾਂਗਰਸ ਵੀ ਪਹਿਲਾਂ ਇਸ ਖੇਡ ਵਿਚ ਉਸਤਾਦ ਰਹੀ ਹੈ, ਜਿਸ ਨੇ ਸੰਵਿਧਾਨ ਦੀ ਧਾਰਾ 356 ਦਾ ਮਨਮਾਨਾ ਇਸਤੇਮਾਲ ਕਰਕੇ ਕਈ ਵਾਰ ਪੰਜਾਬ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਿਆ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਸੱਤਾ ਵਿਚ ਹੁੰਦਿਆਂ ਵੀ ਪੰਜਾਬ ਦੇ ਪੱਕੇ ਮਸਲੇ ਹੱਲ ਕਰਵਾਉਣ ਦੀ ਬਜਾਏ ਆਪਣੀ ਕੁਰਸੀ ਨੂੰ ਹੀ ਤਰਜੀਹ ਦਿੱਤੀ। ਭਾਵੇਂ ਕਿ ਮਜਬੂਰਨ ਕਿਸਾਨ ਅੰਦੋਲਨ ਵੇਲੇ ਉਸ ਵੱਲੋਂ ਇਹ ਭਾਈਵਾਲੀ ਛੱਡ ਦਿੱਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ ਪੰਜਾਬ ਦੇ ਨਾਲ ਕੇਂਦਰ ਸਰਕਾਰਾਂ ਵੱਲੋਂ ਲਗਾਤਾਰ ਬੜੇ ਲੰਮੇ ਸਮੇਂ ਤੋਂ ਵਿਤਕਰੇ ਹੁੰਦੇ ਆ ਰਹੇ ਹਨ। ਚਾਹੇ ਉਹ ਪੰਜਾਬ ਦੇ ਪਾਣੀਆਂ ਦੀ ਬੇਇਨਸਾਫ਼ੀ ਹੋਵੇ, ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਫਿਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਸਾਜ਼ਿਸ਼-ਪੰਜਾਬ ਨੇ ਹਮੇਸ਼ਾ ਕੇਂਦਰੀਕਰਨ ਦੀ ਮਾਰ ਝੱਲੀ ਹੈ। ਇਨ੍ਹਾਂ ਇਤਿਹਾਸਕ ਵਿਤਕਰਿਆਂ ਨੂੰ ਦੂਰ ਕਰਨ ਲਈ ਪੰਜਾਬ ਨੂੰ ਅੱਜ ਕਿਸੇ ਦਿੱਲੀ-ਪ੍ਰੇਰਿਤ ਪਾਰਟੀ ਦੀ ਨਹੀਂ, ਬਲਕਿ ਇੱਕ ਅਜਿਹੀ ਮਜ਼ਬੂਤ ਅਤੇ ਸੱਚੀ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ, ਜੋ ਬਿਨਾਂ ਕਿਸੇ ਡਰ ਦੇ ‘ਪੰਜਾਬ, ਪੰਜਾਬੀ ਅਤੇ ਪੰਜਾਬੀਅਤ’ ਦੀ ਅਸਲ ਰਾਖੀ ਕਰ ਸਕੇ। ਪੰਜਾਬ ਦੇ ਲੋਕ ਇੱਕ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ, ਜੋ ਪੰਜਾਬ ਖੇਤਰ ਦੇ ਸਥਾਨਕ ਮਸਲਿਆਂ ਨੂੰ ਹੱਲ ਕਰਨ ਲਈ ਹਿੱਕ ਤਾਣ ਕੇ ਖੜ੍ਹੇ ਅਤੇ ਕੇਂਦਰ ਅੱਗੇ ਗੋਡੇ ਟੇਕਣ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਯਤਨ ਕਰੇ।

ਅੱਜ ਜਦੋਂ ਕਿ ਚੋਣਾਂ ਦੇ ਦਿਨ ਆ ਚੁੱਕੇ ਨੇ, ਪੰਜਾਬ ਦੇ ਲੋਕਾਂ ਵਿਚ ਇਸ ਨਿਰਾਸ਼ਾ ਦੇ ਦੌਰ ਦਰਮਿਆਨ ਅਕਾਲੀ ਦਲ ਦਾ ਆਪਣਾ ਸਟੈਂਡ ਬਿਲਕੁਲ ਸਾਫ਼ ਨਹੀਂ ਹੈ। ਪਾਰਟੀ ਨੂੰ ਪੰਜਾਬ ਦੀ ਕਚਹਿਰੀ ਵਿਚ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਦਾ ਪੰਜਾਬ ਦੇ ਖੇਤਰ ਅਤੇ ਇੱਥੋਂ ਦੇ ਲੋਕਾਂ ਪ੍ਰਤੀ ਅਸਲ ਸਟੈਂਡ ਕੀ ਹੈ? ਕੀ ਉਹ ਸਿਰਫ਼ ਵੋਟਾਂ ਦੀ ਸਿਆਸਤ ਤੱਕ ਸੀਮਤ ਰਹੇਗੀ ਜਾਂ ਫਿਰ ਪੰਜਾਬ ਦੇ ਲਤਾੜੇ ਜਾ ਚੁੱਕੇ ਹੱਕਾਂ ਲਈ ਸੱਚਮੁੱਚ ਲੜਨ ਵਾਸਤੇ ਤਿਆਰ ਹੈ? ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਅਤੇ ਆਰਥਿਕ ਤੌਰ ’ਤੇ ਬਹੁਤ ਬੁਰੀ ਤਰ੍ਹਾਂ ਲਤਾੜਿਆ ਜਾ ਚੁੱਕਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ (ਜਾਂ ਇਸ ਦੇ ਵੱਖ-ਵੱਖ ਧੜੇ) ਚੋਣਾਂ ਦੇ ਇਸ ਨਾਜ਼ੁਕ ਮੋੜ ’ਤੇ ਪੰਜਾਬ ਨੂੰ ਮਜ਼ਬੂਤ ਅਗਵਾਈ ਦੇ ਸਕਣਗੇ? ਕੀ ਉਹ ਆਪਣੀਆਂ ਇਤਿਹਾਸਕ ਭੁੱਲਾਂ ਨੂੰ ਸੁਧਾਰ ਕੇ ਲੋਕਾਂ ਵਿੱਚ ਆਪਣਾ ਗੁਆਚਿਆ ਹੋਇਆ ਵਿਸ਼ਵਾਸ ਮੁੜ ਬਣਾ ਸਕਣਗੇ?

ਸ਼੍ਰੋਮਣੀ ਅਕਾਲੀ ਦਲ ਦਾ ਮੁੜ ਉਭਾਰ ਤਾਂ ਹੀ ਸੰਭਵ ਹੈ, ਜੇਕਰ ਇਹ ਨਿੱਜੀ ਹਿੱਤਾਂ, ਧੜੇਬੰਦੀਆਂ, ਮੌਕਾਪ੍ਰਸਤ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਦੀ ਸਿਆਸੀ ਵਰਤੋਂ ਦੇ ਦੋਸ਼ਾਂ ਤੋਂ ਉੱਪਰ ਉੱਠ ਕੇ, ਚੋਣਾਂ ਦੇ ਮੌਜੂਦਾ ਦੌਰ ਵਿਚ ਪੰਜਾਬ ਦੇ ਲੋਕਾਂ ਸਾਹਮਣੇ ਆਪਣੀ ਨੀਤੀ ਸਪੱਸ਼ਟ ਕਰੇ। ਇਸ ਨੂੰ ਮੁੜ ਤੋਂ “ਪੰਜਾਬ, ਪੰਜਾਬੀਅਤ, ਪਾਣੀਆਂ ਦੇ ਹੱਕ, ਨੌਜਵਾਨੀ ਦੇ ਰੁਜ਼ਗਾਰ ਅਤੇ ਅਨੰਦਪੁਰ ਸਾਹਿਬ ਦੇ ਮਤੇ” ਦੀ ਅਸਲ ਪਹਿਰੇਦਾਰ ਬਣ ਕੇ ਮੈਦਾਨ ਵਿਚ ਨਿੱਤਰਨਾ ਪਵੇਗਾ। ਜੇਕਰ ਲੀਡਰਸ਼ਿਪ ਹੁਣ ਵੀ ਨਾ ਸੰਭਲੀ, ਨੈਤਿਕਤਾ ਨੂੰ ਵਿਸਾਰ ਕੇ ਸਿਰਫ਼ ਕੁਰਸੀ ਪਿੱਛੇ ਭੱਜਦੀ ਰਹੀ ਅਤੇ ਧਾਰਮਿਕ ਆੜ ਹੇਠ ਨਕਾਰਾਤਮਕ ਸਿਆਸਤ ਕਰਦੀ ਰਹੀ, ਤਾਂ ਪੰਜਾਬੀ ਲੋਕ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਨੂੰ ਕਦੇ ਮੁਆਫ਼ ਨਹੀਂ ਕਰਨਗੇ।

ਡਾ. ਸੁਰਿੰਦਰ ਮੰਡ
ਸੰਪਰਕ: 94173-24543



ਪੰਜਾਬ ਮੇਲ USA

# ਕੀ ਅਮਰੀਕਾ ਦਾ ਹਮਲਾਵਰ ਰੁਖ ਮੱਠਾ ਪਵੇਗਾ?



ਜੰਗ ਕਾਰਨ ਬੰਦ ਕੀਤਾ 'ਹੋਰਮੁਜ਼' ਇਰਾਨ ਖੋਲ੍ਹ ਦੇਵੇਗਾ ਅਤੇ 'ਪ੍ਰਮਾਣੂ ਬੰਬ ਨਹੀਂ ਬਣਾਵੇਗਾ'। ਸਮਝੌਤੇ ਅੰਦਰਲੀਆਂ ਇਨ੍ਹਾਂ ਦੋਵਾਂ ਗੱਲਾਂ ਨੂੰ ਟਰੰਪ ਆਪਣੀ ਜਿੱਤ ਵਜੋਂ ਪ੍ਰਚਾਰਨਾ ਚਾਹੇਗਾ। ਜਦਕਿ ਬੰਬ ਨਾ ਬਣਾਉਣਾ ਤਾਂ ਇਰਾਨ ਦੀ ਆਇਤੁਲਾ ਖੁਮੈਨੀ ਵੱਲੋਂ ਸੁਝਾਈ ਨੀਤੀ ਹੈ, ਜੋ ਪ੍ਰਮਾਣੂ ਬੰਬ ਨੂੰ ਇਸਲਾਮ ਵਿਰੋਧੀ ਮੰਨਦਾ ਸੀ। ਅਮਰੀਕਾ ਅਤੇ ਇਰਾਨ ਦਰਮਿਆਨ 21 ਜੂਨ ਨੂੰ ਚੱਲ ਰਹੀ ਗੱਲਬਾਤ ਤਲਖੀ ਅਤੇ ਕਈ ਉਤਰਾਵਾਂ ਚੜ੍ਹਾਵਾਂ ਵਿਚੋਂ ਲੰਘੀ ਅਤੇ ਆਖਿਰ ਫੈਸਲਾ ਕੀਤਾ ਕਿ ਡੀਲ ਸਿਰੇ ਚੜ੍ਹਾਉਣ ਲਈ ਹਾਈ ਲੈਵਲ ਕਮੇਟੀ ਬਣੇਗੀ, 60 ਦਿਨਾਂ ਦਾ ਰੋਡ ਮੈਪ ਬਣੇਗਾ, ਨਿਊਕਲੀਅਰ ਮੁੱਦੇ ਨੂੰ ਨਜਿੱਠਣ ਲਈ ਵਰਕਿੰਗ ਗਰੁੱਪ ਬਣੇਗਾ। ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਦੱਸਿਆ ਕਿ ਤਕਨੀਕੀ ਟੀਮਾਂ ਵੀ ਕੰਮ ਕਰਨਗੀਆਂ।

ਅਮਰੀਕਾ ਅਤੇ ਇਰਾਨ ਦਰਮਿਆਨ ਜੰਗ ਰੁਕਣ ਦੀ ਖ਼ਬਰ ਨਾਲ ਇਜ਼ਰਾਈਲ ਨੂੰ ਛੱਡ ਕੇ ਬਾਕੀ ਸਾਰੀ ਦੁਨੀਆਂ ਨੇ ਸੁੱਖ ਦਾ ਸਾਹ ਲਿਆ, ਕਿਉਂਕਿ ਇਸ ਜੰਗ ਨੇ ਸਾਰੇ ਸੰਸਾਰ ਵਿਚ ਗੈਸ ਤੇਲ ਦੀ ਘਾਟ ਅਤੇ ਮਹਿੰਗਾਈ ਦੇ ਵਧਣ ਦੇ ਭਿਆਨਕ ਹਾਲਾਤ ਪੈਦਾ ਕਰ ਦਿੱਤੇ ਸਨ। ਡੋਨਲਡ ਟਰੰਪ ਅਤੇ ਇਰਾਨ ਦੇ ਰਾਸ਼ਟਰਪਤੀ ਨੇ 14 ਨੁਕਾਤੀ 'ਮੈਮੋਰੈਂਡਮ ਔਫ ਅੰਡਰਸਟੈਂਡਿੰਗ' ਉੱਤੇ ਦਸਤਖ਼ਤ ਕਰ ਦਿੱਤੇ। ਜੋ ਦੋ ਮਹੀਨਿਆਂ ਵਿਚ ਮੱਦਾਂ ਲਾਗੂ ਹੋਣ ਉਪਰੰਤ ਸਮਝੌਤੇ ਦਾ ਰੂਪ ਲਵੇਗਾ ਤੇ ਯੂ.ਐੱਨ.ਓ. ਦੀ ਸੁਰੱਖਿਆ ਪ੍ਰੀਸ਼ਦ ਦੀ ਕਾਰਵਾਈ ਦਾ ਹਿੱਸਾ ਵੀ ਬਣੇਗਾ।

ਇਜ਼ਰਾਈਲ ਨੇ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਲੈਬਨਾਨ ਉੱਤੇ ਹਮਲੇ ਜਾਰੀ ਰੱਖੇ। ਇਜ਼ਰਾਈਲ ਸੋਚਦਾ ਕਿ ਅਮਰੀਕਾ ਨੂੰ ਨਾਲ ਲੈ ਕੇ ਇਰਾਨ ਨੂੰ ਬਰਬਾਦ ਕਰਨ ਦਾ ਮਸਾਂ ਹੱਥ ਆਇਆ ਮੌਕਾ ਖੁੰਝ ਗਿਆ। ਭਾਵੇਂ ਕਿ ਇਰਾਨ ਦੇ ਤਿੱਖੇ ਤੇਵਰਾਂ ਦੀ ਬਦੌਲਤ ਲੈਬਨਾਨ ਉੱਤੇ ਬੰਬਾਰੀ ਕੁਛ ਕੁ ਰੋਕਣ ਦੀ ਖ਼ਬਰ ਵੀ ਹੈ। ਇਜ਼ਰਾਈਲ ਇਸ ਸ਼ਾਂਤੀ ਸਮਝੌਤੇ ਵਿਚ ਖਲਲ ਪਾਉਣ ਲਈ ਹਰ ਹੀਲਾ ਵਰਤੇਗਾ। ਖ਼ਬਰ ਆਈ ਹੈ ਕਿ ਇਜ਼ਰਾਈਲ ਨੇ ਗਾਜ਼ਾ ਉੱਤੇ ਹਮਲਾ ਕਰ ਦਿੱਤਾ ਹੈ। ਉਹ ਤਾਂ ਇਸ ਜੰਗ ਦੇ ਓਹਲੇ ਲੈਬਨਾਨ ਦੇ ਅੰਦਰ 30 ਕਿਲੋਮੀਟਰ 'ਲਿਤਾਨੀ' ਦਰਿਆ ਤੱਕ ਕਬਜ਼ਾਏ ਇਲਾਕੇ ਦੇ ਬਰਾਬਰ ਪੈਂਦੇ 25 ਕਿਲੋਮੀਟਰ ਸਮੁੰਦਰ ਤੱਕ ਵੀ ਕਬਜ਼ੇ ਦਾ ਹੱਕ ਜਤਾ ਚੁੱਕਾ ਹੈ, ਜਿਸ ਵਿਚ ਲੈਬਨਾਨ ਦੇ ਦੋ ਵੱਡੇ ਗੈਸ ਫੀਲਡ ਵੀ ਹਨ। ਇੱਕ ਗੈਸ ਫੀਲਡ ਫ਼ਲਸਤੀਨੀਆਂ ਦੇ ਸਮੁੰਦਰ ਦੇ ਉਸ ਹਿੱਸੇ ਵਿਚ ਵੀ ਹੈ, ਜੋ ਇਜ਼ਰਾਇਲੀ ਕਬਜ਼ੇ ਹੇਠ ਲਏ ਗਏ ਗਾਜ਼ਾ ਦੇ ਇਲਾਕੇ ਦੇ ਬਰਾਬਰ ਪੈਂਦਾ ਹੈ।

ਇਰਾਨੀ ਲੋਕਾਂ ਦੀ ਕੌਮੀ ਇਕਮੁੱਠਤਾ, ਦਲੇਰੀ, ਫ਼ੌਜੀ ਤਾਕਤ ਅਤੇ ਰਾਜਨੀਤਿਕ ਸਿਆਣਪ ਕਾਰਨ ਅਮਰੀਕਾ ਨੂੰ ਪਿੱਛੇ ਹਟ ਕੇ ਸਮਝੌਤਾ ਕਰਨਾ ਪਿਆ ਹੈ। ਅਮਰੀਕਾ ਵੱਲੋਂ ਇਰਾਨ ਦੀ ਨਾਕਾਬੰਦੀ ਤੁਰੰਤ ਹਟਾਉਣਾ, ਇਰਾਨ ਤੋਂ ਪਾਬੰਦੀਆਂ ਹਟਾਉਣੀਆਂ, ਫਰੀਜ਼ ਕੀਤੇ 24 ਅਰਬ ਡਾਲਰ ਵਾਪਸ ਦੇਣੇ, 300 ਬਿਲੀਅਨ ਡਾਲਰ ਇਰਾਨ ਦੀ ਮੁੜ-ਉਸਾਰੀ ਲਈ ਦੇਣਾ, ਹੋਰਮੁਜ਼ ਉੱਤੇ ਇਰਾਨੀ ਕੰਟਰੋਲ ਮੰਨਣਾ, ਇਰਾਨ ਨੂੰ ਕੌਮਾਂਤਰੀ ਨਿਯਮਾਂ ਤਹਿਤ ਸ਼ਾਂਤਮਈ ਮਕਸਦ ਲਈ ਪ੍ਰਮਾਣੂ ਵਿਕਾਸ ਦਾ ਹੱਕ ਦੇਣਾ ਮੈਮੋਰੈਂਡਮ ਦੇ ਅਹਿਮ ਨੁਕਤੇ ਹਨ।

ਜੰਗ ਕਾਰਨ ਬੰਦ ਕੀਤਾ 'ਹੋਰਮੁਜ਼' ਇਰਾਨ ਖੋਲ੍ਹ ਦੇਵੇਗਾ ਅਤੇ 'ਪ੍ਰਮਾਣੂ ਬੰਬ ਨਹੀਂ ਬਣਾਵੇਗਾ'। ਸਮਝੌਤੇ ਅੰਦਰਲੀਆਂ ਇਨ੍ਹਾਂ ਦੋਵਾਂ ਗੱਲਾਂ ਨੂੰ ਟਰੰਪ ਆਪਣੀ ਜਿੱਤ ਵਜੋਂ ਪ੍ਰਚਾਰਨਾ ਚਾਹੇਗਾ। ਜਦਕਿ ਬੰਬ ਨਾ ਬਣਾਉਣਾ ਤਾਂ ਇਰਾਨ ਦੀ ਆਇਤੁਲਾ ਖੁਮੈਨੀ ਵੱਲੋਂ ਸੁਝਾਈ ਨੀਤੀ ਹੈ, ਜੋ ਪ੍ਰਮਾਣੂ ਬੰਬ ਨੂੰ ਇਸਲਾਮ ਵਿਰੋਧੀ ਮੰਨਦਾ ਸੀ।

ਇਨ੍ਹਾਂ ਨੁਕਤਿਆਂ ਉੱਤੇ ਜਨੇਵਾ ਵਿਚ ਅਮਰੀਕਾ ਅਤੇ ਇਰਾਨ ਦਰਮਿਆਨ 21 ਜੂਨ ਨੂੰ ਚੱਲ ਰਹੀ ਗੱਲਬਾਤ ਤਲਖੀ ਅਤੇ ਕਈ ਉਤਰਾਵਾਂ ਚੜ੍ਹਾਵਾਂ ਵਿਚੋਂ ਲੰਘੀ ਅਤੇ ਆਖਿਰ ਫੈਸਲਾ ਕੀਤਾ ਕਿ ਡੀਲ ਸਿਰੇ ਚੜ੍ਹਾਉਣ ਲਈ ਹਾਈ ਲੈਵਲ ਕਮੇਟੀ ਬਣੇਗੀ, 60 ਦਿਨਾਂ ਦਾ ਰੋਡ ਮੈਪ ਬਣੇਗਾ, ਨਿਊਕਲੀਅਰ ਮੁੱਦੇ ਨੂੰ ਨਜਿੱਠਣ ਲਈ ਵਰਕਿੰਗ ਗਰੁੱਪ ਬਣੇਗਾ। ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਦੱਸਿਆ ਕਿ ਤਕਨੀਕੀ ਟੀਮਾਂ ਵੀ ਕੰਮ ਕਰਨਗੀਆਂ।

ਡੋਨਾਲਡ ਟਰੰਪ ਅਤੇ ਇਰਾਨੀ ਵਫ਼ਦ ਦੇ ਮੁਖੀ ਸੰਸਦ ਸਪੀਕਰ ਮੁਹੰਮਦ ਕਾਲੀਬਾਫ਼ ਦੋਵਾਂ ਦਾ ਬਿਆਨ ਹੈ ਕਿ ਅਮਰੀਕਾ ਵੱਲੋਂ ਇਰਾਨ ਦੇ ਫਰੀਜ਼ ਕੀਤੇ 12 ਅਰਬ ਡਾਲਰ ਵਾਪਸ ਮਿਲ ਰਹੇ ਹਨ। ਇਰਾਨ ਦੇ ਤੇਲ ਅਤੇ ਪੈਟਰੋਲੀਅਮ ਪਦਾਰਥ ਵੇਚਣ ਉੱਤੇ ਲਗਾਈ ਰੋਕ 60 ਦਿਨਾਂ ਲਈ ਹਟਾਉਣ ਦਾ ਪੱਤਰ ਅਮਰੀਕਾ ਨੇ ਜਾਰੀ ਕਰ ਦਿੱਤਾ ਹੈ। ਹੋਰਮੁਜ਼ ਇਰਾਨੀ ਨਿਗਰਾਨੀ ਵਿਚ ਖੁੱਲ੍ਹ ਗਿਆ ਹੈ। ਲੈਬਨਾਨ ਉੱਤੇ ਇਜ਼ਰਾਈਲ ਦੇ ਹਮਲੇ ਰੁਕਵਾਉਣ ਦੀ ਜ਼ਿੰਮੇਵਾਰੀ ਲੈਣ ਵਰਗੀ ਗੱਲ ਵੀ ਟਰੰਪ ਨੇ ਮੰਨੀ ਹੈ। ਵਾਰਤਾ ਸਫ਼ਲ ਰਹੀ, ਭਾਵੇਂ ਕਿ ਇਰਾਨ ਦੇ ਵਫ਼ਦ ਨੇ ਅਮਰੀਕੀਆਂ ਨਾਲ ਹੱਥ ਮਿਲਾਉਣ ਅਤੇ ਫੋਟੋ ਖਿਚਵਾਉਣ ਤੋਂ ਇਨਕਾਰ ਕੀਤਾ, ਕਿਉਂਕਿ ਸ਼ਾਇਦ ਅਜੇ ਜ਼ਖ਼ਮ ਅੱਲ੍ਹੇ ਹਨ।

ਇਸ ਸਮੇਂ ਸਭ ਤੋਂ ਬੁਰੀ ਫ਼ਲਸਤੀਨੀਆਂ ਨਾਲ ਹੋ ਰਹੀ ਹੈ, ਜਿਸ ਬਾਰੇ ਕੋਈ ਚਰਚਾ ਨਹੀਂ। ਉਨ੍ਹਾਂ ਦੇ ਸਾਰੇ ਮੁਲਕ ਉੱਤੇ ਅਮਰੀਕਾ ਦੀ ਸ਼ਹਿ ਨਾਲ ਇਜ਼ਰਾਈਲ ਨੇ ਕਬਜ਼ਾ ਕਰ ਲਿਆ ਹੈ ਤੇ ਜ਼ੁਲਮ ਢਾਹ ਰਿਹਾ ਹੈ। ਆਪਣੇ ਉੱਤੇ ਹੋਏ 'ਹਮਲੇ' ਦਾ ਬਹਾਨਾ ਬਣਾ ਕੇ 2023 ਤੋਂ ਲੈ ਕੇ ਹੁਣ ਤੱਕ 73,000 ਤੋਂ ਵੱਧ ਫ਼ਲਸਤੀਨੀ ਮਾਰ ਦਿੱਤੇ ਅਤੇ ਪੌਣੇ ਦੋ ਲੱਖ ਜ਼ਖਮੀ ਕੀਤੇ ਹਨ। ਘਰ ਢਾਹ ਦਿੱਤੇ। ਫ਼ਲਸਤੀਨੀਆਂ ਦੀ ਜਾਨ ਦੀ ਕੋਈ ਕੀਮਤ ਨਹੀਂ ਰਹੀ। ਉਨ੍ਹਾਂ ਦੀ ਪੀੜ ਹੁਣ ਕਿਸੇ ਨੂੰ ਵੀ ਨਹੀਂ ਮਹਿਸੂਸ ਹੁੰਦੀ। ਦੂਜੀ ਸੰਸਾਰ ਜੰਗ (1939-1945) ਸ਼ੁਰੂ ਹੋਣ ਤੋਂ ਪਹਿਲਾਂ ਵਰਗੇ ਹਾਲਾਤ ਬਣ ਰਹੇ ਹਨ।

ਅਮਰੀਕਾ ਵੱਲੋਂ ਯੂ.ਏ.ਈ., ਬਹਿਰੀਨ, ਮੋਰੱਕੋ, ਸੂਡਾਨ ਦੀ ਮਦਦ ਨਾਲ 15 ਸਤੰਬਰ 2020 ਨੂੰ ਇਜ਼ਰਾਈਲ ਨਾਲ ਕਰਵਾਇਆ ਗਿਆ 'ਇਬਰਾਹੀਮ ਸਮਝੌਤਾ' ਨੇਤਨਯਾਹੂ ਦੇ ਮਨਸੂਬੇ 'ਗਰੇਟਰ ਇਜ਼ਰਾਈਲ' ਦੀ ਵਿਚਾਰਧਾਰਕ ਬੁਨਿਆਦ ਰੱਖਣ ਵਰਗਾ ਸੀ। ਇਬਰਾਹੀਮ ਨੂੰ ਇਸਲਾਮ, ਯਹੂਦੀ ਅਤੇ ਇਸਾਈ ਮੱਤ ਦਾ 4000 ਸਾਲ ਪਹਿਲਾਂ ਦੱਖਣੀ ਇਰਾਕ ਵਿਚ ਜਨਮਿਆ ਸਾਂਝਾ ਵਡੇਰਾ ਮੰਨਿਆ ਜਾਂਦਾ। ਪਿਛਲੇ ਦਿਨੀਂ ਤਾਂ ਟਰੰਪ ਨੇ ਧਮਕੀ ਵੀ ਦਿੱਤੀ ਸੀ ਕਿ ਇਸ ਖਿੱਤੇ ਦੇ ਮੁਲਕਾਂ ਨੇ ਸਾਡੇ ਨਾਲ ਚੱਲਣਾ ਹੈ, ਤਾਂ 'ਇਬਰਾਹੀਮ ਸਮਝੌਤਾ' ਤਾਂ ਮੰਨਣਾ ਹੀ ਹੋਵੇਗਾ।

ਇਰਾਨ ਵਿਚ ਹਰ ਪੱਖੋਂ ਅਸਫ਼ਲ ਹੋਣ ਉਪਰੰਤ ਡੀਲ ਕਰਕੇ ਏਥੋਂ ਸਿੱਧੀ ਜੰਗ ਵੱਲੋਂ ਫਿਲਹਾਲ ਪਾਸਾ ਵੱਟਣਾ ਤਾਂ ਅਮਰੀਕਾ ਦੀ ਆਰਜ਼ੀ ਮਜਬੂਰੀ ਹੈ। ਲੇਕਿਨ ਜੇ ਜ਼ਰਾ ਗਹੁ ਨਾਲ ਵੇਖੀਏ ਤਾਂ ਕਈ ਪਾਸਿਉਂ ਕਿਸੇ ਵੱਡੀ ਜੰਗ ਵਰਗੀ ਗਹਿਰ ਚੜ੍ਹੀ ਆਉਂਦੀ ਜਾਪਦੀ ਹੈ, ਜਿਸ ਵਿਚ ਅਮਰੀਕੀ/ਸਾਮਰਾਜੀ ਗ਼ਲਬੇ ਅਤੇ ਲੁੱਟ ਦੇ ਮਨਸੂਬੇ ਦਿਸਦੇ ਹਨ।

ਯਾਦ ਰੱਖੋ ਕਿ ਡੋਨਲਡ ਟਰੰਪ ਨੇ ਚੋਣਾਂ ਵਿਚ 'ਮੇਕ ਅਮੈਰਿਕਾ ਗਰੇਟ ਅਗੇਨ' ਦਾ ਨਾਅਰਾ ਦੇ ਕੇ ਚੋਣ ਜਿੱਤੀ ਸੀ। ਟਰੰਪ ਨੇ ਕਈ ਵਾਰ ਕਿਹਾ ਕਿ ਉਸਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾ ਕੇ ਉਨ੍ਹਾਂ ਦੇ ਬਹੁਤ ਵੱਡੇ ਤੇਲ ਭੰਡਾਰਾਂ ਉੱਤੇ ਅਮਰੀਕੀ ਕਬਜ਼ਾ ਸਥਾਪਤ ਕਰ ਦਿੱਤਾ ਹੈ; ਯੂਰੋਪੀਅਨ ਮੁਲਕ ਗਰੀਨਲੈਂਡ ਨੂੰ ਅਮਰੀਕਾ ਨਾਲ ਰਲਾਉਣਾ ਹੈ; ਕੈਨੇਡਾ ਨੂੰ ਆਖਿਆ ਕਿ ਤੁਹਾਨੂੰ ਅਮਰੀਕਾ ਦਾ ਇਕਵੰਜਵਾਂ ਸੂਬਾ ਬਣਾਇਆ ਜਾ ਸਕਦਾ; ਮੈਕਸਿਕੋ ਅਤੇ ਕੋਲੰਬੀਆ ਨੂੰ ਅਮਰੀਕਾ ਪੱਖੀ ਸਰਕਾਰਾਂ ਬਣਾਉਣ ਦਾ ਇਸ਼ਾਰਾ ਦੇ ਦਿੱਤਾ; ਕਿਊਬਾ ਵਿਚ ਆਪਣੇ ਪੱਖੀ ਸਰਕਾਰ ਬਣਾਉਣ ਦਾ ਐਲਾਨ ਵਾਰ-ਵਾਰ ਕੀਤਾ ਜਾ ਰਿਹਾ। ਇਸ ਤੋਂ ਅਮਰੀਕਾ ਦੇ ਲਾਤੀਨੀ, ਉੱਤਰੀ ਅਮਰੀਕਾ ਵਿਚ ਕਬਜ਼ੇ ਵਾਲੇ ਹਮਲਾਵਰ ਤੇਵਰ ਸਾਫ ਦਿੱਸਦੇ ਹਨ। ਸਾਰੀ ਦੁਨੀਆਂ ਉੱਤੇ ਟਰੰਪ ਵੱਲੋਂ ਆਪਹੁਦਰੇ ਢੰਗ ਨਾਲ ਟੈਰਿਫ਼ ਬੰਬ ਸੁੱਟਣਾ ਵੀ ਤਾਂ ਹਮਲੇ ਵਰਗਾ ਹੀ ਸੀ।

ਇਸ ਤੋਂ ਪਹਿਲਾਂ ਵੀ ਦੁਨੀਆਂ ਨੇ ਵੇਖਿਆ ਹੈ ਕਿ ਸੋਵੀਅਤ ਰੂਸ ਨੂੰ 15 ਦੇਸ਼ਾਂ ਵਿਚ ਖਿੰਡਾਉਣ ਦੀਆਂ ਸਾਜ਼ਿਸ਼ਾਂ ਕਾਮਯਾਬ ਹੋਣ ਮਗਰੋਂ ਵੀ 'ਨਾਟੋ' ਦੇਸ਼ ਢੈਲ਼ੇ ਨਹੀਂ ਸਨ ਪਏ। ਰੂਸ ਨੂੰ ਹੋਰ ਘੇਰਨ ਲਈ ਇਸ ਨਾਲੋਂ ਟੁੱਟੇ ਮੁਲਕਾਂ ਨੂੰ ਨਾਟੋ ਦੇ ਮੈਂਬਰ ਬਣਾਉਣ ਦੀ ਨੀਤੀ ਅਪਣਾਈ। ਜਦੋਂ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਰਾਹੀਂ ਯੂਕਰੇਨ ਨੂੰ ਨਾਟੋ ਮੈਂਬਰ ਬਣਾ ਕੇ ਰੂਸ ਦੇ ਬਿਲਕੁਲ ਬਰੂਹੀਂ ਬੈਠਣ ਲੱਗੇ, ਤਾਂ ਰੂਸ ਕੋਲ ਦੋ ਹੀ ਬਦਲ ਸਨ ਕਿ ਉਹ ਜਾਂ ਤਾਂ ਇਕੱਲੇ ਯੂਕਰੇਨ ਨਾਲ ਹੁਣ ਲੜ ਲਵੇ ਜਾਂ ਫਿਰ ਕੁਝ ਸਾਲਾਂ ਬਾਅਦ ਨਾਟੋ ਦੇ 33 ਦੇਸ਼ਾਂ ਨਾਲ ਯੁੱਧ ਕਰੇ। ਇਸੇ ਦਾ ਨਤੀਜਾ ਮੌਜੂਦਾ ਰੂਸ-ਯੂਕਰੇਨ ਜੰਗ ਦੇ ਰੂਪ ਵਿਚ ਨਿਕਲਿਆ। ਅੱਜ ਯੂਕਰੇਨ ਨੂੰ 32 ਨਾਟੋ ਦੇਸ਼ਾਂ ਦੀ ਮਦਦ ਨਾਲ ਰੂਸ ਨੂੰ ਕਮਜ਼ੋਰ ਕਰਨ ਲਈ ਲੜਾਇਆ ਜਾ ਰਿਹਾ ਹੈ। ਹਾਲਾਤ ਇਵੇਂ ਰਹੇ ਤਾਂ ਇਸ ਜੰਗ ਦੇ ਬਹੁਤ ਭਿਆਨਕ ਰੂਪ ਲੈਣ ਦੀ ਸੰਭਾਵਨਾ ਹੈ।

ਸੰਨ 1949 ਤੋਂ ਲੈ ਕੇ 1973 ਤੱਕ ਤਾਇਵਾਨ ਹੀ ਚੀਨ ਸਰਕਾਰ ਦੀ ਯੂ.ਐੱਨ.ਓ. ਵਿਚ ਪ੍ਰਤੀਨਿਧਤਾ ਕਰਦਾ ਸੀ। ਹੁਣ ਇਹ ਖ਼ੁਦਮੁਖਤਾਰ ਖੇਤਰ ਹੈ। ਤਾਇਵਾਨ ਦਾ ਨਾਮ 'ਰਿਪਬਲਿਕ ਔਫ ਚਾਈਨਾ' ਹੈ। ਅਮਰੀਕਾ ਇਸ ਨੂੰ ਲਗਾਤਾਰ ਚੀਨ ਵਿਰੁੱਧ ਉਕਸਾ ਰਿਹਾ ਹੈ ਕਿ ਉਹ ਆਪਣੇ ਆਪ ਨੂੰ ਆਜ਼ਾਦ ਦੇਸ਼ ਐਲਾਨ ਕਰ ਦੇਵੇ ਅਤੇ ਅਮਰੀਕਾ ਦਾ ਜੋੜੀਦਾਰ ਬਣੇ। ਤਾਈਵਾਨ ਅਮਰੀਕਾ ਤੋਂ ਹਥਿਆਰ ਖਰੀਦਦਾ। ਇਹ ਨੀਤੀ ਕਿਸੇ ਵੱਡੇ ਫ਼ੌਜੀ ਟਕਰਾਅ ਦੀਆਂ ਸੰਭਾਵਨਾਵਾਂ ਵਾਲੀ ਹੈ। ਉੱਤਰੀ ਕੋਰੀਆ ਨਾਲ ਅਮਰੀਕਾ ਦੀ 1950 ਵਿਚ ਸ਼ੁਰੂ ਹੋ ਕੇ ਤਿੰਨ ਸਾਲ ਜੰਗ ਚੱਲੀ। ਅਜੇ ਤੱਕ ਉਸ ਉੱਤੇ ਸਖ਼ਤ ਅਮਰੀਕੀ ਪਾਬੰਦੀਆਂ ਅਤੇ ਤਣਾਅ ਬਰਕਰਾਰ ਹੈ।

ਅਫ਼ਗਾਨਿਸਤਾਨ ਤੇ ਪਾਕਿਸਤਾਨ ਦਰਮਿਆਨ ਮੌਜੂਦਾ ਜੰਗੀ ਟਕਰਾਅ ਅਤੇ ਕੱਟੜ ਅੱਤਵਾਦ ਵਾਲਾ ਮਹੌਲ ਮੁੱਖ ਰੂਪ ਵਿਚ ਅਮਰੀਕਾ ਨਾਲ ਦੋਸਤੀ ਦਾ ਨਤੀਜਾ ਹੈ। ਇਹ ਸਬਕ ਸਾਡੀ ਭਾਰਤ ਸਰਕਾਰ ਲਈ ਕੀਮਤੀ ਹੈ, ਜਿਸਨੂੰ ਅਮਰੀਕੀ ਇਜ਼ਰਾਇਲੀ ਦੋਸਤੀ ਦਾ ਨਵਾਂ ਨਵਾਂ ਚਾਅ ਹੈ।

ਸਾਡੇ ਚਾਅ ਦੇ ਬਾਵਜੂਦ ਭਾਰਤੀਆਂ ਵੱਲੋਂ ਚਲਾਏ ਜਾ ਰਹੇ ਤਿੰਨ ਜਹਾਜ਼ਾਂ ਉੱਤੇ ਅਮਰੀਕਾ ਨੇ ਹਮਲਾ ਕਰਕੇ ਤਿੰਨ ਚਾਲਕ ਮਾਰ ਦਿੱਤੇ, ਜਹਾਜ਼ ਡੁਬੋ ਦਿੱਤਾ, ਭਾਰਤ ਉੱਤੇ ਇਕਪਾਸੜ ਹੋਰ ਟੈਰਿਫ਼ ਵੀ ਲਾਏ। ਜਿਵੇਂ ਇਰਾਨ ਤੋਂ ਮਿਲੀ ਹਾਰ ਦੀ ਖਿੱਝ ਸਾਡੇ 'ਤੇ ਕੱਢ ਰਹੇ ਹੋਣ ਕਿ ਇਨ੍ਹਾਂ ਨੇ ਕਿਹੜਾ ਅੱਗੋਂ ਬੋਲਣਾ!

ਸਭ ਦੇ ਮਨ ਵਿਚ ਇਹ ਸਵਾਲ ਹੈ ਕਿ ਕੀ ਇਰਾਨ ਵਾਲਾ ਤਜ਼ਰਬਾ ਨਾਕਾਮ ਰਹਿਣ ਉਪਰੰਤ ਅਮਰੀਕਾ ਦੇ ਹਮਲਾਵਰ ਰੁਖ਼ ਵਿਚ ਕੋਈ ਹਾਂ-ਪੱਖੀ ਬਦਲਾਅ ਆਵੇਗਾ? ਕਿਉਂਕਿ ਅਮਰੀਕਾ ਨੇ ਪਹਿਲਾਂ ਵਾਲੇ ਨਾਕਾਮ ਤਜ਼ਰਬਿਆਂ (ਵੀਅਤਨਾਮ, ਇਰਾਕ, ਅਫ਼ਗਾਨਿਸਤਾਨ) ਤੋਂ ਤਾਂ ਕੋਈ ਸਬਕ ਨਹੀਂ ਸਿੱਖਿਆ।

ਜ਼ਮੀਨੀ ਸੱਚ ਇਹੀ ਹੈ ਕਿ ਹਥਿਆਰਾਂ ਦੀ ਮੰਡੀ ਦੇ ਸਭ ਤੋਂ ਵੱਡੇ ਨਿਰਮਾਤਾ ਅਤੇ ਵਪਾਰੀ ਅਮਰੀਕਾ ਦਾ ਹਿੱਤ ਤਾਂ ਇਹੀ ਹੈ ਕਿ ਝਗੜੇ ਸੁਲਘਦੇ ਮੱਚਦੇ ਰਹਿਣ ਅਤੇ ਮੁਲਕਾਂ ਦੀ ਹਥਿਆਰ ਖਰੀਦਣ ਦੀ ਲੋੜ ਤਲਬ ਬਣੀ ਰਵ੍ਹੇ। ਨਾਲੇ ਗਾਹਕ ਵੀ ਮੈਥੋਂ ਦਹਿਸ਼ਤ ਦੇ ਮਾਰੇ ਮੇਰੀ ਦੁਕਾਨ ਉੱਤੇ ਹੀ ਆਉਣ। ਹਮੇਸ਼ਾਂ ਵੇਖਿਆ ਗਿਆ ਕਿ ਕਿਸੇ 'ਤੇ ਹਮਲਾ ਕਰਕੇ ਸਫ਼ਲ ਹੋਣ ਉੱਤੇ ਅਮਰੀਕੀ ਲੋਕ ਲੀਡਰ ਉੱਤੇ ਖੁਸ਼ ਹੁੰਦੇ ਹਨ। ਜਦਕਿ ਇਰਾਨ ਵਾਂਗ ਹਮਲਾਵਰ ਕਾਰਵਾਈ ਨਾਕਾਮ ਰਹੇ, ਤਾਂ ਆਗੂ ਦਾ ਸਮਰਥਨ ਘਟਦਾ ਹੈ। ਜੇ ਐਸਾ ਹੈ ਤਾਂ ਫਿਰ ਕਿਸੇ ਆਸਾਨ ਸ਼ਿਕਾਰ (ਦੇਸ਼) ਵੱਲ ਮੂੰਹ ਕਰਕੇ ਭਰਪਾਈ ਕਰਨ ਵਾਲੀ ਨੀਤੀ ਚਲਦੀ ਰਹੇਗੀ।

ਵੇਖੋ ਕਿਵੇਂ ਦੂਜੀ ਸੰਸਾਰ ਜੰਗ ਤੋਂ ਬਾਅਦ ਆਪਸ ਵਿਚ ਲੜਦੇ ਰਹੇ ਸਾਰੇ ਤਕੜੇ ਪੂੰਜੀਵਾਦੀ ਸਾਮਰਾਜੀ ਮੁਲਕ ਸਭ ਕੁਝ ਭੁਲਾ ਕੇ ਫਿਰ ਇਕ ਢਾਣੀ ਵਾਂਗ ਇਕੱਠੇ ਹੋ ਗਏ ਹਨ। ਮਕਸਦ ਮਾੜੇ ਦੇਸ਼ਾਂ ਉੱਤੇ ਗਲਬਾ ਅਤੇ ਆਰਥਿਕ ਲੁੱਟ ਹੈ। ਆਪਣੇ ਤੋਂ ਸਿਵਾ ਇਹ ਕਿਸੇ ਦੀ ਜਾਨ-ਮਾਲ, ਜਜ਼ਬਾਤ ਦੀ ਕੋਈ ਕੀਮਤ ਨਹੀਂ ਸਮਝਦੇ। ਇਨ੍ਹਾਂ ਤੋਂ ਰਹਿਮ, ਸਮਝਦਾਰੀ ਦੀ ਉਮੀਦ ਨਹੀਂ। ਇਹ ਸਿਰਫ਼ ਜ਼ੋਰ ਦੀ ਭਾਸ਼ਾ ਸਮਝਦੇ ਹਨ। ਬਾਕੀ ਸਾਰੇ ਦੇਸ਼ਾਂ ਲਈ ਇਹ ਗੰਭੀਰ ਵਿਚਾਰ ਦਾ ਮੁੱਦਾ ਹੈ। ਅਮਨ ਚੈਨ ਖ਼ਤਰੇ ਵਿਚ ਹੈ। ਭਾਰਤ ਸਰਕਾਰ ਨੂੰ ਆਪਣੀ ਵਿਦੇਸ਼ ਅਤੇ ਸਮਾਜਿਕ ਨੀਤੀ ਉੱਤੇ ਬੇਲਿਹਾਜ਼ੀ ਸਵੈ-ਪੜਚੋਲ ਦੀ ਲੋੜ ਹੈ। ਗਵਾਂਢੀ ਤੇ ਆਪਸੀ ਭਾਈਚਾਰੇ ਦੀ ਕੀਮਤ ਸਮਝੀਏ।

# ਤੁਰ ਗਿਆ ਲੋਕ ਹਿਤਾਂ ਦਾ ਪਹਿਰੇਦਾਰ ਲੇਖਕ ਦਲੀਪ ਸਿੰਘ ਉਪਲ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਲੋਕ ਹਿਤਾਂ ਦੇ ਪਹਿਰੇਦਾਰ ਲੇਖਕ ਦਲੀਪ ਸਿੰਘ ਉਪਲ 88 ਸਾਲ ਦੀ ਉਮਰ ਵਿਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਸਨੇ ਅਜੇ 11 ਜੂਨ 2026 ਨੂੰ ਆਪਣਾ ਜਨਮ ਦਿਨ ਮਨਾਇਆ ਸੀ। ਦਲੀਪ ਸਿੰਘ ਉਪਲ ਬਹੁ-ਮੰਤਵੀ, ਬਹੁ-ਦਿਸ਼ਾਵੀ, ਦੂਰ ਅੰਦੇਸ਼ ਅਤੇ ਸੰਵੇਦਨਸ਼ੀਲ ਲੇਖਕ ਸੀ। ਦਲੀਪ ਸਿੰਘ ਉਪਲ ਨੇ ਇੱਕ ਦਰਜਨ ਦੇ ਲਗਪਗ ਪੁਸਤਕਾਂ ਲਿਖੀਆਂ, ਸੰਪਾਦਤ ਅਤੇ ਅਨੁਵਾਦ ਕੀਤੀਆਂ ਸਨ। ਤਿੰਨ ਪੁਸਤਕਾਂ ਉਸਦੀਆਂ ਬਹੁਤ ਹੀ ਪਸੰਦ ਕੀਤੀਆਂ ਗਈਆਂ, ਜਿਨ੍ਹਾਂ ਵਿਚ ਸੰਵੇਦਨਾ ਦੇ ਰੰਗ, ਦੋ ਤੇਰੀਆਂ ਦੋ ਮੇਰੀਆਂ ਅਤੇ ਹਿੰਮਤ ਦੇ ਹਾਸਲ ਸਵੈ-ਜੀਵਨੀ ਸ਼ਾਮਲ ਹਨ। ਦਲੀਪ ਸਿੰਘ ਉਪਲ ਵਿਲੱਖਣ ਬਿਰਤੀ ਵਾਲਾ ਬਹੁ-ਰੰਗੀ ਤੇ ਬਹੁ-ਪੱਖੀ ਵਿਦਵਾਨ ਸੀ। ਉਸਦੀ ਜ਼ਿੰਦਗੀ ਤੇ ਬਿਰਤੀ ਦੇ ਰੰਗਾਂ ਦੀਆਂ ਪਰਤਾਂ ਦੀ ਜਾਣਕਾਰੀ ਲੈਣ ਲਈ, ਉਸਦੀਆਂ ਮੌਲਿਕ ਅਤੇ ਅਨੁਵਾਦਿਤ ਪੁਸਤਕਾਂ ਪੜ੍ਹਨੀਆਂ ਪੈਣਗੀਆਂ। ਉਨ੍ਹਾਂ ਪੁਸਤਕਾਂ ਵਿਚੋਂ ਦਲੀਪ ਸਿੰਘ ਉਪਲ ਦਾ ਵਿਅਕਤੀਤਵ ਨਿਖਰਕੇ ਸਾਹਮਣੇ ਆਉਂਦਾ ਹੈ। 'ਸੰਵੇਦਨਾ ਦੇ ਰੰਗ' ਪੁਸਤਕ ਪੜ੍ਹਨ ਤੋਂ ਬਾਅਦ ਉਸਦੀ ਬਿਰਤੀ ਦੇ ਕਈ ਪੱਖਾਂ ਦਾ ਖੁਲਾਸਾ ਹੁੰਦਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਇੱਕ ਪਾਸੇ ਉਹ ਪੰਜਾਬੀ ਦਾ ਵਿਦਵਾਨ ਸੀ, ਪੰਜਾਬੀ ਵਿਚ ਇੱਕ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕਰਵਾ ਚੁੱਕਿਆ ਸੀ, ਰਾਜਨੀਤੀ ਵਿਗਿਆਨ ਦਾ ਗਿਆਤਾ, ਕਾਨੂੰਨੀ ਦਾਅਪੇਚਾਂ ਦਾ ਮਾਹਿਰ ਅਤੇ ਵਿੱਤ ਅਧਿਕਾਰੀ ਸੀ। ਉਨ੍ਹਾਂ ਨੇ ਆਪਣੇ ਪਿੰਡ ਦੇ ਸਕੂਲ ਵਿਚ ਇਕ ਲਾਇਬਰੇਰੀ ਵੀ ਸਥਾਪਤ ਕੀਤੀ ਹੋਈ ਸੀ, ਜਿਸ ਵਿਚ 5000 ਤੋਂ ਵੱਧ ਪੁਸਤਕਾਂ ਹਨ, ਤਾਂ ਜੋ ਪਿੰਡ ਦੇ ਬੱਚੇ ਵਿਦਿਅਕ ਚਾਨਣ ਦਾ ਫੈਲਾ ਕਰ ਸਕਣ। ਪਿੰਡਾਂ ਦੇ ਬੱਚਿਆਂ ਦੀ ਸਿੱਖਿਆ ਵਿਚ ਉਹ ਵਿਸ਼ੇਸ਼ ਦਿਲਚਸਪੀ ਲੈਂਦੇ ਸਨ।

ਦਲੀਪ ਸਿੰਘ ਉੱਪਲ ਇਕ ਸਾਧਾਰਨ ਕਿਸਾਨ ਪਰਿਵਾਰ ਦੇ ਘਰ ਜਨਮ ਲੈ ਕੇ ਸਮਾਜਿਕ ਰੁਤਬਿਆਂ ਦੀਆਂ ਬੁਲੰਦੀਆਂ 'ਤੇ ਪਹੁੰਚਣ ਵਾਲਾ ਹਿੰਮਤੀ ਇਨਸਾਨ ਸੀ। ਉਸਦੀ ਮਿਹਨਤ ਅਤੇ ਦ੍ਰਿੜ੍ਹਤਾ ਹੀ ਉਸਦੀ ਜ਼ਿੰਦਗੀ ਨੂੰ ਬਿਹਤਰੀਨ ਬਣਾਉਣ ਵਿਚ ਸਹਾਈ ਸਾਬਤ ਹੋਈ ਸੀ। ਉਸਨੇ ਆਪਣਾ ਕੈਰੀਅਰ ਆਪ ਸਿਰਜਿਆ। ਦਸਵੀਂ ਤੱਕ ਦੀ ਉਸਦੀ ਪੜ੍ਹਾਈ ਮਾਪਿਆਂ ਨੇ ਕਰਵਾਈ, ਉਸ ਤੋਂ ਬਾਅਦ ਉਸਨੇ ਆਪਣੀ ਸਾਰੀ ਉੱਚ ਸਿੱਖਿਆ ਸਰਕਾਰੀ ਨੌਕਰੀ ਦੌਰਾਨ ਆਪਣੀ ਕਮਾਈ ਅਤੇ ਮਿਹਨਤ ਨਾਲ ਕੀਤੀ। ਸਾਰੀ ਦਿਹਾੜੀ ਪੰਜਾਬ ਸਿਵਲ ਸਕੱਤਰੇਤ ਵਿਚ ਨੌਕਰੀ ਕਰਦਾ ਸੀ, ਸ਼ਾਮ ਨੂੰ ਟਿਊਸ਼ਨਾਂ ਪੜ੍ਹਾਉਂਦਾ ਅਤੇ ਰਾਤ ਨੂੰ ਆਪਣੀ ਪੜ੍ਹਾਈ ਕਰਦਾ ਸੀ। ਇਥੇ ਹੀ ਬਸ ਨਹੀਂ, ਸਗੋਂ ਵਿਆਹ ਤੋਂ ਬਾਅਦ ਆਪਣੀ ਪਤਨੀ ਕਮਲੇਸ਼ ਉਪਲ ਨੂੰ ਵੀ ਐੱਮ.ਏ. ਤੱਕ ਪੜ੍ਹਾਇਆ। ਉਹ ਸੱਚਾ-ਸੁੱਚਾ ਸਾਫ ਸਪੱਸ਼ਟ ਮੂੰਹ 'ਤੇ ਕਹਿਣ ਵਾਲਾ ਵਿਅਕਤੀ ਸੀ। ਉਹ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਦਾ ਜ਼ਿਕਰ ਕਰਦਿਆਂ ਆਪਣੇ ਪਰਿਵਾਰ ਨੂੰ ਬੱਕਰੀਆਂ ਚਾਰਨ ਵਾਲਾ ਪਰਿਵਾਰ ਕਹਿੰਦਾ ਸੀ। ਜ਼ਮੀਨ ਨਾਲ ਜੁੜਿਆ ਹੋਇਆ ਸਾਹਿਤਕਾਰ ਸੀ। ਆਪਣੇ ਪਿਤਾ ਨੂੰ ਆਪਣਾ ਰਹਿਨੁਮਾ ਮੰਨਦਾ ਸੀ, ਜਿਸਨੇ ਗ਼ਰੀਬੀ ਦੀ ਹਾਲਤ ਵਿਚ ਉਸਨੂੰ ਪੜ੍ਹਾਇਆ, ਪ੍ਰੰਤੂ ਪਿਤਾ ਦੇ ਗਲਤ ਫੈਸਲਿਆਂ ਦਾ ਵਿਰੋਧ ਕਰਨ ਤੋਂ ਝਿਜਕਦਾ ਨਹੀਂ ਸੀ। ਇੱਕ ਆਮ ਵਿਅਕਤੀ ਲਈ ਆਪਣੀ ਮੰਜ਼ਲ ਸਰ ਕਰਨਾ ਵੀ ਵੱਡੀ ਉਪਲਬਧੀ ਹੁੰਦੀ ਹੈ, ਪ੍ਰੰਤੂ ਦੂਜਿਆਂ ਦੀ ਮਦਦ ਲਈ ਤਤਪਰ ਰਹਿਣਾ ਅਤੇ ਉਨ੍ਹਾਂ ਦੇ ਭਵਿੱਖ ਦੀ ਚਿੰਤਾ ਕਰਨਾ ਇਨਸਾਨ ਦਾ ਵਿਲੱਖਣ ਗੁਣ ਹੁੰਦਾ ਹੈ। ਦਲੀਪ ਸਿੰਘ ਉੱਪਲ ਇਸ ਗੁਣ ਦਾ ਮਾਲਕ ਸੀ। ਉਹ ਨੌਕਰੀ ਵਿਚ ਲੱਗਣ ਤੋਂ ਬਾਅਦ ਸਮਾਜ ਸੇਵਾ ਖਾਸ ਤੌਰ 'ਤੇ ਲੜਕੀਆਂ ਦੀ ਪੜ੍ਹਾਈ ਵਿਚ ਮਦਦ ਕਰਦਾ ਰਹਿੰਦਾ ਸੀ।

ਦਲੀਪ ਸਿੰਘ ਉਪਲ ਦੀ ਮਾਪਿਆਂ ਦੀ ਆਰਥਿਕ ਕਮਜ਼ੋਰੀ ਕਰਕੇ ਬਹੁਤੀ ਪੜ੍ਹਾਈ ਕਠਿਨਾਤਮਿਕ ਸਥਿਤੀਆਂ ਦੌਰਾਨ ਹੀ ਹੋਈ। ਕਈ ਮੀਲ ਸਕੂਲ ਪੈਦਲ ਜਾਣਾ ਪੈਂਦਾ ਸੀ। ਸਾਈਕਲ ਵੀ ਨਸੀਬ ਨਹੀਂ ਹੁੰਦਾ ਸੀ। ਸਰਦੀਆਂ ਵਿਚ ਪਾਉਣ ਲਈ ਗਰਮ ਕੱਪੜੇ ਨਹੀਂ ਮਿਲਦੇ ਸਨ। ਇਕ ਵਾਰ ਪੜ੍ਹਾਈ ਅੱਧ ਵਿਚਕਾਰ ਛੱਡਣੀ ਵੀ ਪਈ। ਆਪਣੀ ਪੜ੍ਹਾਈ ਜਾਰੀ ਰੱਖਣ ਲਈ ਮਦਦ ਕਰਨ ਵਾਲੇ ਪਰਿਵਾਰ ਦੀ ਮੱਝ ਲਈ ਪੱਠੇ ਵੱਢ ਕੇ ਲਿਆਉਣੇ। ਕਿਰਾਏ ਦੇ ਮਕਾਨ ਵਿਚ ਹੀਰ ਵਾਰਿਸ ਗਾਉਣ ਕਰਕੇ ਮਾਲਕ ਮਕਾਨ ਦਾ ਝਿੜਕਣਾ ਆਦਿ ਉਸਨੇ ਝੱਲਿਆ ਪ੍ਰੰਤੂ ਪੜ੍ਹਾਈ ਜਾਰੀ ਰੱਖੀ। ਉਹ ਗਾਉਂਦਾ ਵੀ ਕਮਾਲ ਦਾ ਸੀ। ਉਹ ਸੰਗੀਤ ਪ੍ਰੇਮੀ ਸੀ, ਹਰ ਸਾਹਿਤਕ ਤੇ ਸੰਗੀਤਕ ਪ੍ਰੋਗਰਾਮ ਵਿਚ ਸ਼ਾਮਲ ਹੁੰਦਾ ਸੀ। ਸੀਨੀਅਰ ਸਿਟੀਜਨ ਦੀ ਮੀਟਿੰਗ ਵਿਚ ਹੀਰ ਵਾਰਿਸ ਗਾ ਕੇ ਰੰਗ ਬੰਨ੍ਹ ਦਿੰਦਾ ਸੀ। ਦਸਵੀਂ ਤੋਂ ਬਾਅਦ ਬੀ.ਏ. ਪ੍ਰਾਈਵੇਟ ਪਾਸ ਕੀਤੀ। ਐੱਮ.ਏ. ਅਤੇ ਐੱਲ.ਐੱਲ.ਬੀ. ਦੀਆਂ ਡਿਗਰੀਆਂ ਨੌਕਰੀ ਦੌਰਾਨ ਸ਼ਾਮ ਦੀਆਂ ਕਲਾਸਾਂ ਵਿਚ ਪੜ੍ਹਕੇ ਪ੍ਰਾਪਤ ਕੀਤੀਆਂ। ਇਨ੍ਹਾਂ ਗੱਲਾਂ ਤੋਂ ਪੜ੍ਹਾਈ ਅਤੇ ਆਪਣੇ ਕੈਰੀਅਰ ਬਾਰੇ ਉਨ੍ਹਾਂ ਦੇ ਸੁਚੇਤ ਹੋਣ ਦਾ ਪ੍ਰਗਟਾਵਾ ਹੁੰਦਾ ਹੈ। ਕਈ ਲੋੜਵੰਦਾਂ ਦੀ ਆਰਥਿਕ ਮਦਦ ਕੀਤੀ ਅਤੇ ਕਈਆਂ ਨੂੰ ਆਪਣੇ ਕੋਲ ਰੱਖਕੇ ਪੜ੍ਹਾਇਆ।

ਦਲੀਪ ਸਿੰਘ ਉਪਲ ਨੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਤੋਂ ਬਾਅਦ ਅੰਤਰਜਾਤੀ ਵਿਆਹ ਵੀ ਸਾਧਾਰਨ ਢੰਗ ਨਾਲ ਬਿਨਾ ਦਾਜ ਕਰਵਾਇਆ। ਉਸ ਸਮੇਂ ਅੰਤਰਜਾਤੀ ਵਿਆਹ ਕਰਵਾਉਣਾ ਕੋਈ ਸੌਖਾ ਕਾਰਜ ਨਹੀਂ ਸੀ। ਉਸ ਜ਼ਮਾਨੇ ਵਿਚ ਅੰਤਰਜਾਤੀ ਵਿਆਹ ਕਰਵਾ ਕੇ ਪ੍ਰੰਪਰਾਤਮਿਕ ਪ੍ਰੰਪਰਾਵਾਂ ਨੂੰ ਵੰਗਾਰਨਾ ਇਕ ਵਿਲੱਖਣ ਦਲੇਰੀ ਭਰਿਆ ਕਦਮ ਸੀ। ਅੱਜ ਤੱਕ ਵੀ ਅੰਤਰਜਾਤੀ ਵਿਆਹ ਕਰਨ ਵਾਲਿਆਂ ਦੇ ਕਤਲ ਹੋ ਜਾਂਦੇ ਹਨ। ਖਾਸ ਤੌਰ 'ਤੇ ਜੱਟ ਪਰਿਵਾਰ ਦੇ ਲੜਕੇ ਲਈ ਤਾਂ ਹੋਰ ਵੀ ਜ਼ੋਖ਼ਮ ਭਰਿਆ ਕੰਮ ਹੁੰਦਾ ਹੈ। ਬੇਲਦਾਰ ਤੋਂ ਨੌਕਰੀ ਸ਼ੁਰੂ ਕਰਕੇ ਪੌੜੀ-ਦਰ-ਪੌੜੀ ਟਾਈਪਿਸਟ, ਜੂਨੀਅਰ ਸਕੇਲ ਸਟੈਨੋਗ੍ਰਾਫਰ, ਸੀਨੀਅਰ ਸਕੇਲ ਸਟੈਨੋਗ੍ਰਾਫਰ, ਮੰਤਰੀ ਦੇ ਨਿੱਜੀ ਸਹਾਇਕ, ਪ੍ਰਬੰਧਕ ਅਧਿਕਾਰੀ, ਡਿਪਟੀ ਰਜਿਸਟਰਾਰ ਅਤੇ ਅਖ਼ੀਰ ਪੰਜਾਬੀ ਯੂਨੀਵਰਸਿਟੀ ਦੇ ਵਿਤ ਅਧਿਕਾਰੀ ਸੇਵਾਮੁਕਤ ਹੋਏ। ਇਹ ਸਾਰੀਆਂ ਸਫਲਤਾਵਾਂ, ਮਿਹਨਤ, ਲਗਨ, ਦ੍ਰਿੜ੍ਹਤਾ, ਨਿਮਰਤਾ, ਸਹਿਯੋਗ ਅਤੇ ਮਿਲਵਰਤਨ ਦੀ ਪ੍ਰਵਿਰਤੀ ਕਰਕੇ ਰੰਗ ਲਿਆਈਆਂ ਸਨ। ਦਲੀਪ ਸਿੰਘ ਉਪਲ ਸੰਜੀਦਾ, ਸੰਵੇਦਨਸ਼ੀਲ, ਸਹਿਣਸ਼ੀਲ ਅਤੇ ਸਬਰ-ਸੰਤੋਖ ਦਾ ਪੁਤਲਾ ਸੀ। ਇੱਕ ਸਿੱਖ ਪਰਿਵਾਰ ਵਿਚ ਜਨਮ ਲੈਣ ਵਾਲੇ ਵਿਅਕਤੀ ਵਿਚ ਨਿਮਰਤਾ ਵਰਗਾ ਗਹਿਣਾ ਉਸ ਲਈ ਵਰਦਾਨ ਸਾਬਤ ਹੋਇਆ। ਉਸਨੂੰ ਮਿਹਨਤ ਦਾ ਮੁਜੱਸਮਾ ਵੀ ਕਿਹਾ ਜਾ ਸਕਦਾ ਹੈ।



ਤਸਵੀਰਾਂ : ਦਲੀਪ ਸਿੰਘ ਉਪਲ।

> ਦਲੀਪ ਸਿੰਘ ਉਪਲ ਦੀ ਮਾਪਿਆਂ ਦੀ ਆਰਥਿਕ ਕਮਜ਼ੋਰੀ ਕਰਕੇ ਬਹੁਤੀ ਪੜ੍ਹਾਈ ਕਠਿਨਾਤਮਿਕ ਸਥਿਤੀਆਂ ਦੌਰਾਨ ਹੀ ਹੋਈ। ਕਈ ਮੀਲ ਸਕੂਲ ਪੈਦਲ ਜਾਣਾ ਪੈਂਦਾ ਸੀ। ਸਾਈਕਲ ਵੀ ਨਸੀਬ ਨਹੀਂ ਹੁੰਦਾ ਸੀ। ਸਰਦੀਆਂ ਵਿਚ ਪਾਉਣ ਲਈ ਗਰਮ ਕੱਪੜੇ ਨਹੀਂ ਮਿਲਦੇ ਸਨ। ਇਕ ਵਾਰ ਪੜ੍ਹਾਈ ਅੱਧ ਵਿਚਕਾਰ ਛੱਡਣੀ ਵੀ ਪਈ। ਆਪਣੀ ਪੜ੍ਹਾਈ ਜਾਰੀ ਰੱਖਣ ਲਈ ਮਦਦ ਕਰਨ ਵਾਲੇ ਪਰਿਵਾਰ ਦੀ ਮੱਝ ਲਈ ਪੱਠੇ ਵੱਢ ਕੇ ਲਿਆਉਣੇ। ਕਿਰਾਏ ਦੇ ਮਕਾਨ ਵਿਚ ਹੀਰ ਵਾਰਿਸ ਗਾਉਣ ਕਰਕੇ ਮਾਲਕ ਮਕਾਨ ਦਾ ਝਿੜਕਣਾ ਆਦਿ ਉਸਨੇ ਝੱਲਿਆ ਪ੍ਰੰਤੂ ਪੜ੍ਹਾਈ ਜਾਰੀ ਰੱਖੀ।

ਦਲੀਪ ਸਿੰਘ ਉੱਪਲ ਦੀਆਂ ਪ੍ਰਾਪਤੀਆਂ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੋ ਸਕਦੀਆਂ ਹਨ। ਉਨ੍ਹਾਂ ਨਿਧੱੜਕ ਹੋ ਕੇ ਆਪਣੇ ਫ਼ਰਜ਼ ਨਿਭਾਏ। ਇਨਸਾਨ ਨੂੰ ਜੇਕਰ ਚੰਗੇ ਗੁਣ ਸਿੱਖਣ ਦਾ ਮੌਕਾ ਮਿਲੇ, ਤਾਂ ਅਜਾਈਂ ਨਹੀਂ ਗੁਆਉਣੇ ਚਾਹੀਦੇ। ਫਿਰ ਉਹ ਸਾਰੀ ਜ਼ਿੰਦਗੀ ਕੰਮ ਆਉਂਦੇ ਹਨ। ਦਲੀਪ ਸਿੰਘ ਉੱਪਲ ਅਤੇ ਉਨ੍ਹਾਂ ਦੀ ਪਤਨੀ ਕਮਲੇਸ਼ ਉੱਪਲ ਨੂੰ ਜ਼ਿੰਦਗੀ ਵਿਚ ਸਫਲਤਾਵਾਂ ਪ੍ਰਾਪਤ ਕਰਨ ਲਈ ਕਈ ਵੇਲਣ ਵੇਲਣੇ ਪਏ। ਕਮਲੇਸ਼ ਉਪਲ ਪੰਜਾਬੀ ਯੂਨੀਵਰਸਿਟੀ ਵਿਚੋਂ ਪ੍ਰੋਫੈਸਰ ਤੇ ਮੁਖੀ ਨਾਟਕ ਤੇ ਰੰਗਮੰਚ ਵਿਭਾਗ ਸੇਵਾਮੁਕਤ ਹੋਏ ਹਨ। ਪੜ੍ਹਾਈ ਕਰਨ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ, ਪਰੰਤੂ ਇਸ ਗੱਲ ਦਾ ਉਨ੍ਹਾਂ ਨੂੰ ਮਾਣ ਜਾਂਦਾ ਹੈ ਕਿ ਉਨ੍ਹਾਂ ਨੇ ਆਪ ਵੀ ਉਚੇਰੀ ਪੜ੍ਹਾਈ ਕੀਤੀ ਅਤੇ ਆਪਣੇ ਦੋਵੇਂ ਬੱਚੇ ਲੜਕੀ ਡਾ. ਨਿਵੇਦਤਾ ਸਿੰਘ ਅਤੇ ਲੜਕਾ ਡਾ. ਅਲੰਕਾਰ ਸਿੰਘ ਨੂੰ ਉੱਚ ਪੜ੍ਹਾਈ ਕਰਵਾਈ, ਜਿਸ ਕਰਕੇ ਉਹ ਪੰਜਾਬੀ ਯੂਨੀਵਰਸਿਟੀ ਵਿਚ ਦੋਵੇਂ ਪ੍ਰੋਫ਼ੈਸਰ ਅਤੇ ਡੀਨ ਹਨ। ਉਨ੍ਹਾਂ ਦਾ ਦਾਮਾਦ ਡਾ. ਭੀਮਇੰਦਰ ਸਿੰਘ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਡਾਇਰੈਕਟਰ ਹਨ।

ਦਲੀਪ ਸਿੰਘ ਉੱਪਲ ਦਾ ਜਨਮ ਉਨ੍ਹਾਂ ਦੀ ਮਾਤਾ ਦੇ ਨਾਨਕੇ ਪਿੰਡ ਪਿਤਾ ਪ੍ਰੀਤਮ ਸਿੰਘ ਤੇ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਪੱਛਮੀ ਪਾਕਿਸਤਾਨ ਦੇ ਲਾਇਲਪੁਰ (ਸੈਫ਼ਦਾਵਾਦ) ਜ਼ਿਲ੍ਹੇ ਦੀ ਜੜ੍ਹਾਂਵਾਲਾ ਤਹਿਸੀਲ ਦੇ ਪਿੰਡ ਚੱਕ ਨੰਬਰ 31 ਵਿਚ 11 ਜੂਨ 1938 ਨੂੰ ਹੋਇਆ। ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਤੋਂ ਅਤੇ ਅੱਠਵੀਂ ਤੱਕ ਦੀ ਖਾਲਸਾ ਹਾਈ ਸਕੂਲ ਨੰਗਲ ਅੰਬੀਆਂ ਤੋਂ ਪ੍ਰਾਪਤ ਕੀਤੀ। ਪੜ੍ਹਾਈ ਲਈ ਉਨ੍ਹਾਂ ਨੂੰ ਬੜੇ ਵੇਲਣ ਵੇਲਣੇ ਪਏ। ਉਨ੍ਹਾਂ ਦਾ ਜੱਦੀ ਪਿੰਡ ਸ਼ਾਹਕੋਟ ਨੇੜੇ ਲਸੂੜੀ, ਜ਼ਿਲ੍ਹਾ ਜਲੰਧਰ ਵਿਚ ਹੈ। ਦਲੀਪ ਸਿੰਘ ਉਪਲ ਦੀ ਕਮਾਲ ਹੈ ਕਿ ਉਸਨੂੰ ਜੀਵ ਵਿਗਿਆਨ, ਸਮਾਜ ਸੇਵਾ ਅਤੇ ਸਾਹਿਤ ਬਾਰੇ ਬਾਖ਼ੂਬੀ ਜਾਣਕਾਰੀ ਸੀ। ਉਸਨੇ ਪ੍ਰਸਿੱਧ ਸਿੱਖਿਆ ਸਾਸ਼ਤਰੀਆਂ, ਨਾਮਵਰ ਵਿਦਵਾਨਾਂ, ਉੱਚ ਕੋਟੀ ਦੇ ਵਿਗਿਆਨੀਆਂ ਅਤੇ ਪ੍ਰਮੁੱਖ ਸਾਹਿਤਕਾਰਾਂ ਨਾਲ ਮੁਲਾਕਾਤਾਂ ਕਰਕੇ ਉਨ੍ਹਾਂ ਦੇ ਰੇਖਾ ਚਿੱਤਰਾਂ ਦੀ ਇੱਕ ਪੁਸਤਕ ਵੀ ਪ੍ਰਕਾਸ਼ਤ ਕਰਵਾਈ ਸੀ। ਉਹ ਹਰ ਵਿਸ਼ੇ ਦਾ ਗਿਆਨ ਰੱਖਣ ਵਲੇ ਵਿਦਵਾਨ ਸਾਹਿਤਕਾਰ ਸਨ।

ਉਹ ਪੰਜਾਬ ਦੇ ਵਰਤਮਾਨ ਹਾਲਾਤ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗ੍ਰਤ ਕਰਨ, ਅਪਰਾਧਿਕ ਬਿਰਤੀਆਂ ਬਾਰੇ ਸੁਚੇਤ ਕਰਨ, ਜਵਾਨੀ ਨੂੰ ਖੇਡਾਂ ਅਤੇ ਕਿਤਾਬਾਂ ਨਾਲ ਜੋੜਨਾ, ਸੱਚੀ-ਸੁੱਚੀ ਕਿਰਤ ਦੀ ਚੇਤਨਾ ਪੈਦਾ ਕਰਨ ਦੀ ਕੋਸਿਸ਼ ਵਿਚ ਰਹਿੰਦੇ ਸਨ। ਉਹ ਸੁਚੱਜੀ ਜੀਵਨ ਜਾਚ ਦੇ ਪੂਰਨੇ ਪਾਉਣ ਬਾਰੇ ਸਹੀ ਢੰਗ ਨਾਲ ਪ੍ਰੇਰਿਤ ਕਰਨ ਵਿਚ ਵੀ ਉਹ ਮੋਹਰੀ ਦੀ ਭੂਮਿਕਾ ਨਿਭਾਉਂਦੇ ਸਨ। ਦਲੀਪ ਸਿੰਘ ਉਪਲ 26 ਜੂਨ 2026 ਨੂੰ ਸਵਰਗਵਾਸ ਹੋ ਗਏ ਸਨ। ਉਨ੍ਹਾਂ ਨੇ ਆਪਣਾ ਸਰੀਰ ਰਾਜਿੰਦਰਾ ਮੈਡੀਕਲ ਕਾਲਜ ਨੂੰ ਦਾਨ ਕੀਤਾ ਹੋਇਆ ਸੀ।

# ਪੰਜਾਬੀ ਲੋਕ ਗਾਇਕਾ ਗੁਲਸ਼ਨ ਕੋਮਲ




ਗੁਲਸ਼ਨ ਮਸ਼ਹੂਰ ਗੀਤਕਾਰ ਅਤੇ ਗਾਇਕ ਸਾਜਨ ਰਾਇਕੋਟੀ ਦੇ ਭਰਾ ਯਸ਼ ਲੁਧਿਆਣਵੀ ਨਾਲ ਆਰਕੈਸਟਰਾ ਪਾਰਟੀ ਵਿਚ ਬਤੌਰ ਗਾਇਕਾ ਵੱਖ-ਵੱਖ ਥਾਵਾਂ 'ਤੇ ਸੰਗੀਤਕ ਪ੍ਰੋਗਰਾਮਾਂ ਲਈ ਜਾਇਆ ਕਰਦੇ ਸਨ। ਇੱਕ ਵਾਰ ਗੁਲਸ਼ਨ ਅਤੇ ਯਸ਼ ਲੁਧਿਆਣਵੀ ਦਿੱਲੀ ਆਰਕੈਸਟਰਾ ਪ੍ਰੋਗਰਾਮ ਲਈ ਗਏ, ਤਾਂ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਗੁਲਸ਼ਨ ਅਤੇ ਯਸ਼ ਲੁਧਿਆਣਵੀ ਨੇ ਸੰਗੀਤਕ ਕੰਪਨੀ ਐੱਚ.ਐੱਮ.ਵੀ. ਦੇ ਸਟੂਡੀਓ ਜਾਣ ਦਾ ਮਨ ਬਣਾਇਆ। ਸਟੂਡੀਓ ਪਹੁੰਚ ਕੇ ਇਨ੍ਹਾਂ ਦੀ ਮੁਲਾਕਾਤ ਕੰਪਨੀ ਹੈੱਡ ਜ਼ਹੀਰ ਅਹਿਮਦ ਨਾਲ ਹੋਈ। ਗੁਲਸ਼ਨ ਅਤੇ ਯਸ਼ ਨੇ ਆਪਣੀ ਸੁਰੀਲੀ ਆਵਾਜ਼ ਵਿਚ ਤਿੰਨ ਗੀਤ ਜ਼ਹੀਰ ਅਹਿਮਦ ਨੂੰ ਸੁਣਾਏ, ਜੋ ਉਨ੍ਹਾਂ ਨੂੰ ਬੇਹੱਦ ਪਸੰਦ ਆਏ, ਜਿਨ੍ਹਾਂ ਵਿਚੋਂ ਦੋ ਗੀਤਾਂ ਦੀ ਰਿਕਾਡਿੰਗ ਕਰ ਲਈ ਗਈ।


ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA



ਸੱਠ ਦੇ ਦਹਾਕੇ ਤੋਂ ਸ਼ੁਰੂ ਹੋ ਕੇ ਅੱਸੀ ਦੇ ਦਹਾਕੇ ਤੱਕ ਦੀ ਗਾਇਕੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਇਸ ਦਹਾਕੇ ਦੀ ਦੋਗਾਣਾ ਗਾਇਕੀ ਨੇ ਪੰਜਾਬੀ ਸੰਗੀਤ ਜਗਤ ਵਿਚ ਬਹੁਤ ਪ੍ਰਸਿੱਧੀ ਹਾਸਿਲ ਕੀਤੀ ਸੀ। ਇਹ ਉਹ ਸਮਾਂ ਸੀ, ਜਦੋਂ ਹਰ ਗਾਇਕ ਗਾਇਕਾ ਸੈੱਟ ਬਣਾ ਕੇ ਗਾਇਕੀ ਦੇ ਪਿੜ ਵਿਚ ਆਇਆ ਕਰਦੇ ਸਨ। ਅਖਾੜਾ ਗਾਇਕੀ ਦੇ ਉਸ ਦੌਰ ਵਿਚ ਪੰਜਾਬੀ ਸੰਗੀਤ ਜਗਤ ਵਿਚ ਗੁਲਸ਼ਨ ਕੋਮਲ ਨਾਂ ਦੀ ਇੱਕ ਐਸੀ ਆਵਾਜ਼ ਨੇ ਦਸਤਕ ਦਿੱਤੀ, ਜਿਨ੍ਹਾਂ ਦੀ ਸੁਰੀਲੀ ਅਤੇ ਬੁਲੰਦ ਆਵਾਜ਼ ਨੇ ਪੰਜਾਬੀ ਸੰਗੀਤ ਜਗਤ ਦਾ ਧਿਆਨ ਆਪਣੇ ਵੱਲ ਖਿੱਚਿਆਂ। ਠੇਠ ਪੰਜਾਬੀ ਲਹਿਜ਼ੇ ਵਿਚ ਗਾਉਣ ਵਾਲੀ ਗੁਲਸ਼ਨ ਕੋਮਲ ਨੇ ਅਣਗਿਣਤ ਹਿੱਟ ਗੀਤ ਪੰਜਾਬੀ ਸੰਗੀਤ ਜਗਤ ਦੀ ਝੋਲੀ ਪਾਏ।

ਸ਼ਹਿਰ ਕਪੂਰਥਲੇ ਦੇ ਰਹਿਣ ਵਾਲੇ ਸ. ਸਾਧੂ ਸਿੰਘ ਵਿਰਦੀ ਅਤੇ ਮਾਤਾ ਕ੍ਰਿਸ਼ਨਾ ਕੁਮਾਰੀ ਦੇ ਘਰ 18 ਮਾਰਚ ਸੰਨ 1948 ਨੂੰ ਗੁਲਸ਼ਨ ਕੋਮਲ ਦਾ ਜਨਮ ਹੋਇਆ। ਗੁਲਸ਼ਨ ਨੂੰ ਸੰਗੀਤ ਨਾਲ ਬਚਪਨ ਤੋਂ ਹੀ ਬਹੁਤ ਲਗਾਓ ਸੀ। ਉਹ ਅਜੇ ਬਹੁਤ ਛੋਟੀ ਸੀ, ਜਦੋਂ ਉਨ੍ਹਾਂ ਦੇ ਪਿਤਾ ਜੀ ਘਰ ਵਿਚ ਇੱਕ ਰੇਡੀਓ ਲੈ ਕੇ ਆਏ, ਜਿਸ 'ਤੇ ਵੱਜਦੇ ਲਤਾ ਮੰਗੇਸ਼ਕਰ, ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤਾਂ ਨੇ ਉਸ ਨੂੰ ਆਪਣੇ ਵੱਲ ਖਿੱਚਿਆ। ਉਹ ਲਤਾ ਮੰਗੇਸ਼ਕਰ ਦੇ ਹਿੰਦੀ ਫ਼ਿਲਮੀ ਗੀਤ, ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਪੰਜਾਬੀ ਲੋਕ ਗੀਤ ਬਹੁਤ ਸ਼ੌਂਕ ਨਾਲ ਸੁਣਿਆ ਕਰਦੇ ਸੀ। ਲਤਾ.ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤਾਂ ਨੂੰ ਗਾਉਣ ਦਾ ਅਭਿਆਸ ਕਰਦੇ-ਕਰਦੇ ਹੀ ਬਗੈਰ ਕਿਸੇ ਉਸਤਾਦ ਤੋਂ ਸੰਗੀਤਕ ਸਿੱਖਿਆ ਲਏ ਬਗੈਰ ਹੀ ਗੁਲਸ਼ਨ ਸੁਰ ਅਤੇ ਤਾਲ ਦੀ ਪੱਕੀ ਧਾਰਣੀ ਬਣ ਗਈ। ਕਪੂਰਥਲਾ ਵਿਚ ਲੜਕੀਆਂ ਦੇ ਸਕੂਲ ਹਿੰਦੂ ਪੁਤਰੀ ਪਾਠਸ਼ਾਲਾ ਵਿਚ ਪੜ੍ਹਦਿਆਂ ਗੁਲਸ਼ਨ ਸਕੂਲ ਵਿਚ ਹੁੰਦੇ ਸਹਿਵਿੱਦਿਅਕ ਪ੍ਰੋਗਰਾਮਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ ਕਰਦੇ ਸਨ।।

ਮੈਟ੍ਰਿਕ ਕਰਨ ਉਪਰੰਤ ਗੁਲਸ਼ਨ ਨੇ ਇੱਕ ਪ੍ਰਾਈਵੇਟ ਸਕੂਲ ਵਿਚ ਅਧਿਆਪਕਾ ਦੀ ਨੌਕਰੀ ਕਰ ਲਈ। ਵੀਹ ਸਾਲ ਦੀ ਉਮਰ ਵਿਚ ਗੁਲਸ਼ਨ ਦਾ ਵਿਆਹ ਕਪੂਰਥਲੇ ਦੇ ਕੋਲ ਪੈਂਦੇ ਪਿੰਡ ਨਡਾਲੇ ਦੇ ਰਹਿਣ ਵਾਲੇ ਮਹਿੰਦਰ ਸਿੰਘ ਨਾਲ ਹੋ ਗਿਆ, ਜੋ ਕਿ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਕਰਦੇ ਸਨ। ਮਹਿੰਦਰ ਸਿੰਘ ਨੂੰ ਗੀਤਕਾਰੀ ਦਾ ਬੇਹੱਦ ਸ਼ੌਕ ਸੀ ਤੇ ਉਹ ਇੱਕ ਗੀਤਕਾਰ ਵਜੋਂ ਆਪਣੇ ਨਾਂ ਨਾਲ ਤਖੱਲਸ ਕੋਮਲ ਲਿਖਿਆ ਕਰਦੇ ਸਨ, ਜਿਸ ਨੂੰ ਬਾਅਦ ਵਿਚ ਗੁਲਸ਼ਨ ਨੇ ਵੀ ਅਪਣਾ ਲਿਆ ਤੇ ਗਾਇਕੀ ਦੇ ਖੇਤਰ ਵਿਚ ਉਹ ਗੁਲਸ਼ਨ ਕੋਮਲ ਦੇ ਨਾਂ ਵਜੋਂ ਜਾਣੀ ਜਾਣ ਲੱਗੀ।



ਗਾਇਕੀ ਨੂੰ ਕੈਰੀਅਰ ਵਜੋਂ ਅਪਣਾਉਣ ਲਈ ਗੁਲਸ਼ਨ ਦੇ ਪਤੀ ਨੇ ਉਸ ਦਾ ਭਰਪੂਰ ਸਾਥ ਦਿੱਤਾ। ਗੁਲਸ਼ਨ ਨੇ ਗਜ਼ਲ ਗਾਇਕ ਕੁਲਦੀਪ ਪ੍ਰਦੇਸੀ ਜੋ ਕਿ ਉਨ੍ਹਾਂ ਦੇ ਪਤੀ ਦੇ ਚੰਗੇ ਦੋਸਤ ਵੀ ਸਨ, ਨਾਲ ਪਹਿਲੀ ਵਾਰ ਸਟੇਜ 'ਤੇ ਗਾਉਣਾ ਆਰੰਭ ਕੀਤਾ। ਸੰਗੀਤ ਉਸਤਾਦ ਜਸਵੰਤ ਭੰਵਰਾ ਜੀ ਅਤੇ ਰਜਿੰਦਰ ਰਾਜਨ ਦੀ ਦਿੱਤੀ ਹੱਲਾਸ਼ੇਰੀ ਅਤੇ ਇਹ ਕਹਿਣਾ ਕਿ ਤੂੰ ਵਧੀਆ ਗਾਉਂਦੀ ਹੈ, ਨਾਲ ਗੁਲਸ਼ਨ ਨੂੰ ਬਹੁਤ ਹੌਂਸਲਾ ਮਿਲਿਆ ਅਤੇ ਗਾਇਕੀ ਵਿਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਗੁਲਸ਼ਨ ਆਪਣੇ ਪਤੀ ਨਾਲ ਪਿੰਡ ਨਡਾਲਾ ਕਪੂਰਥਲਾ ਛੱਡ ਪੱਕੇ ਤੌਰ 'ਤੇ ਲੁਧਿਆਣੇ ਆ ਵੱਸੇ। ਲੁਧਿਆਣੇ ਆ ਕੇ ਸ਼ੁਰੂ-ਸ਼ੁਰੂ ਵਿਚ ਗੁਲਸ਼ਨ ਨੇ ਆਰਕੈਸਟਰਾ ਵਿਚ ਗਾਉਣਾ ਸ਼ੁਰੂ ਕੀਤਾ, ਜਿਸ ਵਿਚ ਹਿੰਦੀ ਫ਼ਿਲਮੀ ਗੀਤ ਜ਼ਿਆਦਾ ਗਾਏ ਜਾਂਦੇ ਸਨ।

ਗੁਲਸ਼ਨ ਮਸ਼ਹੂਰ ਗੀਤਕਾਰ ਅਤੇ ਗਾਇਕ ਸਾਜਨ ਰਾਇਕੋਟੀ ਦੇ ਭਰਾ ਯਸ਼ ਲੁਧਿਆਣਵੀ ਨਾਲ ਆਰਕੈਸਟਰਾ ਪਾਰਟੀ ਵਿਚ ਬਤੌਰ ਗਾਇਕਾ ਵੱਖ-ਵੱਖ ਥਾਵਾਂ 'ਤੇ ਸੰਗੀਤਕ ਪ੍ਰੋਗਰਾਮਾਂ ਲਈ ਜਾਇਆ ਕਰਦੇ ਸਨ। ਇੱਕ ਵਾਰ ਗੁਲਸ਼ਨ ਅਤੇ ਯਸ਼ ਲੁਧਿਆਣਵੀ ਦਿੱਲੀ ਆਰਕੈਸਟਰਾ ਪ੍ਰੋਗਰਾਮ ਲਈ ਗਏ, ਤਾਂ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਗੁਲਸ਼ਨ ਅਤੇ ਯਸ਼ ਲੁਧਿਆਣਵੀ ਨੇ ਸੰਗੀਤਕ ਕੰਪਨੀ ਐੱਚ.ਐੱਮ.ਵੀ. ਦੇ ਸਟੂਡੀਓ ਜਾਣ ਦਾ ਮਨ ਬਣਾਇਆ। ਸਟੂਡੀਓ ਪਹੁੰਚ ਕੇ ਇਨ੍ਹਾਂ ਦੀ ਮੁਲਾਕਾਤ ਕੰਪਨੀ ਹੈੱਡ ਜ਼ਹੀਰ ਅਹਿਮਦ ਨਾਲ ਹੋਈ। ਗੁਲਸ਼ਨ ਅਤੇ ਯਸ਼ ਨੇ ਆਪਣੀ ਸੁਰੀਲੀ ਆਵਾਜ਼ ਵਿਚ ਤਿੰਨ ਗੀਤ ਜ਼ਹੀਰ ਅਹਿਮਦ ਨੂੰ ਸੁਣਾਏ, ਜੋ ਉਨ੍ਹਾਂ ਨੂੰ ਬੇਹੱਦ ਪਸੰਦ ਆਏ, ਜਿਨ੍ਹਾਂ ਵਿਚੋਂ ਦੋ ਗੀਤਾਂ ਦੀ ਰਿਕਾਡਿੰਗ ਕਰ ਲਈ ਗਈ। ਸੰਨ 1975 ਵਿਚ ਰਿਲੀਜ਼ ਹੋਏ ਇਹ ਦੋ ਗੀਤ ਈ.ਪੀ. ਤਵੇ ਦੇ ਰੂਪ ਵਿਚ ਆਏ, ਜਿਸ ਵਿਚ ਦੋ ਗੀਤ ਗੁਲਸ਼ਨ ਅਤੇ ਯਸ਼ ਲੁਧਿਆਣਵੀ ਦੇ ਗਾਏ ਹੋਏ ਸਨ ਅਤੇ ਦੋ ਗੀਤ ਕਿਸੇ ਹੋਰ ਗਾਇਕਾਂ ਦੇ। ਗੁਲਸ਼ਨ ਅਤੇ ਯਸ਼ ਦੇ ਇਨ੍ਹਾਂ ਦੋ ਗੀਤਾਂ ਵਿਚੋਂ ਇੱਕ ਗੀਤ ਜੋ ਕਾਫੀ ਪਸੰਦ ਕੀਤਾ ਗਿਆ ਸੀ, ਜਿਸ ਦੇ ਬੋਲ ਸਨ 'ਆਹ ਚੱਕ ਆਪਣੀ ਨੱਥ ਮੱਛਲੀ, ਤੇ ਰੂਪ ਆਸਾਡਾ ਮੋੜ ਦੇ'

ਪਹਿਲਾ ਤਵਾ ਰਿਕਾਰਡ ਹੋਣ ਨਾਲ ਗੁਲਸ਼ਨ ਦੀ ਐੱਚ.ਐੱਮ.ਵੀ. ਕੰਪਨੀ ਵਿਚ ਪਹਿਚਾਣ ਬਣ ਗਈ। ਇਸ ਨਾਲ ਗੁਲਸ਼ਨ ਨੂੰ ਇਹ ਫਾਇਦਾ ਹੋਇਆ ਕਿ ਕਈ ਨਾਮੀ ਪੰਜਾਬੀ ਲੋਕ ਗਾਇਕਾਂ ਨੇ ਗੁਲਸ਼ਨ ਨੂੰ ਆਪਣੇ ਨਾਲ ਦੋਗਾਣਾ ਜੋੜੀ ਵਜੋਂ ਗਾਉਣ ਦਾ ਸੱਦਾ ਦਿੱਤਾ। ਇਸੇ ਦੌਰਾਨ ਗਾਇਕੀ ਵਿਚ ਆਪਣੇ ਆਪ ਨੂੰ ਪਰਿਪੱਕ ਕਰਨ ਲਈ ਗੁਲਸ਼ਨ ਜੀ ਨੇ ਜਲੰਧਰ ਦੂਰਦਰਸ਼ਨ ਦੇ ਸੰਗੀਤ ਵਿਭਾਗ ਦੇ ਮੁਖੀ ਸ: ਬਲਬੀਰ ਸਿੰਘ ਕਲਸੀ ਜੀ ਨੂੰ ਬਾਕਾਇਦਾ ਆਪਣਾ ਉਸਤਾਦ ਧਾਰਿਆ ਅਤੇ ਉਨ੍ਹਾਂ ਤੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਆਪਣੇ ਪਹਿਲੇ ਈ.ਪੀ. ਰਿਕਾਰਡ ਆਉਣ ਤੋਂ ਬਾਅਦ ਇਨ੍ਹਾਂ ਨੇ ਆਰਕੈਸਟਰਾ ਵਿਚ ਗਾਉਣਾਂ ਛੱਡ ਦਿੱਤਾ ਅਤੇ ਪੰਜਾਬੀ ਲੋਕ ਗਾਇਕੀ ਵਿਚ ਆਪਣੇ ਸੰਗੀਤਕ ਸਫ਼ਰ ਦਾ ਆਗਾਜ਼ ਕੀਤਾ ਅਤੇ ਅਖਾੜਾ ਗਾਇਕੀ ਨੂੰ ਪੂਰੀ ਤਰ੍ਹਾਂ ਅਪਣਾ ਲਿਆ। ਛੇਤੀ ਹੀ ਇਨ੍ਹਾਂ ਦਾ ਸ਼ੁਮਾਰ ਪੰਜਾਬੀ ਲੋਕ ਗਾਇਕੀ ਦੀਆਂ ਨਾਮਵਰ ਗਾਇਕਾਵਾਂ ਵਿਚ ਹੋਣ ਲੱਗਾ।

ਗੁਲਸ਼ਨ ਕੋਮਲ ਨੇ ਪੰਜਾਬੀ ਲੋਕ ਗਾਇਕ ਕੁਲਦੀਪ ਮਾਣਕ ਨਾਲ ਬਹੁਤ ਸਾਰੇ ਦੋਗਾਣੇ ਗਾਏ। ਸੰਨ 1975 ਵਿਚ ਕੈਪਕੋ ਇੰਟਰਨੈਸ਼ਨਲ ਕੰਪਨੀ ਦਿੱਲੀ ਵੱਲੋਂ ਇਨ੍ਹਾਂ ਦੀ ਆਵਾਜ਼ ਨੂੰ ਰਿਕਾਰਡ ਕਰਨ ਦਾ ਮਨ ਬਣਾਇਆ। ਇਹ ਉਹ ਤਵਾ ਰਿਕਾਰਡ ਸੀ, ਜਿਸ ਦੇ ਲਗਭਗ ਸਾਰੇ ਗੀਤ ਬਹੁਤ ਮਕਬੂਲ ਹੋਏ ਸਨ। 'ਜੱਟੀਏ ਜੇ ਹੋਗੀ ਸਾਧਣੀ' ਦੇ ਟਾਈਟਲ ਹੇਠ ਰਿਲੀਜ਼ ਹੋਏ ਇਸ ਤਵੇ ਵਿਚ ਗੁਲਸ਼ਨ ਦਾ ਗਾਇਆ ਇਕ ਸੋਲੋ ਗੀਤ ਬਹੁਤ ਮਸ਼ਹੂਰ ਹੋਇਆ। ਇਹ ਗੀਤ ਗੁਲਸ਼ਨ ਕੋਮਲ ਦੀ ਗਾਇਕੀ ਕੈਰੀਅਰ ਦਾ ਸਭ ਤੋਂ ਵੱਧ ਪਸੰਦ ਕੀਤਾ ਜਾਣਾ ਵਾਲਾ ਗੀਤ ਬਣਿਆ ਅਤੇ ਨਾਲ ਹੀ ਇਸ ਗੀਤ ਕਰਕੇ ਅੱਜ ਵੀ ਗੁਲਸ਼ਨ ਕੋਮਲ ਨੂੰ ਪਹਿਚਾਣਿਆ ਜਾਂਦਾ ਹੈ। ਸਦਾਬਹਾਰ ਇਹ ਗੀਤ ਗੁਲਸ਼ਨ ਕੋਮਲ ਦੇ ਪਤੀ ਸ: ਮਹਿੰਦਰ ਸਿੰਘ ਕੋਮਲ ਜੀ ਦਾ ਲਿਖਿਆ ਹੋਇਆ ਸੀ ਤੇ ਇਸ ਦੀ ਧੁਨ ਵੀ ਮਹਿੰਦਰ ਸਿੰਘ ਕੋਮਲ ਜੀ ਨੇ ਹੀ ਬਣਾਈ ਸੀ। ਗੀਤ ਦੇ ਬੋਲ ਹਨ 'ਕੱਢਣਾ ਰੁਮਾਲ ਦੇ ਗਿਓ ਵੇ ਆਪ ਬਹਿ ਗਿਓ ਵਲਾਇਤ ਵਿੱਚ ਜਾ ਕੇ'।

ਯਸ਼ ਲੁਧਿਆਣਵੀ ਨਾਲ ਪਹਿਲਾ ਗੀਤ ਰਿਕਾਰਡ ਕਰਾਉਣ ਤੋਂ ਬਾਅਦ ਹੋਰ ਜਿਨ੍ਹਾਂ ਗਾਇਕਾ ਨਾਲ ਗੁਲਸ਼ਨ ਕੋਮਲ ਦੇ ਰਿਕਾਰਡ ਹੋਏ ਗੀਤ ਮਿਲਦੇ ਹਨ, ਉਨ੍ਹਾਂ ਵਿਚੋਂ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਕਰਨੈਲ ਗਿੱਲ, ਜਗਜੀਤ ਜੀਰਵੀ, ਕੁਲਦੀਪ ਪਾਰਸ, ਹਰਦਿਆਲ ਪਰਵਾਨਾ ਦੇ ਨਾਂ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਉਂਦੇ ਹਨ। ਅਖਾੜਾ ਗਾਇਕੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਗੁਲਸ਼ਨ ਕੋਮਲ ਨੇ ਕਿਸੇ ਇੱਕ ਗਾਇਕ ਨਾਲ ਪੱਕਾ ਸੈੱਟ ਨਹੀ ਬਣਾਇਆ ਸੀ, ਜਿਵੇ ਉਨ੍ਹਾਂ ਦਿਨਾਂ ਵਿਚ ਮਸ਼ਹੂਰ ਦੋਗਾਣਾ ਜੋੜੀਆਂ ਹੁੰਦੀਆਂ ਸਨ। ਯਸ਼ ਲੁਧਿਆਣਵੀ ਤੋਂ ਬਾਅਦ ਜਿਨ੍ਹਾਂ ਲੋਕ ਗਾਇਕਾਂ ਨਾਲ ਗੁਲਸ਼ਨ ਨੇ ਸਟੇਜ 'ਤੇ ਗਾਉਣਾ ਸ਼ੁਰੂ ਕੀਤਾ, ਉਨ੍ਹਾਂ ਵਿਚ ਲੋਕ ਗਾਇਕ ਕੁਲਦੀਪ ਮਾਣਕ ਨਾਲ ਗੁਲਸ਼ਨ ਨੇ ਸਭ ਤੋਂ ਪਹਿਲਾਂ ਗਾਉਣਾ ਸ਼ੁਰੂ ਕੀਤਾ ਅਤੇ ਲਗਭਗ ਡੇਢ ਦੋ ਸਾਲ ਇਹ ਜੋੜੀ ਅਖਾੜਾ ਗਾਇਕੀ ਵਿਚ ਸਰਗਰਮ ਰਹੀ। ਇਸ ਦੌਰਾਨ ਗੁਲ਼ਸ਼ਨ ਕੋਮਲ ਅਤੇ ਕੁਲਦੀਪ ਮਾਣਕ ਦੇ ਰਿਕਾਰਡ ਕੀਤੇ ਕਈ ਗੀਤ ਬਹੁਤ ਹਿੱਟ ਹੋਏ। ਪਰ ਇਨ੍ਹਾਂ ਦੀ ਜੋੜੀ ਪੱਕੀ ਨਾ ਬਣ ਸਕੀ। ਕੁਲਦੀਪ ਮਾਣਕ ਤੋਂ ਬਾਅਦ ਗੁਲਸ਼ਨ ਨੇ ਸੁਰਿੰਦਰ ਛਿੰਦੇ ਨਾਲ ਗਾਉਣਾ ਸ਼ੁਰੂ ਕੀਤਾ। ਸਭ ਤੋਂ ਵੱਧ ਅਖਾੜਾ ਗਾਇਕੀ ਵਿਚ ਜੇਕਰ ਕਿਸੇ ਗਾਇਕ ਨਾਲ ਗੁਲਸ਼ਨ ਜੀ ਨੇ ਗਾਇਆ, ਤਾਂ ਉਹ ਸੁਰਿੰਦਰ ਛਿੰਦੇ ਨਾਲ ਲਗਭਗ ਦਸ ਸਾਲ ਤੱਕ ਗਾਇਆ। ਗੁਲਸ਼ਨ ਜੀ ਦੇ ਸਭ ਤੋਂ ਵੱਧ ਗੀਤਾਂ ਦੀ ਰਿਕਾਰਡਿੰਗ ਵੀ ਸੁਰਿੰਦਰ ਛਿੰਦੇ ਨਾਲ ਹੀ ਮਿਲਦੀ ਹੈ। ਇਸ ਤੋਂ ਬਾਅਦ ਗੁਲਸ਼ਨ ਅਤੇ ਕਰਨੈਲ ਗਿੱਲ ਵੀ ਦੋ ਕੁ ਸਾਲ ਇਕੱਠਿਆ ਗਾਉਂਦੇ ਰਹੇ।

ਸੱਠ ਦੇ ਪਿਛਲੇ ਦਹਾਕੇ ਤੋਂ ਗਾਇਕੀ ਦੀ ਸ਼ੁਰਆਤ ਕਰਨ ਤੋਂ ਲੈ ਕੇ ਅੱਸੀ ਦੇ ਦਹਾਕੇ ਤੱਕ ਗੁਲਸ਼ਨ ਕੋਮਲ ਨੇ ਪੰਜਾਬੀ ਲੋਕ ਗਾਇਕੀ ਵਿਚ ਆਪਣਾ ਅਲੱਗ ਮੁਕਾਮ ਬਣਾਇਆ। ਪੰਜਾਬ ਦੇ ਹਰ ਸ਼ਹਿਰ ਕਸਬੇ ਅਤੇ ਪਿੰਡਾਂ ਵਿਚ ਗੁਲਸ਼ਨ ਦੀ ਆਵਾਜ਼ ਗੂੰਜੀ, ਬਾਹਰਲੇ ਦੇਸ਼ਾਂ ਜਿਨ੍ਹਾਂ ਵਿਚ ਇੰਗਲੈਂਡ, ਕੈਨੇਡਾ, ਅਮਰੀਕਾ, ਬੈਲਜੀਅਮ, ਆਸਟ੍ਰੇਲੀਆ ਵਿਚ ਵੀ ਗੁਲਸ਼ਨ ਨੇ ਆਪਣੀ ਗਾਇਕੀ ਦੇ ਰੰਗ ਬਿਖੇਰੇ। ਲਗਭਗ ਤਿੰਨ ਦਹਾਕੇ ਤੱਕ ਗਾਉਣ ਤੋਂ ਬਾਅਦ ਗੁਲਸ਼ਨ ਨੇ ਗਾਇਕੀ ਨੂੰ ਅਲਵਿਦਾ ਆਖ ਦਿੱਤਾ ਤੇ ਆਸਟ੍ਰੇਲੀਆ ਵਿਆਹੀ ਆਪਣੀ ਧੀ ਕੋਲ ਜਾ ਵੱਸੇ।

ਨੱਬੇ ਦੇ ਦਹਾਕੇ ਵਿਚ ਪੰਜਾਬੀ ਗਾਇਕੀ ਨੂੰ ਅਲਵਿਦਾ ਆਖ ਚੁੱਕੇ ਗੁਲਸ਼ਨ ਕੋਮਲ ਜੀ ਸਾਲ 2018 ਵਿਚ ਇੱਕ ਵਾਰ ਫਿਰ ਗਾਇਕੀ ਦੇ ਖੇਤਰ ਵਿਚ ਦੁਬਾਰਾ ਸਰਗਰਮ ਹੋਏ। ਸਾਲ 2018 ਵਿਚ ਗੁਲਸ਼ਨ ਜੀ ਦਾ ਪਹਿਲਾ ਗੀਤ ਅਣਜੰਮੀਆਂ ਧੀਆਂ ਰਿਲੀਜ਼ ਹੋਇਆ, ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਹਾਲ ਹੀ ਵਿਚ ਉਨ੍ਹਾਂ ਦਾ ਨਵਾਂ ਦੋਗਾਣਾਂ ਗੀਤ ਡੀਮਾਂਡ ਰਿਲੀਜ਼ ਹੋਇਆ, ਜਿਸ ਨੂੰ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਸ਼ਾਮ ਹੀਰ ਸਤਵੀਰ ਦਾ ਲਿਖਿਆ, ਸੰਗੀਤਬੱਧ ਕੀਤਾ ਅਤੇ ਗੁਲਸ਼ਨ ਕੋਮਲ ਅਤੇ ਸ਼ਾਮ ਹੀਰ ਸਤਵੀਰ ਦੀਆਂ ਆਵਾਜ਼ਾਂ ਵਿਚ ਗਾਇਆ ਇਹ ਗੀਤ, ਜਿਸ ਦੇ ਬੋਲ ਹਨ 'ਜੇਠ ਤਪਾਉਂਦਾ ਏ, ਸ਼ਿਮਲੇ ਲੈ ਕੇ ਜਾ ਸੱਜਣਾ' ਸਰੋਤਿਆਂ ਨੂੰ ਬੇਹੱਦ ਪਸੰਦ ਆ ਰਿਹਾ ਹੈ।

ਲੁਧਿਆਣਾ ਸ਼ਹਿਰ ਵਿਖੇ ਆਪਣੇ ਪੁੱਤਰ, ਨੂੰਹ ਅਤੇ ਪੋਤੇ ਪੋਤੀਆਂ ਨਾਲ ਸੁੱਖੀ ਪਰਿਵਾਰਿਕ ਜ਼ਿੰਦਗੀ ਮਾਣ ਰਹੇ ਗੁਲਸ਼ਨ ਕੋਮਲ ਜੀ ਆਪਣੀ ਗਾਇਕੀ ਦੇ ਮੌਜੂਦਾ ਦੌਰ ਤੋਂ ਬੇਹੱਦ ਖੁਸ਼ ਅਤੇ ਸੰਤੁਸ਼ਟ ਹਨ। ਉਨ੍ਹਾਂ ਦੀ ਗਾਇਕੀ ਨੂੰ ਪੁਰਾਣੀ ਪੀੜ੍ਹੀ ਦੇ ਨਾਲ-ਨਾਲ ਅੱਜ ਦੀ ਨਵੀਂ ਪੀੜ੍ਹੀ ਵੀ ਪਸੰਦ ਕਰ ਰਹੀ ਹੈ। ਵਧੀਆ ਸੁਭਾਅ ਦੇ ਮਾਲਿਕ, ਸਾਦਾ ਅਤੇ ਨਿਮਰ ਸ਼ਖਸੀਅਤ ਦੇ ਮਾਲਿਕ ਗੁਲਸ਼ਨ ਕੋਮਲ ਜੀ ਹਮੇਸ਼ਾ ਤੰਦਰੁਸਤ ਅਤੇ ਚੜ੍ਹਦੀ ਕਲਾ ਵਿਚ ਰਹਿਣ ਇਹੀ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ।

# ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵਿਗਿਆਨ

ਸਰਬਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA



ਸਿੱਖ ਪੰਥ ਦੇ ਕੇਂਦਰੀ ਅਸਥਾਨ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਜਿਨ੍ਹਾਂ ਦੀ ਉਸਾਰੀ ਗੁਰੂ ਸਾਹਿਬ ਜੀ ਨੇ ਆਪਣੀ ਦੇਖ-ਰੇਖ ਹੇਠ ਕਰਵਾਈ ਸੀ। ਦਰਬਾਰ ਸਾਹਿਬ ਜੀ ਦੀ ਨੀਂਹ 1 ਮਾਘ, ਮਾਘ ਵਦੀ 5, ਸੰਮਤ 1645 ਬਿਕ੍ਰਮੀ (28 ਦਸੰਬਰ 1588 ਈ: ਜੂਲੀਅਨ) ਦਿਨ ਸ਼ਨਿੱਚਰਵਾਰ ਨੂੰ ਰੱਖੀ ਗਈ ਸੀ। ਅੱਜ ਵੀ ਇਹ ਦਿਹਾੜਾ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿਚ 1 ਮਾਘ (12 ਜਨਵਰੀ) ਦਾ ਹੀ ਦਰਜ ਹੈ। ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਹੀ ਦਰਜ ਕਰਦੀ ਅਤੇ ਮਨਾਉਂਦੀ ਹੈ। ਨਾਨਕਸ਼ਾਹੀ ਕੈਲੰਡਰ ਵਿਚ ਵੀ ਇਸੇ ਪ੍ਰਵਿਸ਼ਟੇ ਭਾਵ 1 ਮਾਘ ਨੂੰ ਮੁੱਖ ਰੱਖਿਆ ਗਿਆ ਹੈ। ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ, ਭਾਵ ਥੜ੍ਹਾ ਸਾਹਿਬ ਦੀ ਉਸਾਰੀ ਦਾ ਆਰੰਭ 18 ਹਾੜ, ਹਾੜ ਵਦੀ 5, ਸੰਮਤ 1662 ਬਿਕ੍ਰਮੀ ਦਿਨ ਐਤਵਾਰ (15 ਜੂਨ 1606 ਈ: ਜੂਲੀਅਨ) ਨੂੰ ਹੋਇਆ ਸੀ। ਨਾਨਕਸ਼ਾਹੀ ਕੈਲੰਡਰ ਵਿਚ ਅੱਜ ਵੀ ਇਹ ਦਿਹਾੜਾ 18 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ ਤੋਂ (ਸੰਮਤ 535 ਨਾਨਕਸ਼ਾਹੀ/ਮਾਰਚ 2003 ਈ:) ਅੱਜ ਤਾਂਈ, ਹਰ ਸਾਲ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ 1 ਮਾਘ ਨੂੰ ਹੀ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ 535 ਨਾਨਕਸ਼ਾਹੀ (2003-04 ਈ:) ਤੋਂ ਸੰਮਤ 554 ਨਾਨਕਸ਼ਾਹੀ (2022-23) ਤੀਕ 18 ਹਾੜ ਨੂੰ ਮਨਾਇਆ ਜਾਂਦਾ ਰਿਹਾ ਹੈ। ਯਾਦ ਰਹੇ, ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਸੰਮਤ 542 ਨਨਾਕਸ਼ਾਹੀ ਵਿਚ (ਮਾਰਚ 2010 ਈ:) ਰੱਦ ਕਰਕੇ, ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਸੀ। ਪਰ ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਵਿਸ਼ਟਾ ਨਾਨਕਸ਼ਾਹੀ ਕੈਲੰਡਰ ਮੁਤਾਬਕ 18 ਹਾੜ ਹੀ ਰੱਖਿਆ ਸੀ।

ਅਕਾਲ ਤਖਤ ਸਾਹਿਬ ਜੀ ਨਾਲ ਸਬੰਧਿਤ ਹੀ ਇਕ ਹੋਰ ਦਿਹਾੜਾ ਹੈ ਉਹ ਹੈ, ਮੀਰੀ-ਪੀਰੀ ਦਿਵਸ। ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਦੋ ਤਲਵਾਰਾਂ, 6 ਸਾਵਣ, ਹਾੜ ਸੁਦੀ 10, ਸੰਮਤ 1663 ਬਿਕ੍ਰਮੀ (5 ਜੁਲਾਈ 1606 ਈ: ਜੂਲੀਅਨ) ਦਿਨ ਸ਼ਨਿੱਚਰਵਾਰ ਨੂੰ ਧਾਰਨ ਕੀਤੀਆ ਗਈਆ ਸਨ। ਨਾਨਕਸ਼ਾਹੀ ਕੈਲੰਡਰ ਵਿਚ ਇਹ ਦਿਹਾੜਾ 6 ਸਾਵਣ (21 ਜੁਲਾਈ) ਦਾ ਹੀ ਦਰਜ ਹੈ। ਸ਼੍ਰੋਮਣੀ ਕਮੇਟੀ ਨੇ ਮਾਰਚ 2010 ਈ: ਵਿਚ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ ਇਹ ਦਿਹਾੜਾ 6 ਸਾਵਣ ਦਾ ਹੀ ਰੱਖਿਆ ਸੀ। ਪਰ ਮਾਰਚ 2015 ਈ: ਵਿਚ ਛਾਪੇ ਕੈਲੰਡਰ (547 ਨ: ਸ:) ਵਿਚ ਇਹ ਦਿਹਾੜਾ 11 ਸਾਵਣ (26 ਜੁਲਾਈ) ਦਾ ਦਰਜ ਕਰ ਦਿੱਤਾ। ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਸ ਦਿਨ ਹਾੜ ਸੁਦੀ 10 ਸੀ। ਭਾਵ ਕਿ ਬਿਨਾਂ ਕਿਸੇ ਸਲਾਹ-ਮਸ਼ਵਰੇ ਦੇ, ਮੀਰੀ ਪੀਰੀ ਦਿਵਸ ਦੀ ਤਾਰੀਖ 6 ਸਾਵਣ ਤੋਂ ਬਦਲ ਕੇ ਹਾੜ ਸੁਦੀ 10 ਲਿਖ ਦਿੱਤੀ ਗਈ। ਇਸ ਦਾ ਕਾਰਨ ਜਾਨਣ ਲਈ, ਮੇਰੇ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਲਿਖੇ ਪੱਤਰ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

ਹੁਣ ਇਕ ਨਵੀ ਸਮੱਸਿਆ ਸਾਹਮਣੇ ਆ ਖੜ੍ਹੀ ਹੋਈ। ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ 18 ਹਾੜ ਅਤੇ ਮੀਰੀ ਪੀਰੀ ਦਿਵਸ ਵਦੀ-ਸੁਦੀ ਮੁਤਾਬਕ, ਹਾੜ ਸੁਦੀ 10 ਹੋਣ ਕਾਰਨ, ਹਰ ਸਾਲ ਇਨ੍ਹਾਂ ਦੋਵਾਂ ਦਿਹਾੜਿਆਂ ਦੇ ਦਿਨਾਂ ਦਾ ਅੰਤਰ ਵੱਖ-ਵੱਖ ਹੋਣਾ ਸੁਭਾਵਕ ਹੀ ਸੀ। ਹੈਰਾਨੀ ਤਾਂ ਕਮੇਟੀ ਵੱਲੋਂ ਛਾਪੇ ਗਏ ਸੰਮਤ 552 ਨਾਨਕਸ਼ਾਹੀ (ਮਾਰਚ 2020 ਈ:) ਦੇ ਕੈਲੰਡਰ ਨੂੰ ਵੇਖ ਕੇ ਹੋਈ, ਜਿਸ ਵਿਚ ਮੀਰੀ ਪੀਰੀ ਦਿਵਸ 17 ਹਾੜ ਅਤੇ ਸਿਰਜਣਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ 18 ਹਾੜ ਦਾ ਦਰਜ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਸੰਮਤ 554 ਨਾਨਕਸ਼ਾਹੀ ਦਾ ਕੈਲੰਡਰ ਜਾਰੀ ਕਰਨ ਪਿੱਛੋਂ, ਮੇਰੇ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਇਕ ਪੱਤਰ (14 ਮਾਰਚ 2022) ਲਿਖਿਆ ਗਿਆ ਸੀ। ਜਿਸ ਵਿਚ ਕਈ ਹੋਰ ਨੁਕਤਿਆਂ ਦੇ ਨਾਲ-ਨਾਲ ਉਪਰੋਕਤ ਪ੍ਰਵਿਸ਼ਟਿਆਂ (17 ਹਾੜ ਅਤੇ 18 ਹਾੜ) ਦਾ ਜ਼ਿਕਰ ਵੀ ਕੀਤਾ ਗਿਆ ਸੀ ਅਤੇ ਇਹ ਵੀ ਲਿਖਿਆ ਗਿਆ ਸੀ ਕਿ, "ਜੇ ਅਜੇ ਵੀ ਨਾ ਜਾਗੇ ਤਾਂ ਧਰਮ ਪ੍ਰਚਾਰ ਕਮੇਟੀ ਨੇ ਅਗਲੇ ਸਾਲ (ਸੰਮਤ 555 ਨਾਨਕਸ਼ਾਹੀ) ਦੇ ਕੈਲੰਡਰ ਵਿਚ ਮੀਰੀ-ਪੀਰੀ ਦਾ ਦਿਹਾੜਾ, ਥੜ੍ਹਾ ਸਾਹਿਬ ਦੀ ਉਸਾਰੀ (18 ਹਾੜ) ਤੋਂ 4 ਦਿਨ ਪਹਿਲਾ ਦਾ (14 ਹਾੜ) ਦਰਜ ਕਰ ਦੇਣਾ ਹੈ। ਦੱਸੋ, ਨਵੀਂ ਪੀੜ੍ਹੀ ਇਸ ਤੋਂ ਕੀ ਸੇਧ ਲਵੇਗੀ?"। ਮੈਨੂੰ ਆਸ ਸੀ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਅਗਲੇ ਸਾਲ ਤੋਂ ਮੀਰੀ-ਪੀਰੀ ਦਿਵਸ ਨੂੰ ਅਸਲ ਪ੍ਰਵਿਸ਼ਟੇ ਮੁਤਾਬਕ 6 ਸਾਵਣ ਦਾ ਦਰਜ ਕਰੇਗੀ। ਪਰ ਹੋਇਆ ਇਸ ਤੋਂ ਉਲਟ, ਕਮੇਟੀ ਨੇ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ 18 ਹਾੜ ਤੋਂ ਬਦਲ ਕੇ ਵਦੀ-ਸੁਦੀ ਮੁਤਾਬਕ ਹਾੜ ਵਦੀ 5 ਦਾ ਦਰਜ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 14 ਮਾਰਚ 2010 ਈ: ਤੋਂ ਲਾਗੂ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕ ਗਿਣਤ ਸਿਧਾਂਤ), ਜਿਸ ਨੂੰ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ (ਭਾਈ ਹਰਨਾਮ ਸਿੰਘ ਧੁੰਮਾ ਅਤੇ ਜਥੇਦਾਰ ਅਵਤਾਰ ਸਿੰਘ ਮੱਕੜ) ਦੇ ਨਾਮ ਨਾਲ (ਧੁਮੱਕੜਸ਼ਾਹੀ ਕੈਲੰਡਰ) ਯਾਦ ਕੀਤਾ ਜਾਂਦਾ ਹੈ, ਵਿਚ ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ (ਸਾਲ ਦੀ ਲੰਬਾਈ 354.37 ਦਿਨ, ਚੌਥੇ ਸਾਲ 385 ਦਿਨ) ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਈ 1964 ਈ: ਤੋਂ ਪਹਿਲਾ 365.2587 ਦਿਨ ਅਤੇ 1964 ਈ: ਤੋਂ ਪਿੱਛੋਂ 365.2563 ਦਿਨ) ਅਤੇ ਕੁਝ ਦਿਹਾੜੇ ਅੰਗਰੇਜ਼ੀ ਕੈਲੰਡਰ (ਸਾਲ ਦੀ ਲੰਬਾਈ 1752 ਈ: ਤੋਂ ਪਹਿਲਾ 365.25 ਦਿਨ, ਪਿੱਛੋਂ 365.2425 ਦਿਨ) ਦਰਜ ਕੀਤੇ ਜਾਂਦੇ ਹਨ। ਯਾਦ ਰਹੇ ਜੂਲੀਅਨ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਰਿਹਾ। ਅੰਗਰੇਜ਼ਾਂ ਦੇ ਆਉਣ ਪਿੱਛੋਂ ਆਪਣੇ ਦੇਸ਼ ਵਿਚ ਗਰੈਗੋਰੀਅਨ ਕੈਲੰਡਰ (365.2425 ਦਿਨ) ਹੀ ਆਇਆ ਸੀ।

ਹੁਣ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਹਰ ਸਾਲ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਦਿਹਾੜਾ ਪ੍ਰਵਿਸ਼ਟਿਆ ਮੁਤਾਬਕ 1 ਮਾਘ ਨੂੰ ਮਨਾਉਣ ਨਾਲ ਜੇ ਕੋਈ ਮਰਿਯਾਦਾ ਭੰਗ ਨਹੀਂ ਹੋਈ, ਤਾਂ ਸਿਰਜਣਾ ਦਿਵਸ ਅਕਾਲ ਤਖਤ ਸਾਹਿਬ 18 ਹਾੜ ਅਤੇ ਮੀਰੀ ਪੀਰੀ ਦਿਵਸ 6 ਸਾਵਣ ਨੂੰ ਮਨਾਉਣ ਨਾਲ ਗੁਰਮਤਿ ਅਤੇ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋਵੇਗੀ? ਖਾਲਸਾ ਜੀ ਜਾਗੋਂ!

| ਸੰਮਤ ਨ: ਸ: | ਨੀਂਹ ਪੱਥਰ ਦਿਵਸ ਦਰਬਾਰ ਸਾਹਿਬ | ਸਿਰਜਣਾ ਦਿਵਸ ਅਕਾਲ ਤਖ਼ਤ ਸਾਹਿਬ | ਮੀਰੀ ਪੀਰੀ ਦਿਵਸ |
|---|---|---|---|
| 549 | 1 ਮਾਘ | 18 ਹਾੜ | 19 ਹਾੜ |
| 550 | 1 ਮਾਘ | 18 ਹਾੜ | 7 ਸਾਵਣ |
| 551 | 1 ਮਾਘ | 18 ਹਾੜ | 27 ਹਾੜ |
| 552 | 1 ਮਾਘ | 18 ਹਾੜ | 17 ਹਾੜ |
| 553 | 1 ਮਾਘ | 18 ਹਾੜ | 4 ਸਾਵਣ |
| 554 | 1 ਮਾਘ | 18 ਹਾੜ | 25 ਹਾੜ |
| 555 | 1 ਮਾਘ | 25 ਜੇਠ | 14 ਹਾੜ |
| 556 | 1 ਮਾਘ | 13 ਹਾੜ | 1 ਸਾਵਣ |
| 557 | 1 ਮਾਘ | 2 ਹਾੜ | 21 ਹਾੜ |
| 558 | 1 ਮਾਘ | 21 ਹਾੜ | 9 ਸਾਵਣ |

| | |
|---|---|
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | ੧੧ ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੧੫ ਹਾੜ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੧੭ ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ੧੮ ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੩੧ ਹਾੜ |

# 21st Century ROAD to Housing Act ਕੀ ਹੈ?

## ਕੀ ਅਮਰੀਕਾ ਵਿਚ ਘਰ ਹੋ ਜਾਣਗੇ ਸਸਤੇ?

ਅਮਰੀਕੀ ਕਾਂਗਰਸ ਨੇ 2026 ਵਿਚ ਇੱਕ ਮਹੱਤਵਪੂਰਨ ਦਲ-ਵਿਰੋਧੀ (**Bipartisan**) ਹਾਊਸਿੰਗ ਬਿੱਲ **21st Century ROAD to Housing Act** ਪਾਸ ਕੀਤਾ ਹੈ। **ROAD** ਦਾ ਅਰਥ ਹੈ "**Renewing Opportunity in the American Dream**"। ਇਸ ਕਾਨੂੰਨ ਦਾ ਮੁੱਖ ਮਕਸਦ ਅਮਰੀਕਾ ਵਿਚ ਘਰਾਂ ਦੀ ਘਾਟ ਨੂੰ ਘਟਾਉਣਾ, ਨਵੇਂ ਘਰਾਂ ਦੀ ਉਸਾਰੀ ਨੂੰ ਤੇਜ਼ ਕਰਨਾ ਅਤੇ ਘਰ ਖਰੀਦਣਾ ਆਮ ਲੋਕਾਂ ਲਈ ਆਸਾਨ ਬਣਾਉਣਾ ਹੈ।

ਇਹ ਬਿੱਲ ਉਸ ਵੇਲੇ ਆਇਆ ਹੈ, ਜਦੋਂ ਅਮਰੀਕਾ ਵਿਚ ਘਰਾਂ ਦੀਆਂ ਕੀਮਤਾਂ, ਕਿਰਾਏ ਅਤੇ ਮੋਰਟਗੇਜ ਰੇਟ ਕਈ ਪਰਿਵਾਰਾਂ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਹਾਊਸਿੰਗ ਮਾਹਿਰਾਂ ਦਾ ਮੰਨਣਾ ਹੈ ਕਿ ਦੇਸ਼ ਵਿਚ ਲੱਖਾਂ ਘਰਾਂ ਦੀ ਕਮੀ ਹੈ, ਜਿਸ ਕਾਰਨ ਕੀਮਤਾਂ ਉੱਚੀਆਂ ਰਹੀਆਂ ਹਨ।

ਇਸ ਕਾਨੂੰਨ ਦੇ ਤਹਿਤ ਵੱਡੀਆਂ ਵਾਲ ਸਟ੍ਰੀਟ ਨਿਵੇਸ਼ ਕੰਪਨੀਆਂ ਅਤੇ ਸੰਸਥਾਗਤ ਨਿਵੇਸ਼ਕਾਂ 'ਤੇ ਰੋਕ ਲਗਾਈ ਗਈ ਹੈ। ਜੇਕਰ ਕੋਈ ਕੰਪਨੀ 350 ਜਾਂ ਇਸ ਤੋਂ ਵੱਧ ਸਿੰਗਲ-ਫੈਮਿਲੀ ਘਰਾਂ 'ਤੇ ਕੰਟਰੋਲ ਰੱਖਦੀ ਹੈ, ਤਾਂ ਉਨ੍ਹਾਂ ਲਈ ਨਵੇਂ ਸਿੰਗਲ-ਫੈਮਿਲੀ ਘਰ ਖਰੀਦਣ 'ਤੇ ਪਾਬੰਦੀਆਂ ਹੋਣਗੀਆਂ। ਕਾਨੂੰਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਘਰ ਪਰਿਵਾਰਾਂ ਲਈ ਉਪਲਬਧ ਰਹਿਣ, ਨਾ ਕਿ ਵੱਡੀਆਂ ਕਾਰਪੋਰੇਸ਼ਨਾਂ ਲਈ ਨਿਵੇਸ਼ ਦਾ ਸਾਧਨ ਬਣ ਜਾਣ।

ਬਿੱਲ ਵਿਚ ਨਵੇਂ ਘਰ ਬਣਾਉਣ ਲਈ ਪਰਮਿਟ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਕੁਝ ਵਾਤਾਵਰਣੀ ਸਮੀਖਿਆਵਾਂ ਨੂੰ ਸਰਲ ਬਣਾਉਣ ਦੇ ਪ੍ਰਬੰਧ ਵੀ ਹਨ, ਤਾਂ ਜੋ ਡਿਵੈਲਪਰਾਂ ਲਈ ਘਰ ਬਣਾਉਣਾ ਆਸਾਨ



ਹੋਵੇ ਅਤੇ ਹਾਊਸਿੰਗ ਸਪਲਾਈ ਵਧ ਸਕੇ।

ਇਸ ਤੋਂ ਇਲਾਵਾ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਛੋਟੇ ਮੋਰਟਗੇਜ ਲੋਨ ਦੀ ਪਹੁੰਚ ਵਧਾਉਣ ਲਈ ਨਵੇਂ ਪਾਇਲਟ ਪ੍ਰੋਗਰਾਮ ਸ਼ੁਰੂ ਕਰਨ ਦੀ ਵੀ ਯੋਜਨਾ ਹੈ। ਕੁਝ ਪੁਰਾਣੇ ਬੈਂਕਿੰਗ ਨਿਯਮਾਂ ਵਿਚ ਸੋਧ ਕਰਕੇ ਕਮਿਊਨਿਟੀ ਬੈਂਕਾਂ ਨੂੰ ਹੋਰ ਮੋਰਟਗੇਜ ਲੋਨ ਦੇਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਹਾਲਾਂਕਿ ਮਾਹਿਰ ਇਹ ਵੀ ਕਹਿੰਦੇ ਹਨ ਕਿ ਇਸ ਕਾਨੂੰਨ ਨਾਲ ਘਰਾਂ ਦੀਆਂ ਕੀਮਤਾਂ ਰਾਤੋ-ਰਾਤ ਘੱਟ ਨਹੀਂ ਹੋਣਗੀਆਂ। ਮੋਰਟਗੇਜ ਰੇਟ, ਮਹਿੰਗਾਈ, ਜ਼ਮੀਨ ਦੀਆਂ ਕੀਮਤਾਂ ਅਤੇ ਉਸਾਰੀ ਦੇ ਖਰਚੇ ਅਜੇ ਵੀ ਵੱਡੇ ਕਾਰਕ ਹਨ। ਪਰ ਲੰਬੇ ਸਮੇਂ ਵਿਚ ਜੇਕਰ ਨਵੇਂ ਘਰਾਂ ਦੀ ਸਪਲਾਈ ਵਧਦੀ ਹੈ, ਤਾਂ ਮਾਰਕੀਟ 'ਤੇ ਦਬਾਅ ਘੱਟ ਹੋ ਸਕਦਾ ਹੈ ਅਤੇ ਕੀਮਤਾਂ ਵਿਚ ਸਥਿਰਤਾ ਆ ਸਕਦੀ ਹੈ।

ਰੀਅਲ ਅਸਟੇਟ ਉਦਯੋਗ ਅਤੇ ਕਈ ਹਾਊਸਿੰਗ ਸੰਸਥਾਵਾਂ ਨੇ ਇਸਨੂੰ ਪਿਛਲੇ ਤਿੰਨ ਦਹਾਕਿਆਂ ਵਿਚ ਸਭ ਤੋਂ ਮਹੱਤਵਪੂਰਨ ਹਾਊਸਿੰਗ ਸੁਧਾਰਾਂ ਵਿਚੋਂ ਇੱਕ ਦੱਸਿਆ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਇਹ "ਅਮਰੀਕਨ ਡ੍ਰੀਮ" ਨੂੰ ਮੁੜ ਆਮ ਪਰਿਵਾਰਾਂ ਦੀ ਪਹੁੰਚ ਵਿਚ ਲਿਆਉਣ ਵੱਲ ਇੱਕ ਵੱਡਾ ਕਦਮ ਹੈ।

**21st Century Road to Housing Act** ਘਰਾਂ ਨੂੰ ਤੁਰੰਤ ਸਸਤਾ ਨਹੀਂ ਕਰੇਗਾ, ਪਰ ਇਹ ਘਰਾਂ ਦੀ ਸਪਲਾਈ ਵਧਾਉਣ, ਵੱਡੀਆਂ ਨਿਵੇਸ਼ ਕੰਪਨੀਆਂ ਦੀ ਹਿੱਸੇਦਾਰੀ ਘਟਾਉਣ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੌਕੇ ਵਧਾਉਣ ਵੱਲ ਇੱਕ ਵੱਡੀ ਕੋਸ਼ਿਸ਼ ਹੈ। ਜੇ ਇਹ ਕਾਨੂੰਨ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੁੰਦਾ ਹੈ, ਤਾਂ ਆਉਣ ਵਾਲੇ ਸਾਲਾਂ ਵਿਚ ਅਮਰੀਕੀ ਹਾਊਸਿੰਗ ਮਾਰਕੀਟ ਵਿਚ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲ ਸਕਦੇ ਹਨ।

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
ਪੰਜਾਬ ਮੇਲ USA



# ਐੱਸ.ਆਈ.ਆਰ. (ਵਿਸ਼ੇਸ਼ ਗਹਿਰੀ ਸੁਧਾਈ)

ਐੱਸ.ਆਈ.ਆਰ. ਵਿਸ਼ੇਸ਼ ਮੁਹਿੰਮ ਹੈ, ਜਿਸ ਵਿਚ ਚੋਣ ਕਮਿਸ਼ਨ ਵੋਟਰ ਸੂਚੀਆਂ ਦੀ ਜਾਂਚ ਕਰਦਾ ਹੈ। ਇਸ ਸੂਚੀ ਵਿਚ ਨਵੇਂ ਵੋਟਰ ਜੋੜੇ ਜਾਂਦੇ ਹਨ ਤੇ ਜਿਨ੍ਹਾਂ ਦੀ ਦੋ ਜਗ੍ਹਾ 'ਤੇ ਵੋਟ ਹੈ, ਜਾਂ ਇਨਸਾਨ ਮਰ ਗਿਆ ਹੈ, ਉਹ ਵੋਟ ਰੱਦ ਹੋ ਜਾਂਦੀ ਹੈ। ਐੱਸ.ਆਈ.ਆਰ. ਯਕੀਨੀ ਬਣਾਉਂਦਾ ਹੈ ਕਿ ਵੋਟਰ ਸੂਚੀ ਵਿਚ ਸਿਰਫ਼ ਯੋਗ ਤੇ ਅਸਲੀ ਵੋਟਰ ਦੇ ਨਾਮ ਹੀ ਹਨ। ਦੋਹਰੀ ਵੋਟਾਂ ਦੀ ਪਛਾਣ ਕਰਕੇ ਇੱਕ ਵੋਟ ਰੱਦ ਕੀਤੀ ਜਾ ਸਕਦੀ ਹੈ। ਪੰਜਾਬ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਨੂੰ ਲੈ ਕੇ ਤਿਆਰੀਆਂ ਤਾਂ ਪਹਿਲਾਂ ਹੀ ਚੱਲ ਰਹੀਆਂ ਸਨ, ਪਹਿਲਾਂ ਬੀ.ਐੱਲ.ਓਜ਼ ਵੱਲੋਂ ਮੈਪ ਬਣਾਏ ਗਏ। ਜੋ 2003 ਦੀ ਵੋਟਰ ਸੂਚੀ ਹੈ, ਉਸ ਵਿਚ ਚੋਣ ਅਧਿਕਾਰੀ ਤੁਹਾਡੇ ਨਾਂ ਨੂੰ ਤੁਹਾਡੇ ਪਰਿਵਾਰ ਦੇ ਮੈਂਬਰਾਂ ਦੇ ਨਾਮ ਨਾਲ ਲਿੰਕ ਕਰ ਸਕਦੇ ਹਨ। ਇਸ ਨੂੰ ਵੋਟ ਮੈਪਿੰਗ ਵੀ ਕਿਹਾ ਜਾਂਦਾ ਹੈ। ਹੁਣ 25 ਜੂਨ ਤੋਂ ਬੀ.ਐੱਲ.ਓਜ਼ ਘਰ-ਘਰ ਜਾ ਕੇ ਵੋਟਰ ਤਸਦੀਕ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇੱਕ ਫਾਰਮ ਜਿਸ 'ਤੇ ਫੋਟੋ ਲੱਗੀ ਹੋਈ ਹੈ, ਉਸ ਵਿਚ






ਪੰਜਾਬ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਨੂੰ ਲੈ ਕੇ ਤਿਆਰੀਆਂ ਤਾਂ ਪਹਿਲਾਂ ਹੀ ਚੱਲ ਰਹੀਆਂ ਸਨ, ਪਹਿਲਾਂ ਬੀ.ਐੱਲ.ਓਜ਼ ਵੱਲੋਂ ਮੈਪ ਬਣਾਏ ਗਏ। ਜੋ 2003 ਦੀ ਵੋਟਰ ਸੂਚੀ ਹੈ, ਉਸ ਵਿਚ ਚੋਣ ਅਧਿਕਾਰੀ ਤੁਹਾਡੇ ਨਾਂ ਨੂੰ ਤੁਹਾਡੇ ਪਰਿਵਾਰ ਦੇ ਮੈਂਬਰਾਂ ਦੇ ਨਾਮ ਨਾਲ ਲਿੰਕ ਕਰ ਸਕਦੇ ਹਨ। ਇਸ ਨੂੰ ਵੋਟ ਮੈਪਿੰਗ ਵੀ ਕਿਹਾ ਜਾਂਦਾ ਹੈ। ਹੁਣ 25 ਜੂਨ ਤੋਂ ਬੀ.ਐੱਲ.ਓਜ਼ ਘਰ-ਘਰ ਜਾ ਕੇ ਵੋਟਰ ਤਸਦੀਕ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਉਮੀਦਵਾਰ ਨੂੰ ਆਪਣੇ ਆਧਾਰ ਕਾਰਡ, ਵੋਟਰ ਆਈ.ਡੀ. ਨੰਬਰ ਭਰ ਕੇ ਦੇਣਾ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਵਾਰ-ਵਾਰ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਤਿੰਨ ਵਾਰ ਬੀ.ਐੱਲ.ਓਜ਼ ਘਰ ਆਉਣਗੇ। ਜੇ ਘਰ ਨੂੰ ਤਾਲਾ ਲੱਗਿਆ ਹੋਇਆ ਹੈ, ਤਾਂ ਬੀ.ਐੱਲ.ਓਜ਼ ਸਟੀਕਰ ਲਗਾ ਕੇ ਜਾਣਗੇ। ਫਾਰਮ ਨਾਲ ਜਿਹੜੇ ਤੁਸੀਂ ਆਪਣੇ ਕਾਗਜ਼ ਨੱਥੀ ਕਰਨੇ ਹਨ, ਉਹ ਦਸਵੀਂ ਸਰਟੀਫਿਕੇਟ, ਪੈਨ ਕਾਰਡ, ਜਨਮ ਸਰਟੀਫਿਕੇਟ, ਜਾਤੀ ਸਰਟੀਫਿਕੇਟ ਜਾਂ ਘਰ ਦੀ ਰਜਿਸਟਰੀ ਜਾਂ ਇੰਤਕਾਲ। ਜੇ ਤੁਹਾਡਾ 2003 ਦੀ ਸੂਚੀ ਵਿਚ ਨਾ ਦਰਜ ਨਹੀਂ ਹੈ, ਤਾਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਫਿਰ ਆਪਣੇ ਦਸਤਾਵੇਜ਼ ਲਗਾ ਕੇ ਆਪਣੀ ਵੋਟ ਬਣਵਾ ਸਕਦੇ ਹੋ। ਐੱਸ.ਆਈ.ਆਰ. ਦੌਰਾਨ ਗੈਰ ਕਾਨੂੰਨੀ ਤੌਰ 'ਤੇ ਵੋਟ ਕੱਟਣ ਜਾਂ ਸ਼ਾਮਲ ਕਰਨ 'ਤੇ ਇਤਰਾਜ਼ ਜਤਾਇਆ ਜਾ ਸਕਦਾ ਹੈ। ਬੀ.ਐੱਲ.ਓਜ਼ ਤੁਹਾਡੇ ਹਰ ਇੱਕ ਸਵਾਲਾਂ ਦੇ ਜਵਾਬ ਦੇਣਗੇ। ਜੇਕਰ ਹੁਣ ਕੋਈ ਵਿਅਕਤੀ ਵਿਦੇਸ਼ ਦੀ ਨਾਗਰਿਕਤਾ ਲੈ ਕੇ ਬੈਠ ਗਿਆ ਹੈ, ਤਾਂ ਉਹ ਦੋ ਦੇਸ਼ਾਂ ਦੀ ਨਾਗਰਿਕਤਾ ਨਹੀਂ ਲੈ ਸਕਦਾ। ਜਿਹੜੇ ਪੰਜਾਬੀ ਵਿਦੇਸ਼ਾਂ ਵਿਚ ਹਜੇ ਕੱਚੇ ਹਨ, ਜਿਨ੍ਹਾਂ ਕੋਲ ਭਾਰਤੀ ਪਾਸਪੋਰਟ ਹੈ, ਉਹ ਭਾਰਤ ਵਿਚ ਵੋਟ ਦੇ ਹੱਕਦਾਰ ਹਨ। ਵਿਦੇਸ਼ ਗਏ ਵਿਅਕਤੀਆਂ ਦੇ ਪਰਿਵਾਰਿਕ ਮੈਂਬਰ ਜੇ ਬੀ.ਐੱਲ.ਓਜ਼ ਨੂੰ ਸਾਰੀ ਜਾਣਕਾਰੀ ਸਹੀ ਦਿੰਦੇ ਹਨ, ਤਾਂ ਬੀ.ਐੱਲ.ਓਜ਼ ਉਨ੍ਹਾਂ ਦੀ ਵੋਟਰ ਸੂਚੀ ਦੇ ਨਾਂ ਨਹੀਂ ਕੱਟ ਸਕਦਾ। ਪ੍ਰਵਾਸੀਆਂ ਨੂੰ ਪੰਜਾਬ ਵਿਚ ਵੋਟਰ ਕਾਰਡ ਬਣਵਾਉਣ ਲਈ ਇਥੋਂ ਦਾ ਜਿਵੇਂ -ਰੈਂਟ ਐਗਰੀਮੈਂਟ, ਪਾਣੀ ਜਾਂ ਬਿਜਲੀ ਜਾਂ ਟੈਲੀਫੋਨ ਦਾ ਬਿੱਲ, ਕਿਸੇ ਵੀ ਸਰਕਾਰੀ ਬੈਂਕ ਦੀ ਪਾਸ ਬੁੱਕ ਪਰੂਫ ਵਜੋਂ ਦੇਣੇ ਪੈਣਗੇ। ਅਕਤੂਬਰ ਦੇ ਪਹਿਲੇ ਹਫਤੇ ਵੋਟਰ ਸੂਚੀ ਜਨਤਕ ਕਰ ਦਿੱਤੀ ਜਾਵੇਗੀ। ਜਿਹੜੇ ਯੋਗ ਵੋਟਰ ਹੋਣਗੇ, ਉਨ੍ਹਾਂ ਦਾ ਸੂਚੀ ਵਿਚ ਨਾਮ ਆਏਗਾ। ਅਸੀਂ ਆਪਣੇ ਫਰਜ਼ਾਂ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਈਏ, ਤਾਂ ਜੋ ਇਹ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹੇ।

# "ਗੋਲ ਗੱਪਿਆਂ ਦਾ ਪਾਣੀ"

## ਵਿਅੰਗ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



ਕਮਲ ਕੁਮਾਰ ਕੇਜਰੀਵਾਲ ਜੀ ਇਲਾਕੇ ਦੇ ਮੰਨੇ ਪ੍ਰਮੰਨੇ ਆੜ੍ਹਤੀ ਸਨ। ਉਨ੍ਹਾਂ ਨੇ ਪੋਤੇ ਦੇ ਜਨਮ ਦਿਨ 'ਤੇ ਚਾਰ-ਪੰਜ ਜੱਟ ਯਾਰ ਸੱਦ ਲਏ, ਪਰ ਕੰਮ ਸੀ ਵੈਸ਼ਣੋ। ਖਾ-ਖਾ ਚਾਟ ਪਾਪੜੀ ਤੇ ਪੀ-ਪੀ ਫੈਂਟਾ ਯਾਰ ਆਫਰ ਗਏ। ਜਨਮ ਦਿਨ ਦੀ ਪਾਰਟੀ ਵਿਚ ਆਏ ਹੋਏ ਸਾਰੇ ਮਹਿਮਾਨਾਂ ਨੇ ਸਨੈਕਸ ਦਾ ਆਨੰਦ ਮਾਣਿਆ। ਹਸਬ ਜ਼ਰੂਰਤ ਸਭ ਨੇ ਖਾਧਾ। ਉੱਧਰ ਡੀ.ਜੇ. ਵਾਲੇ ਨੇ ਗੀਤ ਚਲਾਏ... ਹੈਪੀ ਬਰਥਡੇ ਟੂ ਯੂ..., ਤੁਮ ਜੀਓ ਹਜ਼ਾਰੋਂ ਸਾਲ ਸਾਲ ਕੇ ਦਿਨ ਹੋਂ ਪਚਾਸ ਹਜ਼ਾਰ... ਵਗੈਰਾ-ਵਗੈਰਾ। ਮਹਿਮਾਨਾਂ ਵਿਚੋਂ ਕਿਸੇ ਨੇ ਫਰਮਾਇਸ਼ ਕੀਤੀ ਅਤੇ ਗੀਤ ਸ਼ੁਰੂ ਹੋਇਆ... ਪਰ੍ਹੇ ਹੋ ਜਾ ਸੋਹਣੀਏ ਸਾਡੀ ਰੇਲ ਗੱਡੀ ਆਈ। ਸਾਰਾ ਟੱਬਰ ਛੁਕ-ਛੁਕ ਕਰਕੇ ਰੇਲ ਚਲਾਉਣ ਲੱਗੇ। ਲਾਲਾ ਕਮਲ ਕੇਜਰੀਵਾਲ ਜੀ ਇੰਜਣ ਬਣ ਗਏ ਅਤੇ ਪ੍ਰੀਵਾਰ ਸਮੇਤ ਮਹਿਮਾਨ ਡੱਬੇ ਬਣ ਗਏ। ਸਾਰੇ ਵਿਹੜੇ ਵਿਚ ਰੇਲ ਦੀ ਭੂਤਨੀ ਘੁਮਾਉਣ ਲੱਗੇ। ਲਾਲਾ ਜੀ ਪਰ੍ਹੇ ਬੈਠੇ ਦੋਸਤਾਂ ਨੂੰ ਬੁਲਾਉਣ, ਆ ਜਾਉ ਬਾਈ ਜੀ, ਆ ਜਾਉ, ਆਪਾਂ ਗਾਣੇ ਦਾ ਆਨੰਦ ਮਾਣ ਕੇ ਕੇਕ ਕੱਟਾਂਗੇ ਅਤੇ ਫਿਰ ਡਿਨਰ ਕਰਾਂਗੇ, ਆ ਜਾਉ, ਰੇਲ ਚਲਾਈਏ। ਬਾਬਾ ਬਖਤੌਰਾ ਕਹਿੰਦਾ, ਯਾਰਾਂ ਦੀ ਰੇਲ ਗੋਲਗੱਪਿਆਂ ਦੇ ਪਾਣੀ ਨਾਲ ਨਹੀਂ ਚੱਲਦੀ, ਇਹਨੂੰ ਚਲਾਉਣਾ ਹੈ, ਤਾਂ ਰੰਮ-ਰੂੰਮ ਦਾ ਇੰਤਜ਼ਾਮ ਕਰ। ਲਾਲਾ ਜੀ ਕਹਿੰਦੇ, ਰਾਮ ਰਾਮ ਰਾਮ ਰਾਮ, ਉਏ ਪਤੰਦਰੋ, ਅਸੀਂ ਤਾਂ ਗੰਢੇ ਲਸਣ ਵੀ ਨਹੀਂ ਖਾਂਦੇ, ਤੁਸੀਂ ਦਾਰੂ ਭਾਲਦੇ ਓ।



# ਸਿੱਖੀ ਸਿੱਖਿਆ ਗੁਰ ਵੀਚਾਰਿ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ? ਤੁਹਾਡੇ ਪਾਸ ਕੀ ਹੈ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀਂ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸ਼ੀਂਹ ਮੁਕੱਦਮ ਕੁੱਤੇ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ:

"ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੇ ਜਿਤ ਅੰਤ ਪਛੋਤਾਈਐ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੋ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰ ਨਾਮੈ ਕੇ ਹੋਵਉ ਜੋੜੀ, ਗੁਰ ਮੁਖਿ ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਏ, ਨਾਨਕ
ਕਿਛ ਸੁਣੀਐ, ਕਿਛੁ ਕਹੀਐ"॥



# ਭਾਰਤ ਦਾ ਗ੍ਰੈਜੂਏਟ ਬੂਮ: ਕੀ ਹਰ ਕਿਸੇ ਲਈ ਕਾਫ਼ੀ ਨੌਕਰੀਆਂ ਹਨ?

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA






ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਵਾਲੇ ਦੇਸ਼ਾਂ ਵਿਚੋਂ ਇੱਕ ਹੈ। ਹਰ ਸਾਲ ਲੱਖਾਂ ਵਿਦਿਆਰਥੀ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਗ੍ਰੈਜੂਏਟ ਹੋ ਕੇ ਨੌਕਰੀਆਂ ਅਤੇ ਬਿਹਤਰ ਭਵਿੱਖ ਦੀਆਂ ਉਮੀਦਾਂ ਨਾਲ ਬਾਹਰ ਨਿਕਲਦੇ ਹਨ। ਉੱਚ ਸਿੱਖਿਆ ਦੇ ਖੇਤਰ ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਹੋਏ ਵੱਡੇ ਵਿਸਥਾਰ ਨੇ ਸਿੱਖਿਆ ਨੂੰ ਹੋਰ ਲੋਕਾਂ ਤੱਕ ਪਹੁੰਚਾਇਆ ਹੈ। ਪਰ ਇਸ ਦੇ ਨਾਲ ਇੱਕ ਮਹੱਤਵਪੂਰਨ ਸਵਾਲ ਵੀ ਉੱਠ ਰਿਹਾ ਹੈ — ਕੀ ਭਾਰਤ ਦੀ ਅਰਥਵਿਵਸਥਾ ਇੰਨੇ ਵੱਡੇ ਪੱਧਰ 'ਤੇ ਤਿਆਰ ਹੋ ਰਹੇ ਗ੍ਰੈਜੂਏਟਾਂ ਨੂੰ ਰੁਜ਼ਗਾਰ ਦੇ ਸਕਦੀ ਹੈ?

ਅੱਜ ਭਾਰਤ ਵਿਚ ਡਿਗਰੀਧਾਰਕ ਨੌਜਵਾਨਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ, ਪਰ ਉਨ੍ਹਾਂ ਲਈ ਉਚਿਤ ਨੌਕਰੀਆਂ ਦੀ ਉਪਲਬਧਤਾ ਉਸੇ ਗਤੀ ਨਾਲ ਨਹੀਂ ਵਧ ਰਹੀ। ਇਸ ਕਾਰਨ ਬੇਰੁਜ਼ਗਾਰੀ ਅਤੇ ਅਧੂਰੇ ਰੁਜ਼ਗਾਰ ਦੀ ਸਮੱਸਿਆ ਸਾਹਮਣੇ ਆ ਰਹੀ ਹੈ। ਕਈ ਗ੍ਰੈਜੂਏਟ ਅਜਿਹੀਆਂ ਨੌਕਰੀਆਂ ਕਰਨ ਲਈ ਮਜਬੂਰ ਹਨ, ਜਿਨ੍ਹਾਂ ਲਈ ਉੱਚ ਸਿੱਖਿਆ ਦੀ ਲੋੜ ਹੀ ਨਹੀਂ ਹੁੰਦੀ, ਜਦਕਿ ਕੁਝ ਸਾਲਾਂ ਤੱਕ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿਚ ਲੱਗੇ ਰਹਿੰਦੇ ਹਨ।

ਇਸ ਸਥਿਤੀ ਦਾ ਇੱਕ ਵੱਡਾ ਕਾਰਨ ਸਿੱਖਿਆ ਅਤੇ ਉਦਯੋਗ ਦੀਆਂ ਲੋੜਾਂ ਵਿਚਕਾਰ ਮੌਜੂਦ ਖਾਈ ਹੈ। ਬਹੁਤ ਸਾਰੇ ਨਿਯੋਗਦਾਤਾ ਮੰਨਦੇ ਹਨ ਕਿ ਡਿਗਰੀ ਹੋਣ ਦੇ ਬਾਵਜੂਦ ਕਈ ਉਮੀਦਵਾਰਾਂ ਕੋਲ ਲੋੜੀਂਦੇ ਵਿਹਾਰਕ ਹੁਨਰ, ਸੰਚਾਰ ਯੋਗਤਾ, ਸਮੱਸਿਆ ਹੱਲ ਕਰਨ ਦੀ ਸਮਰੱਥਾ ਅਤੇ ਤਕਨੀਕੀ ਗਿਆਨ ਦੀ ਘਾਟ ਹੁੰਦੀ ਹੈ। ਇਸ ਨੂੰ "ਸਕਿੱਲ ਗੈਪ" ਕਿਹਾ ਜਾਂਦਾ ਹੈ।

ਭਾਰਤੀ ਸਮਾਜ ਵਿਚ ਲੰਮੇ ਸਮੇਂ ਤੋਂ ਇਹ ਧਾਰਨਾ ਰਹੀ ਹੈ ਕਿ ਸਫਲਤਾ ਦਾ ਰਸਤਾ ਕੇਵਲ ਯੂਨੀਵਰਸਿਟੀ ਦੀ ਡਿਗਰੀ ਰਾਹੀਂ ਹੀ ਜਾਂਦਾ ਹੈ। ਇਸ ਕਾਰਨ ਵੋਕੇਸ਼ਨਲ ਅਤੇ ਤਕਨੀਕੀ ਸਿੱਖਿਆ ਨੂੰ ਉਹ ਮਾਣ ਨਹੀਂ ਮਿਲਿਆ, ਜੋ ਮਿਲਣਾ ਚਾਹੀਦਾ ਸੀ। ਜਦਕਿ ਅੱਜ ਦੇ ਸਮੇਂ ਵਿਚ ਇਲੈਕਟ੍ਰੀਸ਼ਨ, ਟੈਕਨੀਸ਼ੀਅਨ, ਮਸ਼ੀਨ ਓਪਰੇਟਰ, ਡਾਟਾ ਵਿਸ਼ਲੇਸ਼ਕ ਅਤੇ ਹੋਰ ਹੁਨਰ-ਆਧਾਰਿਤ ਪੇਸ਼ਿਆਂ ਦੀ ਮੰਗ ਵਧ ਰਹੀ ਹੈ।

ਭਾਰਤ ਦੀ ਅਰਥਵਿਵਸਥਾ ਤੇਜ਼ੀ ਨਾਲ ਵਧ ਰਹੀ ਹੈ, ਪਰ ਰੁਜ਼ਗਾਰ ਸਿਰਜਣ ਦੀ ਗਤੀ ਹਮੇਸ਼ਾਂ ਇਸ ਦੇ ਨਾਲ ਕਦਮ ਮਿਲਾ ਕੇ ਨਹੀਂ ਚੱਲੀ। ਸੂਚਨਾ ਤਕਨਾਲੋਜੀ, ਡਿਜ਼ੀਟਲ ਸੇਵਾਵਾਂ ਅਤੇ ਵਿੱਤੀ ਖੇਤਰ ਵਿਚ ਮੌਕੇ ਵਧੇ ਹਨ, ਪਰ ਇਹ ਖੇਤਰ ਸੀਮਤ ਗਿਣਤੀ ਵਿਚ ਹੀ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਦੂਜੇ ਪਾਸੇ, ਨਿਰਮਾਣ ਖੇਤਰ ਅਜੇ ਵੀ ਇੰਨੀ ਵੱਡੀ ਗਿਣਤੀ ਵਿਚ ਨੌਕਰੀਆਂ ਪੈਦਾ ਨਹੀਂ ਕਰ ਸਕਿਆ, ਜਿੰਨੀ ਲੋੜ ਹੈ।

ਹਾਲਾਂਕਿ ਤਸਵੀਰ ਪੂਰੀ ਤਰ੍ਹਾਂ ਨਿਰਾਸ਼ਾਜਨਕ ਨਹੀਂ ਹੈ। ਕ੍ਰਿਤ੍ਰਿਮ ਬੁੱਧੀ (ਏ.ਆਈ.), ਡਾਟਾ ਸਾਇੰਸ, ਬਾਇਓਟੈਕਨਾਲੋਜੀ, ਨਵਿਆਉਣਯੋਗ ਊਰਜਾ, ਸਿਹਤ ਸੇਵਾਵਾਂ ਅਤੇ ਸੈਮੀਕੰਡਕਟਰ ਉਦਯੋਗ ਵਰਗੇ ਖੇਤਰ ਨਵੇਂ ਮੌਕੇ ਪੈਦਾ ਕਰ ਰਹੇ ਹਨ। ਪਰ ਇਨ੍ਹਾਂ ਖੇਤਰਾਂ ਵਿਚ ਸਫਲਤਾ ਲਈ ਸਿਰਫ਼ ਡਿਗਰੀ ਨਹੀਂ, ਸਗੋਂ ਵਿਸ਼ੇਸ਼ ਹੁਨਰਾਂ ਦੀ ਵੀ ਲੋੜ ਹੈ।

ਸਮੱਸਿਆ ਦਾ ਹੱਲ ਸਿੱਖਿਆ ਅਤੇ ਉਦਯੋਗ ਵਿਚਕਾਰ ਬਿਹਤਰ ਤਾਲਮੇਲ ਵਿਚ ਲੁਕਿਆ ਹੋਇਆ ਹੈ। ਯੂਨੀਵਰਸਿਟੀਆਂ ਨੂੰ ਆਪਣੇ ਪਾਠਕ੍ਰਮਾਂ ਨੂੰ ਆਧੁਨਿਕ ਉਦਯੋਗਿਕ ਲੋੜਾਂ ਅਨੁਸਾਰ ਅਪਡੇਟ ਕਰਨਾ ਹੋਵੇਗਾ। ਇੰਟਰਨਸ਼ਿਪ, ਅਪਰੈਂਟਿਸਸ਼ਿਪ ਅਤੇ ਹੁਨਰ-ਆਧਾਰਿਤ ਸਿਖਲਾਈ ਨੂੰ ਸਿੱਖਿਆ ਦਾ ਅਹਿਮ ਹਿੱਸਾ ਬਣਾਉਣਾ ਹੋਵੇਗਾ। ਨਾਲ ਹੀ, ਵੋਕੇਸ਼ਨਲ ਸਿੱਖਿਆ ਨੂੰ ਵੀ ਡਿਗਰੀਆਂ ਦੇ ਬਰਾਬਰ ਮਾਣ ਦਿੱਤਾ ਜਾਣਾ ਚਾਹੀਦਾ ਹੈ।

ਅੰਤ ਵਿਚ, ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਭਾਰਤ "ਬਹੁਤ ਜ਼ਿਆਦਾ" ਗ੍ਰੈਜੂਏਟ ਪੈਦਾ ਕਰ ਰਿਹਾ ਹੈ। ਅਸਲ ਚੁਣੌਤੀ ਇਹ ਹੈ ਕਿ ਸਿੱਖਿਆ ਪ੍ਰਣਾਲੀ, ਹੁਨਰ ਵਿਕਾਸ ਅਤੇ ਰੁਜ਼ਗਾਰ ਬਾਜ਼ਾਰ ਵਿਚਕਾਰ ਸੰਤੁਲਨ ਅਜੇ ਵੀ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋਇਆ। ਜੇਕਰ ਇਹ ਤਾਲਮੇਲ ਸੁਧਾਰਿਆ ਜਾਵੇ, ਤਾਂ ਭਾਰਤ ਦੀ ਵਿਸ਼ਾਲ ਨੌਜਵਾਨ ਅਤੇ ਪੜ੍ਹੀ-ਲਿਖੀ ਆਬਾਦੀ ਦੇਸ਼ ਦੀ ਸਭ ਤੋਂ ਵੱਡੀ ਤਾਕਤ ਬਣ ਸਕਦੀ ਹੈ।

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ, ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ, ਜੋ ਤੱਪਦੇ ਸੰਸਾਰ ਵਿਚ ਠੰਢ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ-ਉਤਸ਼ਾਹ ਵਿਚ ਦੀਨ-ਦਯਾ ਹਿੱਤ ਬੀਰ-ਰੱਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਨ੍ਹਾਂ ਦੀ ਸਿਆਣਪ ਨੂੰ ਵੇਖ ਕੇ ਬਾਲ-ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।

ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਗਸਤ 7 ਜੁਲਾਈ 1656 ਨੂੰ ਸੀਸ-ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਸਾਹਿਬ ਜੀ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਵਿਰਾਜਮਾਨ ਹੋਏ।

ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਸਾਹਿਾਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਹਿਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੇ ਜਥੇਬੰਧਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ, ਜਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵੱਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਸਿੱਖ ਧਰਮ ਅਪਣਾਉਣਗੇ। ਮੁਗਲ ਬਾਦਸ਼ਾਹ ਔਰੰਗਜੇਬ ਬਹਾਨੇ ਨਾਲ ਸਿੱਖਾਂ ਦੀ ਤਾਕਤ ਨੂੰ ਪਰਖਣਾ ਚਾਹੁੰਦਾ ਸੀ। ਉਸ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ, ਗੁਰੂ ਹਰਿਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸ਼ਚੈ 'ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫਜ਼ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਪਤਾ ਲੱਗਾ ਕਿ ਬਾਣੀ ਦੀ ਤੁੱਕ ਬਦਲਣ ਦੀ ਅਵੱਗਿਆ ਹੋਈ ਹੈ, ਤਾਂ ਉਨ੍ਹਾਂ ਨੇ ਆਪਣੇ ਦ੍ਰਿੜ੍ਹ ਇਰਾਦੇ ਨਾਲ ਫੈਸਲਾ ਕੀਤਾ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹੈ।

ਧਰਮ ਪ੍ਰਤੀ ਇਸ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ-ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੂੰ 50 ਘੋੜਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ।



ਧਰਮ ਪ੍ਰਤੀ ਇਸ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ-ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੂੰ 50 ਘੋੜਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ।

ਤਦ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਬੇਨਤੀ ਭੇਜੀ, ਤਾਂ ਤੁਰੰਤ ਰਜ਼ਾਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਜੀ 'ਪੰਜਖੋਰਾ' ਪਿੰਡ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਮੇਰੇ ਨਾਲ ਸ਼ਾਸਤਰ-ਹੱਥ ਕਰ ਲਉ। ਗੀਤਾ ਦੇ ਅਰਥ ਕਰਕੇ ਸੁਣਾਉ। ਗੁਰੂ ਜੀ ਨੇ ਪੰਡਿਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ, ਸਗੋਂ ਜੀਵਨ ਨੂੰ ਸਾਵੀਂ-ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚ ਅਗਿਆਨਤਾ ਦਾ ਨਾਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ। ਤਾਂ ਜੋ ਧਾਰਮਿਕ, ਰਾਜਨੀਤਿਕ, ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਉ, ਤੁਹਾਨੂੰ ਤੁਹਾਡਾ ਉੱਤਰ ਮਿਲ ਜਾਵੇਗਾ। ਪੰਡਿਤ ਲੰਗਰਾਂ ਦੀ ਜਲ ਦੀ ਸੇਵਾ ਕਰਦੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਿਤ ਨੇ ਜੋ ਵੀ ਪੁੱਛਿਆ, ਛੱਜੂ ਨੇ ਉਸ ਦਾ ਉੱਤਰ ਦੇ ਦਿੱਤਾ, ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਤੇ ਗੁਣਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਅੱਜਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰੱਥ ਗੁਰੂ ਹੈ, ਤਾਂ ਮੈਨੂੰ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿਚ ਮੈਂ ਕਿੱਥੇ ਹਾਂ? ਗੁਰੂ ਪਾਤਿਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ-ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪੱਖੋਂ ਜਾਂ ਉਮਰ ਪੱਖੋਂ ਨਹੀਂ ਪਰਖਿਆ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ, ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਿਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦੱਸਿਆ। ਸੰਗਤਾਂ ਨੂੰ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਸੁਣਾਇਆ ਕਿ ਅਗਲਾ ਗੁਰੂ 'ਬਾਬਾ ਬਕਾਲਾ' ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਗਤ 1721 ਮੁਤਾਬਕ 30 ਮਾਰਚ, 1664 ਨੂੰ ਜੋਤੀ ਜੋਤਿ ਸਮਾਂ ਗਏ। ਆਪ ਜੀ ਦੀ ਵਿਦਾਇਗੀ ਮੌਜੂਦਾ ਗੁਰਦੁਆਰਾ 'ਬਾਲਾ ਸਾਹਿਬ' ਦਿੱਲੀ ਵਿਖੇ ਹੋਈ।

ਵਰਣਨਯੋਗ ਹੈ ਕਿ ਆਪ ਬਾਲ ਉਮਰੇ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ, ਜੋਤਿ ਹੈ। ਸਪੱਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ, ਗੁਰੂ ਜੋਤਿ ਨਾਲ ਉਮਰ ਦਾ ਕੋਈ ਸੰਬੰਧ ਨਹੀਂ। ਢਾਈ ਸਾਲ ਦੀ ਗੁਰਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਨ੍ਹਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘਾ) ਦਿੱਲੀ ਵਿਖੇ ਡੇਰੇ ਲਾਏ, ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ-ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼, ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA



# ਮੀਰੀ-ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਿੱਖਾਂ ਦੇ ਛੇਵੇਂ ਗੁਰੂ ਸਨ। ਆਪ ਜੀ ਦਾ ਜੀਵਨ ਕਾਲ ਭਗਤੀ ਦੇ ਨਾਲ-ਨਾਲ ਜ਼ੁਲਮ ਦੇ ਖਿਲਾਫ ਸ਼ਕਤੀ ਅਤੇ ਸਵੈ-ਮਾਣ ਦਾ ਪ੍ਰਤੀਕ ਸੀ। ਆਪ ਜੀ ਨੇ ਭਗਤੀ ਦੇ ਨਾਲ-ਨਾਲ ਸ਼ਕਤੀ ਪ੍ਰਗਟ ਕਰਕੇ ਸਿੱਖ ਜਗਤ ਨੂੰ ਐਸੀ ਸੇਧ ਦਿੱਤੀ ਕਿ ਤਤਕਾਲੀ ਸਮਾਂ ਕੇਵਲ ਭਗਤੀ ਕਰਨ ਦਾ ਸਮਾਂ ਨਹੀਂ, ਭਗਤੀ ਦੇ ਨਾਲ-ਨਾਲ ਜ਼ੁਲਮ ਦਾ ਟਾਕਰਾ ਕਰਨ ਲਈ ਤਲਵਾਰ ਚੁੱਕਣੀ ਵੀ ਜ਼ਰੂਰੀ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਸਿੱਖਾਂ ਨੂੰ ਮਾਲਾ ਫੇਰਨ ਦੇ ਨਾਲ-ਨਾਲ ਤਲਵਾਰਬਾਜ਼ੀ, ਘੋੜ ਸਵਾਰੀ, ਗਤਕਾ ਆਦਿ ਦੇ ਜੌਹਰ ਵੀ ਸਿਖਾਏ, ਤਾਂ ਕਿ ਸਿੱਖਾਂ ਅੰਦਰ ਜ਼ੁਲਮ ਨਾਲ ਜੂਝਣ ਦੀ ਇੱਕ ਨਵੀਂ ਰੂਹ ਫੂਕੀ ਜਾਵੇ। ਆਉਣ ਵਾਲੇ ਸਮੇਂ ਵਿਚ ਸਿੱਖ ਆਪਣੇ ਹੱਕਾਂ ਲਈ ਲੜਨ ਤੇ ਆਪਣੇ ਹੱਕ ਪ੍ਰਾਪਤ ਕਰਨ।

ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 19 ਜੂਨ 1595 (21 ਹਾੜ) ਨੂੰ ਪਿੰਡ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਬਚਪਨ ਵਿਚ ਹੀ ਆਪ ਜੀ ਦੇ ਤਾਇਆ ਪ੍ਰਿਥੀ ਚੰਦ ਵੱਲੋਂ ਆਪ ਜੀ ਨੂੰ ਕਈ ਵਾਰ ਜਾਨੋਂ ਮਾਰਨ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ, ਪਰ ਆਪ ਅਕਾਲ ਪੁਰਖ ਦੀ ਰਹਿਮਤ ਸਦਕਾ ਵਿਰੋਧੀ ਦੀਆਂ ਚਾਲਾਂ ਤੋਂ ਬਚਦੇ ਰਹੇ। ਬਾਬਾ ਬੁੱਢਾ ਜੀ ਦੀ ਦੇਖ-ਰੇਖ ਹੇਠ ਆਪ ਜੀ ਦਾ ਪਾਲਣ-ਪੋਸ਼ਣ ਅਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਹੋਈ।

ਸੰਨ 1606 ਵਿਚ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਨਾਲ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ, ਤਾਂ ਆਪ ਜੀ ਨੇ 11 ਸਾਲ ਦੀ ਛੋਟੀ ਉਮਰ ਵਿਚ ਗੁਰਗੱਦੀ ਸੰਭਾਲੀ। ਗੁਰੂ ਸਾਹਿਬ ਨੇ ਸਿੱਖ ਕੌਮ ਵਿਚ ਸਵੈ-ਰੱਖਿਆ ਲਈ 'ਮੀਰੀ' (ਸੰਸਾਰਿਕ ਸ਼ਕਤੀ) ਅਤੇ 'ਪੀਰੀ' (ਅਧਿਆਤਮਿਕ ਸ਼ਕਤੀ) ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਆਪ ਜੀ ਨੇ 1606 ਈਸਵੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਜਨਾ ਕਰਕੇ ਦੁਨੀਆਂ ਵਿਚ ਇੱਕ ਵੱਖਰੀ ਹੋਂਦ ਪ੍ਰਗਟ ਕੀਤੀ।



ਆਪ ਜੀ ਨੇ ਕਿਹਾ, ਅੱਜ ਤੋਂ ਬਾਅਦ ਸਿੱਖ ਕਿਸੇ ਹੋਰ ਤਖਤ ਅੱਗੇ ਨਹੀਂ ਝੁਕੇਗਾ। ਗੁਰੂ ਸਾਹਿਬ ਦੇ ਅਕਾਲ ਤਖਤ ਅੱਗੇ ਆਪਾਂ ਸਮਰਪਣ ਕਰੇਗਾ। ਆਪ ਜੀ ਨੇ ਸਿੱਖਾਂ ਦੇ ਰਾਜਨੀਤਿਕ ਅਤੇ ਧਾਰਮਿਕ ਫੈਸਲਿਆਂ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ। ਆਪ ਜੀ ਦਾ ਵਧਦਾ ਪ੍ਰਭਾਵ ਅਤੇ ਚੜ੍ਹਦੀ ਕਲਾ ਦੇਖ ਕੇ ਵਿਰੋਧੀਆਂ ਦੀ ਈਰਖਾ ਅਤੇ ਸਾੜਾ ਹੋਰ ਵਧਦਾ ਗਿਆ। ਜਿਸ ਕਾਰਨ ਚੰਦੂ ਨੇ ਬਾਦਸ਼ਾਹ ਜਹਾਂਗੀਰ ਦੇ ਮਨ ਭਰਮ ਪਾ ਕੇ ਸਤਿਗੁਰੂ ਸਾਹਿਬ ਨੂੰ




ਮਾ. ਜਸਵਿੰਦਰ ਸਿੰਘ ਜਿਉਣਪੁਰਾ
ਤਹਿ ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋਬਾਇਲ : 98768-55004
ਪੰਜਾਬ ਮੇਲ USA



ਗਵਾਲੀਅਰ ਬੁਲਾਇਆ ਤੇ ਧੋਖੇ ਨਾਲ ਆਪ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ। ਉਥੇ ਵੀ ਚੰਦੂ ਵੱਲੋਂ ਸਤਿਗੁਰੂ ਨੂੰ ਜਾਨੋਂ ਮਾਰਨ ਦੇ ਕੋਝੇ ਯਤਨ ਰਚੇ ਗਏ, ਜੋ ਕਿ ਸਾਰੇ ਫੇਲ ਹੋਏ। ਆਖਰਕਾਰ ਜਹਾਂਗੀਰ ਨੂੰ ਸਤਿਗੁਰੂ ਸਾਹਿਬ ਨੂੰ ਰਿਹਾਅ ਹੀ ਕਰਨਾ ਪਿਆ। ਜਿੱਥੇ ਆਪ ਜੀ ਨੇ 52 ਰਾਜਿਆਂ ਨੂੰ ਰਿਹਾਅ ਕਰਵਾਇਆ ਅਤੇ 'ਬੰਦੀ ਛੋੜ' ਕਹਾਏ। ਬਾਦਸ਼ਾਹ ਜਹਾਂਗੀਰ ਤੋਂ ਬਾਅਦ ਬਾਦਸ਼ਾਹ ਸ਼ਾਹਜਹਾਂ ਨਾਲ ਗੁਰੂ ਹਰਗੋਬਿੰਦ ਸਾਹਿਬ ਦੇ ਚਾਰ ਜੰਗ (ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ, ਮਹਿਰਾਜ ਅਤੇ ਕਰਤਾਰਪੁਰ) ਹੋਏ ਅਤੇ ਜਿੱਤਾਂ ਪ੍ਰਾਪਤ ਕੀਤੀ। ਇਸ ਕਰਕੇ ਗੁਰੂ ਸਾਹਿਬ ਦੀ ਚਾਰੇ ਪਾਸੇ ਜੈ ਜੈਕਾਰ ਹੋਣ ਲੱਗੀ। ਗੁਰੂ ਸਾਹਿਬ ਜੀ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਸੁਭਾਏਮਾਨ ਹੋ ਕਰਕੇ ਸਿੱਖਾਂ ਨੂੰ ਹੱਕ ਦੇ ਸੱਚ ਦੇ ਲਈ ਜੂਝਣ ਦਾ ਉਪਦੇਸ਼ ਬਖਸ਼ਿਸ਼ ਕਰਦੇ। ਗੁਰੂ ਸਾਹਿਬ ਦਾ ਹੁਕਮ ਸੀ ਕਿ ਨੌਜਵਾਨ ਫੌਜ ਵਿਚ ਭਰਤੀ ਹੋਣ, ਜੇਕਰ ਕੋਈ ਕਿਸੇ ਵੀ ਤਰ੍ਹਾਂ ਦੀ ਭੇਂਟ ਕਰਨਾ ਚਾਹੁੰਦਾ ਹੈ, ਤਾਂ ਉਹ ਸ਼ਸਤਰ ਭੇਟ ਕਰੇ, ਘੋੜੇ ਭੇਟ ਕਰੇ। ਇਸ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਿੱਖ ਜਗਤ ਨੂੰ ਹੀ ਨਹੀਂ, ਸਮੁੱਚੀ ਹੀ ਲੁਕਾਈ ਨੂੰ ਬਹੁਤ ਵੱਡੀ ਦੇਣ ਹੈ ਕਿਉਂਕਿ ਭਾਰਤ ਵਿਚ ਲੰਮੇ ਅਰਸੇ ਤੋਂ ਬਾਅਦ ਜੇ ਕਿਸੇ ਨੇ ਹੱਕ ਤੇ ਸੱਚ ਦੀ ਗੱਲ ਕੀਤੀ, ਉਹ ਗੁਰੂ ਹਰਗੋਬਿੰਦ ਸਾਹਿਬ ਸਨ। ਸਾਨੂੰ ਉਨ੍ਹਾਂ ਦੇ ਪ੍ਰਕਾਸ਼ ਦਿਹਾੜੇ ਤੋਂ ਸੇਧ ਲੈ ਕੇ ਆਪਣੀ ਜੀਵਨ ਅੰਦਰ ਸੰਤ ਅਤੇ ਸਿਪਾਹੀ ਵਾਲੇ ਗੁਣ ਭਰ ਕੇ ਬਾਣੇ ਅਤੇ ਬਾਣੀ ਦੇ ਧਾਰਨੀ ਹੋ ਕੇ ਗੁਰੂ ਜੀ ਦੇ ਦੱਸੇ ਮਾਰਗ 'ਤੇ ਚੱਲਣ ਦੀ ਲੋੜ ਹੈ।

# ਕਲਾਸ ਤੋਂ ਲੈ ਕੇ ਕਾਲਮ ਤੱਕ: ਡਾ. ਵਿਜੇ ਗਰਗ ਦੀ ਪ੍ਰੇਰਨਾਦਾਇਕ ਜ਼ਿੰਦਗੀ

ਡਾ. ਵਿਜੇ ਗਰਗ ਦਾ ਜੀਵਨ ਸਿੱਖਿਆ, ਸਾਹਿਤ ਅਤੇ ਸਮਾਜ ਸੇਵਾ ਦਾ ਇੱਕ ਪ੍ਰੇਰਨਾਦਾਇਕ ਸਫ਼ਰ ਹੈ। ਗਣਿਤ ਦੇ ਅਧਿਆਪਕ ਵਜੋਂ ਆਪਣਾ ਕਰੀਅਰ ਸ਼ੁਰੂ ਕਰਨ ਵਾਲੇ ਡਾ. ਗਰਗ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਗਿਆਨ ਦਾ ਚਾਨਣ ਦਿੱਤਾ ਅਤੇ ਬਾਅਦ ਵਿਚ ਇੱਕ ਪ੍ਰਸਿੱਧ ਸਿੱਖਿਆ ਕਾਲਮਨਵੀਸ ਵਜੋਂ ਸਮਾਜ ਨੂੰ ਨਵੀਂ ਸੋਚ ਪ੍ਰਦਾਨ ਕੀਤੀ। ਉਹ ਸਿੱਖਿਆ ਵਿਭਾਗ ਵਿਚ ਲੈਕਚਰਾਰ ਅਤੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਉਣ ਤੋਂ ਬਾਅਦ ਵੀ ਸਿੱਖਿਆ ਦੇ ਖੇਤਰ ਨਾਲ ਲਗਾਤਾਰ ਜੁੜੇ ਰਹੇ ਹਨ।

ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਨੇ ਆਪਣੀ ਕਲਮ ਨੂੰ ਸਮਾਜਿਕ ਜਾਗਰੂਕਤਾ ਦਾ ਮਾਧਿਅਮ ਬਣਾਇਆ। ਸਿੱਖਿਆ, ਵਿਗਿਆਨ, ਵਾਤਾਵਰਣ, ਸਮਾਜਿਕ ਮੁੱਦਿਆਂ ਅਤੇ ਨੈਤਿਕ ਕਦਰਾਂ-ਕੀਮਤਾਂ ਬਾਰੇ ਉਨ੍ਹਾਂ ਦੇ ਹਜ਼ਾਰਾਂ ਲੇਖ ਦੇਸ਼-ਵਿਦੇਸ਼ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੀਆਂ ਅਨੇਕਾਂ ਪੁਸਤਕਾਂ ਵਿਦਿਆਰਥੀਆਂ ਲਈ ਮਾਰਗਦਰਸ਼ਕ ਸਾਬਤ ਹੋ ਰਹੀਆਂ ਹਨ।

ਡਾ. ਗਰਗ ਦਾ ਵਿਸ਼ਵਾਸ ਹੈ ਕਿ ਸਿੱਖਿਆ ਸਿਰਫ਼ ਪ੍ਰੀਖਿਆਵਾਂ ਪਾਸ ਕਰਨ ਦਾ ਸਾਧਨ ਨਹੀਂ, ਸਗੋਂ ਚੰਗੇ ਨਾਗਰਿਕ ਅਤੇ ਜ਼ਿੰਮੇਵਾਰ ਇਨਸਾਨ ਤਿਆਰ ਕਰਨ ਦਾ ਮਿਸ਼ਨ ਹੈ। ਉਹ ਡਿਜ਼ੀਟਲ ਮਾਧਿਅਮਾਂ ਰਾਹੀਂ ਵੀ ਵਿਦਿਆਰਥੀਆਂ ਤੱਕ ਗਿਆਨ ਪਹੁੰਚਾਉਣ ਅਤੇ ਉਨ੍ਹਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਪ੍ਰੇਰਿਤ ਕਰਨ ਵਿਚ ਯੋਗਦਾਨ ਪਾ ਰਹੇ ਹਨ।

ਅਸਲ ਵਿਚ, ਡਾ. ਵਿਜੇ ਗਰਗ ਦੀ ਜ਼ਿੰਦਗੀ ਇਹ ਸੰਦੇਸ਼ ਦਿੰਦੀ ਹੈ ਕਿ ਇੱਕ ਅਧਿਆਪਕ ਦੀ ਭੂਮਿਕਾ ਕਲਾਸਰੂਮ ਤੱਕ ਸੀਮਤ ਨਹੀਂ ਹੁੰਦੀ। ਜਦੋਂ ਅਧਿਆਪਕ ਆਪਣੀ ਕਲਮ ਰਾਹੀਂ ਸਮਾਜ ਨੂੰ ਜਾਗਰੂਕ ਕਰਦਾ ਹੈ, ਤਾਂ ਉਹ ਇੱਕ ਵਿਚਾਰਕ, ਮਾਰਗਦਰਸ਼ਕ ਅਤੇ ਪ੍ਰੇਰਣਾ ਸਰੋਤ ਬਣ ਜਾਂਦਾ ਹੈ। ਕਲਾਸ ਤੋਂ ਲੈ ਕੇ ਕਾਲਮ ਤੱਕ ਉਨ੍ਹਾਂ ਦਾ ਇਹ ਸਫ਼ਰ ਗਿਆਨ, ਸਮਰਪਣ ਅਤੇ ਮਨੁੱਖਤਾ ਦੀ ਇੱਕ ਬੇਮਿਸਾਲ ਮਿਸਾਲ ਹੈ।



# ਸੁਖਵਿੰਦਰ ਕੰਬੋਜ ਦਾ 'ਮਹਿਕ, ਹਵਾ ਤੇ ਬੱਦਲ' ਵਿਸਮਾਦੀ ਕਾਵਿ ਸੰਗ੍ਰਹਿ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਸੁਖਵਿੰਦਰ ਕੰਬੋਜ ਪਰਵਾਸੀ ਸ਼ਾਇਰ ਹੈ। ਉਸਦੀਆਂ ਹੁਣ ਤੱਕ ਸੱਤ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਪੰਜ ਕਾਵਿ ਸੰਗ੍ਰਹਿ, ਚਾਰ ਪੰਜਾਬੀ ਤੇ ਇੱਕ ਹਿੰਦੀ, ਇੱਕ ਅੰਗਰੇਜ਼ੀ ਅਤੇ ਇੱਕ ਰਵਿੰਦਰ ਸਹਿਰਾਅ ਅਤੇ ਕੁਲਵਿੰਦਰ ਨਾਲ ਸਹਿ ਸੰਪਾਦਨਾ ਸ਼ਾਮਲ ਹਨ। 'ਮਹਿਕ, ਹਵਾ ਤੇ ਬੱਦਲ ਉਸਦਾ ਅੱਠਵਾਂ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿਚ ਵੱਖੋ-ਵੱਖਰੇ ਰੰਗ ਬਿਖੇਰਦੀਆਂ ਉਸਦੀਆਂ 49 ਕਵਿਤਾਵਾਂ ਹਨ। ਉਸਦੇ ਕਾਵਿ ਸੰਗ੍ਰਹਿ ਦੀ ਵਿਲੱਖਣਤਾ ਹੈ ਕਿ ਇਸਦਾ ਮੁੱਖਬੰਦ ਮੋਹਨਜੀਤ ਵੱਲੋਂ ਸੁਖਵਿੰਦਰ ਕੰਬੋਜ ਦੀ ਸਮੁੱਚੀ ਜੀਵਨ ਤੇ ਕਾਵਿ ਸ਼ੈਲੀ ਦੀ ਯਾਤਰਾ ਕਵਿਤਾ 'ਦਿਨ ਬੇਲੇ ਰਾਤੀਂ ਪੱਤਣਾ 'ਤੇ' ਦੇ ਰਾਹੀਂ ਸ਼ਬਦ ਚਿੱਤਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੁਖਵਿੰਦਰ ਕੰਬੋਜ ਦਾ ਇਹ ਕਾਵਿ ਸੰਗ੍ਰਹਿ ਮੁਹੱਬਤ, ਆਸ ਦੀ ਕਿਰਨ, ਬਿਰਹਾ ਦੀ ਪੀੜ ਅਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕਰਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸੰਵੇਦਨਸ਼ੀਲ, ਵਿਸਮਾਦੀ, ਵਾਤਾਵਰਨ, ਕੁਦਰਤ, ਨਸ਼ੇ, ਬੁਰਛਾਗਰਦੀ, ਅਹਿੰਸਾ, ਇਨਸਾਨੀ ਮਾਨਸਿਕਤਾ, ਰਿਸ਼ਤਿਆਂ, ਔਰਤ ਦੀ ਮਾਨਸਿਕਤਾ ਅਤੇ ਸੰਕੇਤਕ ਸ਼ਬਦਾਵਲੀ ਵਿਚ ਹਨ। ਉਹ ਜੋ ਕਹਿਣਾ ਚਾਹੁੰਦਾ ਹੈ, ਉਸਨੂੰ ਸੰਕੇਤਕ ਢੰਗਾਂ ਨਾਲ ਲਿਖਦਾ ਹੈ, ਸਮਝਦਾਰ ਤੇ ਸੰਵੇਦਨਸ਼ੀਲ ਪਾਠਕ ਹੀ ਉਸਦੀ ਸ਼ਾਇਰੀ ਦਾ ਆਨੰਦ ਮਾਣ ਸਕਦਾ ਹੈ। ਕਈ ਕਵਿਤਾਵਾਂ ਵਿਚ ਜੰਗ ਦੀ ਤ੍ਰਾਸਦੀ ਦਾ ਸੰਤਾਪ ਪਤਾ ਲੱਗਦਾ ਹੈ। ਪਰਵਾਸ ਦੀ ਜ਼ਿੰਦਗੀ ਭਾਵੇਂ ਸਥਾਪਤ ਹੋਣ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ, ਪ੍ਰੰਤੂ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਅਜਿਹੀ ਜ਼ਿੰਦਗੀ ਦਾ ਆਨੰਦ ਮਾਨਣ ਲਈ ਪ੍ਰੇਰਤ ਕਰਦੀਆਂ ਹਨ। ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਸ਼ਾਇਰ 'ਨਵਾਂ ਸਾਲ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦਾ ਹੈ:

ਲੱਭੀਏ ਦੱਬੇ ਪੁਰਾਣੇ ਰਿਸ਼ਤੇ
ਜੋ ਖੋਹ ਗਏ ਸਨ ਰੋਟੀ ਕਮਾਉਂਦਿਆਂ/ਖਾਂਦਿਆਂ
ਲੱਭੀਏ ਫਿਰ ਕਿਰਨਾਂ
ਸੂਰਜ ਦਾ ਜੱਸ ਗਾਉਂਦੀਆਂ
ਰਾਹਾਂ ਨੂੰ ਰੁਸ਼ਨਾਉਂਦੀਆਂ।

ਸ਼ਾਇਰ ਦੀਆਂ ਬਹੁਤੀਆਂ ਕਵਿਤਾਵਾਂ ਵਿਚੋਂ ਆਸ਼ਾਵਾਦੀ ਹੋਣ ਦਾ ਸੰਕੇਤ ਬੂਹੇ ਦੀਆਂ ਝੀਤਾਂ ਵਿਚੋਂ ਆ ਰਹੀ ਰੌਸ਼ਨੀ ਦੀ ਕਿਰਨ ਦੀ ਤਰ੍ਹਾਂ ਵਿਖਾਈ ਦਿੰਦਾ ਹੈ। ਹਰ ਮੁਸ਼ਕਲ ਦੀ ਸਥਿਤੀ ਨੂੰ ਸ਼ਾਇਰ ਰੂਹ ਦੇ ਸੰਗੀਤ ਨਾਲ ਰੰਗੀਨ ਕਰ ਦਿੰਦਾ ਹੈ। 'ਪੌਣਾਂ ਦਾ ਜਾਇਆ', 'ਫ਼ੋਨ ਆਉਣ 'ਤੇ', 'ਗੁਲਾਬ', 'ਨਵਾਂ ਸਾਲ', 'ਨਵਦੀਪ ਲਈ', 'ਤੂੰ ਮੇਰੇ ਕੋਲ ਹੈਂ (ਨਵਦੀਪ ਲਈ)', 'ਮੇਰੀ ਚਾਹਤ (ਨਵਦੀਪ ਲਈ)' 'ਸੂਰਜਮੁਖੀ', 'ਮਿੱਲੀ ਲਈ' ਅਤੇ 'ਤੈਥੋਂ ਬਿਨਾਂ' ਕਵਿਤਾਵਾਂ ਇੱਕ ਪ੍ਰਵਾਸੀ ਦੀ ਜ਼ਿੰਦਗੀ ਦੇ ਝਮੇਲਿਆਂ ਵਿਚੋਂ ਖ਼ੁਸ਼ਬੋਅ ਦੀ ਕਨਸੋਅ ਦੀਆਂ ਪ੍ਰਤੀਕ ਲੱਗਦੀਆਂ ਹਨ। ਜ਼ਿੰਦਗੀ ਕੋਈ ਭਾਰ ਨਹੀਂ ਹੁੰਦੀ, ਸਗੋਂ ਉਸ ਨੂੰ ਜਿਊਣ ਦਾ ਤਰੀਕਾ ਆਉਣਾ ਚਾਹੀਦਾ ਹੈ। ਇਹ ਕਵਿਤਾਵਾਂ ਅਜਿਹੀਆਂ ਸਥਿਤੀਆਂ ਵਿਚੋਂ ਵੀ ਮੋਹ ਮੁਹੱਬਤ ਦਾ ਪ੍ਰਗਟਾਵਾ ਕਰਦੀਆਂ ਹਨ। 'ਪ੍ਰਦੇਸੀਆ' ਅਤੇ 'ਪਾਰਸ' ਕਵਿਤਾਵਾਂ ਬ੍ਰਿਹਾ ਦੀ ਪੀੜ ਦੀ ਚੀਸ ਨਾਲ ਮੋਹ ਦਾ ਦੀਵਾ ਜਗਾਉਂਦੀਆਂ ਹਨ। 'ਰੂਹ ਦੀ ਸੰਥਾ' ਕਵਿਤਾ ਵਿਚੋਂ ਬ੍ਰਿਹਾ ਦੀ ਹੂਕ ਵਿਖਾਈ ਦਿੰਦੀ ਹੈ। ਪਰਵਾਸ ਵਿਚ ਗਏ ਕੰਤ ਦੀ ਉਡੀਕ ਬ੍ਰਿਹਾ ਦੇ ਤੀਰ ਮਾਰਦੀ ਹੈ। 'ਉਡੀਕ' ਅਤੇ 'ਸੰਵੇਦਨਾ' ਕਵਿਤਾਵਾਂ ਵੀ ਸੰਵੇਦਨਸ਼ੀਲ ਹਨ, ਜਿਨ੍ਹਾਂ ਵਿਚ ਜਿਸਮਾਂ ਤੋਂ ਦੂਰ ਹੋ ਕੇ ਰੂਹ ਦੀ ਗੱਲ ਕੀਤੀ ਗਈ ਹੈ। ਇਹ ਕਵਿਤਾਵਾਂ ਜ਼ਿੰਦਗੀ ਦੀ ਜੱਦੋ-ਜਹਿਦ ਦਾ ਪ੍ਰਤੀਕ ਹਨ। ਜੰਗ ਇਨਸਾਨੀਅਤ ਲਈ ਖ਼ਤਰਨਾਕ ਬਣਦੇ ਹਨ, ਹਿੰਸਕ ਕਾਰਵਾਈਆਂ ਇਨਸਾਨੀਅਤ ਦਾ ਘਾਣ ਕਰਦੀਆਂ ਹਨ। 'ਵਾਵਰੋਲਾ' ਗੀਤ ਭਾਵੇਂ ਸ਼ਾਇਰ ਨੇ ਸੋਗੀ ਗੀਤ ਕਿਹਾ ਹੈ, ਪ੍ਰੰਤੂ ਇਸ ਗੀਤ ਨੇ ਜ਼ਿੰਦਗੀ ਦੇ ਕਈ ਪੱਖਾਂ ਲਾਲਚ ਅਤੇ ਔਰਤ ਦੀਆਂ ਭਾਵਨਾਵਾਂ ਦੇ ਭੰਡਾਰ ਦੀ ਗੱਲ ਕਰਕੇ ਛੋਹਿਆ ਹੈ। 'ਕਲਾਸ ਰੂਮ' ਵਿਚ ਦਰਸਾਇਆ ਹੈ ਕਿ ਵਿਗਿਆਨੀਆਂ ਦੇ ਸਿਧਾਂਤ ਜ਼ਿੰਦਗੀ ਜਿਊਣ ਲਈ ਕਾਫੀ ਨਹੀਂ ਹੁੰਦੇ। 'ਸਵੇਰਾਂ', 'ਮੀਂਹ ਕਿਥੇ ਪੈਂਦਾ ਹੈ', 'ਕਵਿਤਾ ਕਿਥੇ ਹੈ' ਅਤੇ 'ਸਮੁੰਦਰੀ ਬੀਚ' ਕਵਿਤਾਵਾਂ ਵਿਚ ਵੀ ਪਰਵਾਸੀ ਜ਼ਿੰਦਗੀ ਦੇ ਝਮੇਲਿਆਂ ਦੀ ਜਾਣਕਾਰੀ ਅਤੇ ਮਾਪਿਆਂ ਤੇ ਪੰਜਾਬ ਦੀ ਮਿੱਟੀ ਦਾ ਮੋਹ ਤੰਗ ਕਰਦਾ ਦਰਸਾਇਆ ਗਿਆ ਹੈ। ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਕਵਿਤਾ ਲਿਖਣ ਦੀ ਵਕਾਲਤ ਵੀ ਕੀਤੀ ਗਈ ਹੈ। 'ਧੁੱਪ ਦੇ ਗੀਤ' ਪੰਜਾਬ ਦੇ ਮਾੜੇ ਦਿਨਾਂ ਵਿਚ ਸਰਕਾਰ ਦੀਆਂ ਜ਼ਿਆਦਤੀਆਂ ਦੇ ਬਾਵਜੂਦ ਸ਼ਾਇਰ ਨੂੰ ਆਸ ਦੀ ਕਿਰਨ ਨਜ਼ਰ ਆਉਂਦੀ ਹੈ। 'ਗੁਰੂ ਦੇਵ (.. ਦੇ ਲਈ)', 'ਸਦੀ ਦੇ ਅਸਤਣ 'ਤੇ', 'ਮਾਰਕਸਵਾਦ ਦੀ ਵਾਪਸੀ' ਅਤੇ 'ਮੇਰੀ ਵਿਰਾਸਤ' ਕਵਿਤਾਵਾਂ ਸਿਆਸਤਦਾਨਾਂ ਦੇ ਸਬਜ਼ਬਾਗਾਂ ਦੇ ਲਾਰਿਆਂ, ਖ਼ੁਦਗਰਜ਼ ਲੋਕਾਂ ਦੀਆਂ ਚਾਲਾਂ, ਗ਼ਰੀਬਾਂ ਲਈ ਲਾਰੇ, ਅਮੀਰਾਂ ਦੀ ਚੌਧਰ, ਫ਼ਿਰਕਾਪ੍ਰਸਤ ਸੋਚ, ਖੱਬੇ ਤੇ ਸੱਜੇ ਪੱਖੀ ਕਾਮਰੇਡਾਂ ਦੀ ਅਸਫਲਤਾ, ਬੇਰੋਜ਼ਗਾਰੀ, ਜ਼ਾਤ-ਪਾਤ, ਧਰਮ ਦੀ ਆੜ ਅਤੇ ਝੂਠੇ ਸਮਾਜਵਾਦ ਦੀ ਦਾਸਤਾਂ ਦਰਸਾਉਂਦੀਆਂ ਹਨ। 'ਉਹ ਜ਼ਿੰਦਾ ਹੈ' ਕਵਿਤਾ ਮਾਰਕਸਵਾਦੀ ਸੋਚ ਦਾ ਪ੍ਰਤੀਕ ਹੈ। 'ਸਵੈ ਦੀ ਮੌਤ' ਅਤੇ ਟਿਕ-ਟਿਕ ਕਵਿਤਾਵਾਂ ਰਿਸ਼ਤਿਆਂ ਵਿਚ ਆਈ ਗਿਰਾਵਟ, ਕਬੀਲਿਆਂ ਦੀ ਪ੍ਰੰਪਰਾਵਾਦੀ ਸੋਚ ਦੀ ਲਖਾਇਕ ਹਨ। 'ਪਰਤ ਪੰਜ', 'ਪਰਤ ਛੇ' ਅਤੇ 'ਪਰਤ ਸੱਤ' ਸਮਾਜ ਵਿਚ ਔਰਤ ਦੀ ਹੋ ਰਹੀ ਦੁਰਗਤੀ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀਆਂ ਹਨ, ਪ੍ਰੰਤੂ ਸਮੇਂ ਦੇ ਬਦਲਦੇ ਹਾਲਾਤ ਅਨੁਸਾਰ ਔਰਤ ਦੀ ਪ੍ਰਿਯ ਨੂੰ ਮਿਲਣ ਦੀ ਆਸ ਬਰਕਰਾਰ ਰਹਿੰਦੀ ਹੈ। 'ਸਮੁੰਦਰ' ਕਵਿਤਾ ਲੋਕਾਈ ਵੱਲੋਂ ਭਾਣਾ ਮੰਨਣ ਦੀ ਪ੍ਰਵਿਰਤੀ ਦੇ ਨੁਕਸਾਨ ਦਾ ਹੰਦੇਸ਼ਾ ਕਰਦੀ ਹੈ। '..ਤੋਂ ਬਾਅਦ' ਅਤੇ 'ਮਨੁੱਖ' ਕਵਿਤਾਵਾਂ ਨਸਲੀ ਵਿਤਕਰੇ, ਧਾਰਮਿਕ ਪਵਿਤਰ ਗ੍ਰੰਥਾਂ ਤੋਂ ਭਟਕਣ, ਨਫ਼ਰਤ, ਪੈਸੇ ਕਮਾਉਣ ਲਈ ਅੰਨ੍ਹੀ ਦੌੜ, ਕਿਸਾਨਾਂ ਤੇ ਮਜ਼ਦੂਰਾਂ ਦੀ ਆਰਥਿਕ ਹਾਲਤ, ਭੂਤਰੇ ਇਨਸਾਨ ਅਤੇ ਲਾਲਚ ਨਾਲ ਜਾਇਦਾਦਾਂ ਇਕੱਤਰ ਕਰਨ ਦੇ ਢਕੌਂਸਲਿਆਂ ਦੇ ਪਰਦੇਫਾਸ਼ ਕਰਦੀਆਂ ਹਨ। 'ਕਰਨਲ ਤੇ ਜਨਰਲ', 'ਬੱਚੇ ਤੇ ਹਥਿਆਰ' ਅਤੇ 'ਸਮਾਂ ਤੇ ਸਥਾਨ' ਕਵਿਤਾਵਾਂ ਸ਼ਹੀਦ ਫ਼ੌਜੀਆਂ ਦੇ ਬੱਚਿਆਂ ਦੀ ਧੁੰਦਲੀ ਜ਼ਿੰਦਗੀ, ਜਿਨ੍ਹਾਂ ਦੇ ਭਵਿੱਖ ਸੁਰੱਖਿਅਤ ਨਹੀਂ ਅਤੇ ਜੰਗ ਦੇ ਭਿਆਨਕ ਨਤੀਜਿਆਂ ਦੇ ਸੰਤਾਪ ਦਾ ਵਰਣਨ ਕਰਦੀਆਂ ਹਨ। 'ਡਾਲਰ ਮਾਇਆ' ਕਵਿਤਾ ਵੀ ਅਤਿਅੰਤ ਸੰਵੇਦਨਸ਼ੀਲ ਹੈ, ਜਿਸ ਵਿਚ ਪਰਵਾਸ ਵਿਚ ਗਏ ਲੋਕਾਂ ਦੀਆਂ ਔਰਤਾਂ ਦੁੱਖ ਦਰਦ ਵਾਲੀ ਜ਼ਿੰਦਗੀ ਬਤੀਤ ਕਰਦੀਆਂ ਹਨ, ਪ੍ਰੰਤੂ ਉਨ੍ਹਾਂ ਦੇ ਪਿਤਾ ਡਾਲਰਾਂ ਦੇ ਲਾਲਚ ਵਿਚ ਲੱਗੇ ਰਹਿੰਦੇ ਹਨ। ਅਜਿਹੀ ਨਿਰਜ਼ਿੰਦ ਜ਼ਿੰਦਗੀ ਔਰਤਾਂ ਦੀ ਮਾਨਸਿਕਤਾ ਨੂੰ ਡਾਵਾਂਡੋਲ ਕਰ ਜਾਂਦੀ ਹੈ। 'ਪੱਥਰਾਂ ਦੇ ਇਸ ਸ਼ਹਿਰ ਵਿਚ' ਕਵਿਤਾ ਆਧੁਨਿਕ ਕੰਪਿਊਟਰ ਯੁੱਗ ਦੀ ਤ੍ਰਾਸਦੀ ਦਾ ਵਰਣਨ ਕਰਦੀ ਹੈ, ਜਿਸ ਵਿਚ ਲੱਗੇ ਬਿਹਤਰੀਨ ਕਾਬਲ ਲੋਕਾਂ ਦੇ ਆਨੰਦਮਈ ਜ਼ਿੰਦਗੀ ਜਿਊਣ ਦੇ ਸਪਨੇ ਤਹਿਸ-ਨਹਿਸ ਹੋ ਜਾਂਦੇ ਹਨ। 'ਰੁੱਖ' ਕਵਿਤਾ ਲੋਕਾਂ ਵੱਲੋਂ ਜੰਗਲਾਂ ਦੀ ਅਹਿਮੀਅਤ ਨੂੰ ਅਣਡਿੱਠ ਕਰਦਿਆਂ ਬੇਵਜ੍ਹਾ ਕਟਾਈ ਦਾ ਖ਼ਮਿਆਜ਼ਾ ਲੋਕਾਂ ਨੂੰ ਭੁਗਤਣ ਵੇਲੇ ਦੀ ਯਾਦ ਕਰਵਾਈ ਗਈ ਹੈ, ਪ੍ਰੰਤੂ ਲਾਲਚੀ ਲੋਕ ਜੰਗਲਾਂ 'ਤੇ ਕੁਹਾੜੀ ਚਲਾਕੇ ਆਪਣੇ ਪੈਰੀਂ ਖੁਦ ਕੁਹਾੜਾ ਮਾਰ ਰਹੇ ਹਨ। 'ਭਗਤ ਸਿੰਘ ਦਾ ਫ਼ੈਸਲਾ' ਕਵਿਤਾ ਵੀ ਬਹੁਤ ਹੀ ਸੰਵੇਦਨਸ਼ੀਲ ਹੈ, ਕਿਉਂਕਿ ਭਗਤ ਸਿੰਘ ਧਰਮ ਦੇ ਚੱਕਰਾਂ ਵਿਚ ਪੈ ਕੇ ਗ਼ਲਤ ਵਿਚਾਰਧਾਰਾ ਦਾ ਹਾਮੀ ਬਣਨਾ ਨਹੀਂ ਚਾਹੁੰਦਾ ਸੀ। ਸ਼ਾਇਰ ਲਿਖਦਾ ਹੈ ਕਿ ਜੇਕਰ ਉਹ ਅਜਿਹੀ ਚਾਲ ਚਲਦਾ, ਤਾਂ ਅੱਜ ਦੇ ਭ੍ਰਿਸ਼ਟ ਸਿਆਸਤਦਾਨਾਂ ਵਰਗਾ ਹੀ ਹੁੰਦਾ। 'ਪਾਗਲ ਕੁੱਤਾ' ਮਰਦ ਦੀ ਔਰਤਾਂ ਪ੍ਰਤੀ ਸਿਰਫ ਜਿਸਮਾਂ ਦੀ ਭੁੱਖ ਮਿਟਾਉਣ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। 'ਫਲੈਗ ਸਟੇਸ਼ਨ' ਅਤੇ 'ਅਸੁਰੱਖਿਅਤ ਵਿਚੋਂ' ਕਵਿਤਾਵਾਂ ਗ਼ਰੀਬ ਉਤੇ ਹੋ ਰਹੀਆਂ ਜ਼ਿਆਦਤੀਆਂ, ਨਿਰਦੋਸ਼ਾਂ ਦੇ ਕਤਲ, ਹਓਮੈ ਦਾ ਸਿਰ ਚੜ੍ਹਕੇ ਅਮਰੀਕਾ ਦੀ ਤਰ੍ਹਾਂ ਬੋਲਣਾ ਆਦਿ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦੀਆਂ ਹੋਈਆਂ ਆਸ ਦੀ ਕਿਰਨ ਪੈਦਾ ਕਰਦੀਆਂ ਹਨ, ਕਿਉਂਕਿ ਸੰਸਾਰ ਵਿਚ ਕੋਈ ਅਜਿਹਾ ਨਿਸ਼ਾਨਾ ਨਹੀਂ, ਜਿਹੜਾ ਪ੍ਰਾਪਤ ਨਹੀਂ ਹੋ ਸਕਦਾ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਸੁਖਵਿੰਦਰ ਕੰਬੋਜ ਸੰਵੇਦਨਸ਼ੀਲਤਾ ਦਾ ਮੁਜੱਸਮਾ ਹੈ, ਜਿਹੜਾ ਇਨਸਾਨੀਅਤ ਦੀਆਂ ਭਾਵਨਾਵਾਂ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ।




**ਇਹ ਕਵਿਤਾਵਾਂ ਅਜਿਹੀਆਂ ਸਥਿਤੀਆਂ ਵਿਚੋਂ ਵੀ ਮੋਹ ਮੁਹੱਬਤ ਦਾ ਪ੍ਰਗਟਾਵਾ ਕਰਦੀਆਂ ਹਨ। 'ਪ੍ਰਦੇਸੀਆ' ਅਤੇ 'ਪਾਰਸ' ਕਵਿਤਾਵਾਂ ਬ੍ਰਿਹਾ ਦੀ ਪੀੜ ਦੀ ਚੀਸ ਨਾਲ ਮੋਹ ਦਾ ਦੀਵਾ ਜਗਾਉਂਦੀਆਂ ਹਨ। 'ਰੂਹ ਦੀ ਸੰਥਾ' ਕਵਿਤਾ ਵਿਚੋਂ ਬ੍ਰਿਹਾ ਦੀ ਹੂਕ ਵਿਖਾਈ ਦਿੰਦੀ ਹੈ। ਪਰਵਾਸ ਵਿਚ ਗਏ ਕੰਤ ਦੀ ਉਡੀਕ ਬ੍ਰਿਹਾ ਦੇ ਤੀਰ ਮਾਰਦੀ ਹੈ। 'ਉਡੀਕ' ਅਤੇ 'ਸੰਵੇਦਨਾ' ਕਵਿਤਾਵਾਂ ਵੀ ਸੰਵੇਦਨਸ਼ੀਲ ਹਨ, ਜਿਨ੍ਹਾਂ ਵਿਚ ਜਿਸਮਾਂ ਤੋਂ ਦੂਰ ਹੋ ਕੇ ਰੂਹ ਦੀ ਗੱਲ ਕੀਤੀ ਗਈ ਹੈ। ਇਹ ਕਵਿਤਾਵਾਂ ਜ਼ਿੰਦਗੀ ਦੀ ਜੱਦੋ-ਜਹਿਦ ਦਾ ਪ੍ਰਤੀਕ ਹਨ। ਜੰਗ ਇਨਸਾਨੀਅਤ ਲਈ ਖ਼ਤਰਨਾਕ ਬਣਦੇ ਹਨ, ਹਿੰਸਕ ਕਾਰਵਾਈਆਂ ਇਨਸਾਨੀਅਤ ਦਾ ਘਾਣ ਕਰਦੀਆਂ ਹਨ।**

**ਸੰਪਰਕ ਸੁਖਵਿੰਦਰ ਕੰਬੋਜ : 0019253083000 93 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।**

PUNJAB MAIL USA
TV Channel, Newspaper, Radio

All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

24 Hours 7 Days




Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at
+1-916-320-9444



FOR SALE & PURCHASE OF ANY KIND OF PROPERTY



RE/MAX
RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444